ਦਾਦਾ ਭਗਵਾਨ ਕਥਿਤ

# ਪੈਸਿਆਂ ਦਾ ਵਿਹਾਰ




ਪੈਸਾ ਕਮਾਉਣਾ ਬੁੱਧੀ ਦੀ ਖੇਡ ਨਹੀਂ ਹੈ, ਨਾ ਹੀ ਮਿਹਨਤ ਦਾ ਫ਼ਲ ਹੈ।
ਇਹ ਤਾਂ ਤੁਸੀਂ ਜੋ ਪਿਛਲੇ ਜਨਮ ਵਿਚ ਪੁੰਨ ਕੀਤੇ ਸੀ, ਉਸਦੇ ਫ਼ਲ ਸਰੂਪ ਤੁਹਾਨੂੰ ਮਿਲਦੇ ਹਨ।

Punjabi

ਦਾਦਾ ਭਗਵਾਨ ਕਥਿਤ

# ਪੈਸਿਆਂ ਦਾ ਵਿਹਾਰ

ਮੂਲ ਗੁਜਰਾਤੀ ਪੁਸਤਕ 'ਪੈਸਾ ਨੋ ਵਿਵਹਾਰ' (ਸੰਖੇਪ)
ਦਾ ਹਿੰਦੀ ਤੋਂ ਪੰਜਾਬੀ ਅਨੁਵਾਦ

ਮੂਲ ਗੁਜਰਾਤੀ ਸੰਕਲਨ : ਡਾ. ਨੀਰੂਬੇਨ ਅਮੀਨ
ਅਨੁਵਾਦ : ਮਹਾਤਮਾਗਣ

ਪ੍ਰਕਾਸ਼ਕ : ਸ੍ਰੀ ਅਜੀਤ ਸੀ. ਪਟੇਲ
ਦਾਦਾ ਭਗਵਾਨ ਵਿਗਿਆਨ ਫਾਊਂਡੇਸ਼ਨ,
1, ਵਰੁਣ ਅਪਾਰਟਮੈਂਟ, 37, ਸ਼੍ਰੀਮਾਲੀ ਸੁਸਾਇਟੀ,
ਨਵਰੰਗਪੁਰਾ, ਪੁਲਿਸ ਸਟੇਸ਼ਨ ਦੇ ਸਾਹਮਣੇ,
ਨਵਰੰਗਪੁਰਾ, ਅਹਿਮਦਾਬਾਦ- 380009,
Gujarat, India
ਫੋਨ : +91 79 3500 2100

Dada Bhagwan Foundation,
5, Mamta Park Society, B\h. Navgujarat College,
Usmanpura, Ahmedabad – 380014, Gujarat, India.
**Email :** info@dadabhagwan.org
**Tel :** + 91 79 3500 2100

© All Rights Reserved. No part of this publication may be shared, copied, translated or reproduced in any form (including electronic storage or audio recording) without written permission from the holder of the copyright. This publication is licensed for your personal use only.

**ਪਹਿਲਾ ਸੰਸਕਰਣ : 500 ਕਾਪੀਆਂ, ਜੂਨ 2021**

**ਭਾਵ ਮੁੱਲ : 'ਪਰਮ ਵਿਨੈ' ਅਤੇ**
**'ਮੈਂ ਕੁੱਝ ਵੀ ਨਹੀਂ ਜਾਣਦਾ', ਇਹ ਭਾਵ !**

**ਦ੍ਰਵ ਮੁੱਲ** : 40 ਰੁਪਏ

**ਛਾਪਕ** : ਅੰਬਾ ਮਲਟੀਪ੍ਰਿੰਟ, B-99, ਇਲੈਕਟ੍ਰੋਨਿਕਸ GIDC
ਕ-6 ਰੋਡ, ਸੈਕਟਰ-25, ਗਾਂਧੀਨਗਰ-382044
Gujarat, India
ਫੋਨ : +91 79 3500 2142

# ਸਮਰਪਣ

ਚੈਨ ਕਹੀਂ ਨਾ ਮਿਲੇ ਇਸ ਕਲਿਕਾਲ ਮੇਂ,
ਆਗਮਨ ਲਕਸ਼ਮੀ ਕਾ, ਬੇਚੈਨੀ ਦਿਨ-ਰਾਤ ਕੀ।
ਪੈਟ੍ਰੋਲ ਨਹੀਂ ਪਰ ਆਰ.ਡੀ.ਐਕਸ. ਕੀ ਜਵਾਲਾ ਮੇਂ,
ਪਾਣੀ ਨਹੀਂ, ਉਬਲ ਰਹਾ ਲਹੂ ਸੰਸਾਰ ਮੇਂ।
ਧਰਮ ਮੇਂ ਲਕਸ਼ਮੀ ਕਾ ਹੋ ਰਹਾ ਵਿਯਪਾਰ ਹੈ,
ਹਰ ਔਰ ਚਲ ਰਹਾ ਕਾਲਾ ਬਾਜ਼ਾਰ ਹੈ।
ਉਬਾਲ ਚਾਰੋਂ ਔਰ, ਕਾਲ ਯਹਿ ਵਿਕਰਾਲ ਹੈ,
ਬਚਾਓ, ਬਚਾਓ, ਸਭ ਔਰ ਯਹਿ ਪੁਕਾਰ ਹੈ।
ਗਿਆਨੀ ਪੁਰੁਸ਼ ਕੀ ਸਮਯਕ ਸਮਝ ਹੀ ਉਭਾਰ ਹੈ,
ਨਿਰਲੇਪ ਰਖਤੀ ਸਭ ਕੋ, ਪੈਸੋਂ ਕੇ ਵਿਵਹਾਰ ਮੇਂ।
ਸੰਕਸ਼ੇਪ ਸਮਝ ਯਹਾਂ ਹੁਈ ਸ਼ਬਦਸਥ ਹੈ,
ਆਦਰਸ਼ ਧਨ ਵਿਵਹਾਰ ਕੀ ਸੌਰਭ ਵਹੇ ਸੰਸਾਰ ਮੇਂ।
ਅਦਭੁਤ ਬੋਧਕਲਾ 'ਦਾਦਾ' ਕੇ ਵਿਵਹਾਰ ਮੇਂ,
ਸਮਰਪਿਤ ਹੈ ਜਗ ਤੇਰੇ ਚਰਣ-ਕਮਲੋਂ ਮੇਂ।

**-ਡਾ. ਨੀਰੂਬੇਨ ਅਮੀਨ**

# ਤ੍ਰਿਮੰਤਰ








ਨਮੋ ਵੀਤਰਾਗਾਯ

ਨਮੋ ਅਰਿਹੰਤਾਣਮ

ਨਮੋ ਸਿੱਧਾਣਮ

ਨਮੋ ਆਯਰਿਯਾਣਮ

ਨਮੋ ਊਵਝਾਯਾਣਮ

ਨਮੋ ਲੋਏ ਸਵ੍ਵ ਸਾਹੂਣਮ

ਐਸੋ ਪੰਚ ਨਮੁਕਾਰੋ ਸਵ੍ਵ ਪਾਵਪਣਾਸਣੋ

ਮੰਗਲਾਣਮ 'ਚ ਸਵ੍ਵੇਸਿਮ

ਪੜਮੰ ਹਵਈ ਮੰਗਲਮ !! (1)

ਓਮ ਨਮੋ ਭਗਵਤੇ ਵਾਸੁਦੇਵਾਯ !! (2)

ਓਮ ਨਮ : ਸ਼ਿਵਾਯ !! (3)

ਜੈ ਸੱਚਿਦਾਨੰਦ



# 'ਦਾਦਾ ਭਗਵਾਨ' ਕੌਣ ?

ਜੂਨ 1958 ਦੀ ਇੱਕ ਸ਼ਾਮ ਦਾ ਕਰੀਬ 6 ਵਜੇ ਦਾ ਸਮਾਂ, ਭੀੜ ਨਾਲ ਭਰਿਆ ਸੂਰਤ ਸ਼ਹਿਰ ਦਾ ਰੇਲਵੇ ਸਟੇਸ਼ਨ, ਪਲੇਟਫਾਰਮ ਨੰ : 3 ਦੀ ਬੈਂਚ 'ਤੇ ਬੈਠੇ ਸ੍ਰੀ ਅੰਬਾਲਾਲ ਮੂਲਜੀ ਭਾਈ ਪਟੇਲ ਰੂਪੀ ਦੇਹਮੰਦਰ ਵਿੱਚ ਕੁਦਰਤੀ ਤੌਰ 'ਤੇ ਅਕ੍ਰਮ ਰੂਪ ਵਿੱਚ, ਕਈ ਜਨਮਾਂ ਤੋਂ ਪ੍ਰਗਟ ਹੋਣ ਲਈ ਵਿਆਕੁਲ 'ਦਾਦਾ ਭਗਵਾਨ' ਪੂਰਨ ਰੂਪ ਵਿੱਚ ਪ੍ਰਗਟ ਹੋਏ ਅਤੇ ਕੁਦਰਤ ਨੇ ਸਿਰਜਿਆ ਅਧਿਆਤਮ ਦਾ ਅਦਭੁਤ ਅਚੰਭਾ। ਇੱਕ ਹੀ ਘੰਟੇ ਵਿੱਚ ਉਹਨਾਂ ਨੂੰ ਵਿਸ਼ਵ ਦਰਸ਼ਨ ਹੋਇਆ। 'ਮੈਂ ਕੌਣ ? ਭਗਵਾਨ ਕੌਣ ? ਜਗਤ ਕੌਣ ਚਲਾਉਂਦਾ ਹੈ ? ਕਰਮ ਕੀ ਹਨ ? ਮੁਕਤੀ ਕੀ ਹੈ ? ਆਦਿ ਜਗਤ ਦੇ ਸਾਰੇ ਅਧਿਆਤਮਿਕ ਪ੍ਰਸ਼ਨਾਂ ਦਾ ਪੂਰਾ ਰਹੱਸ ਪ੍ਰਗਟ ਹੋਇਆ। ਇਸ ਤਰ੍ਹਾਂ ਕੁਦਰਤ ਨੇ ਵਿਸ਼ਵ ਦੇ ਸਾਹਮਣੇ ਇੱਕ ਅਦੁੱਤੀ ਪੂਰਨ ਦਰਸ਼ਨ ਪੇਸ਼ ਕੀਤਾ ਅਤੇ ਉਸ ਦੇ ਮਾਧਿਅਮ ਬਣੇ ਸ੍ਰੀ ਅੰਬਾਲਾਲ ਮੂਲਜੀ ਭਾਈ ਪਟੇਲ, ਗੁਜਰਾਤ ਦੇ ਚਰੋਤਰ ਖੇਤਰ ਦੇ ਭਾਦਰਣ ਪਿੰਡ ਦੇ ਪੱਟੀਦਾਰ, ਕਾਨਟਰੈਕਟ ਦਾ ਧੰਦਾ ਕਰਨ ਵਾਲੇ, ਫਿਰ ਵੀ ਪੂਰਨ ਰੂਪ ਵਿੱਚ ਵੀਤਰਾਗ ਪੁਰਖ!

'ਵਪਾਰ ਵਿੱਚ ਧਰਮ ਹੋਣਾ ਚਾਹੀਦਾ ਹੈ, ਧਰਮ ਵਿੱਚ ਵਪਾਰ ਨਹੀਂ", ਇਸ ਸਿਧਾਂਤ ਨਾਲ ਉਹਨਾਂ ਨੇ ਪੂਰਾ ਜੀਵਨ ਬਤੀਤ ਕੀਤਾ। ਜੀਵਨ ਵਿੱਚ ਕਦੇ ਵੀ ਉਹਨਾਂ ਨੇ ਕਿਸੇ ਕੋਲੋਂ ਪੈਸੇ ਨਹੀਂ ਸਨ ਲਏ, ਸਗੋਂ ਆਪਣੀ ਕਮਾਈ ਨਾਲ ਭਗਤਾਂ ਨੂੰ ਯਾਤਰਾ ਕਰਵਾਉਂਦੇ ਸਨ।

ਉਹਨਾਂ ਨੂੰ ਪ੍ਰਾਪਤੀ ਹੋਈ, ਉਸੇ ਤਰ੍ਹਾਂ ਕੇਵਲ ਦੋ ਹੀ ਘੰਟਿਆਂ ਵਿੱਚ ਹੋਰ ਯਾਚਕ ਜਨਾਂ (ਮੁਮੁਕਸ਼ੁ) ਨੂੰ ਵੀ ਉਹ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ, ਉਹਨਾਂ ਦੇ ਅਦਭੁਤ ਸਿੱਧ ਹੋਏ ਗਿਆਨ ਪ੍ਰਯੋਗ ਨਾਲ। ਉਸ ਨੂੰ ਅਕ੍ਰਮ ਮਾਰਗ ਕਿਹਾ। ਅਕ੍ਰਮ, ਭਾਵ ਬਿਨਾਂ ਕ੍ਰਮ ਦੇ ਅਤੇ ਕ੍ਰਮ ਭਾਵ ਇੱਕ-ਇੱਕ ਪੌੜੀ, ਕ੍ਰਮ ਅਨੁਸਾਰ ਉੱਪਰ ਚੜ੍ਹਨਾ। ਅਕ੍ਰਮ ਭਾਵ ਲਿਫ਼ਟ ਮਾਰਗ, ਸ਼ਾਰਟ ਕੱਟ।

ਉਹ ਖੁਦ ਹਰ ਇੱਕ ਨੂੰ 'ਦਾਦਾ ਭਗਵਾਨ ਕੌਣ ?' ਦਾ ਰਹੱਸ ਦੱਸਦੇ ਹੋਏ ਕਹਿੰਦੇ ਸਨ ਕਿ "ਇਹ ਜੋ ਤੁਹਾਨੂੰ ਦਿਸਦੇ ਹਨ ਇਹ ਦਾਦਾ ਭਗਵਾਨ ਨਹੀਂ ਹਨ, ਇਹ ਤਾਂ 'ਏ.ਐਮ.ਪਟੇਲ' ਹਨ। ਅਸੀਂ ਗਿਆਨੀ ਪੁਰਖ ਹਾਂ ਅਤੇ ਅੰਦਰ ਜੋ ਪ੍ਰਗਟ ਹੋਏ ਹਨ, ਉਹ 'ਦਾਦਾ ਭਗਵਾਨ' ਹਨ। ਦਾਦਾ ਭਗਵਾਨ ਤਾਂ ਚੌਦਾਂ ਲੋਕਾਂ ਦੇ ਨਾਥ ਹਨ। ਉਹ ਤੁਹਾਡੇ ਵਿੱਚ ਵੀ ਹਨ, ਸਾਰਿਆਂ ਵਿੱਚ ਹਨ। ਤੁਹਾਡੇ ਵਿੱਚ ਅਵਿਅਕਤ, ਅਪ੍ਰਗਟ ਰੂਪ ਵਿੱਚ ਹਨ ਅਤੇ 'ਇੱਥੇ' ਸਾਡੇ ਅੰਦਰ ਸੰਪੂਰਨ ਰੂਪ ਵਿੱਚ ਪ੍ਰਗਟ ਹੋਏ ਹਨ। ਦਾਦਾ ਭਗਵਾਨ ਨੂੰ ਮੈਂ ਵੀ ਨਮਸਕਾਰ ਕਰਦਾ ਹਾਂ।"

# ਆਤਮਗਿਆਨ ਪ੍ਰਾਪਤੀ ਦਾ ਪ੍ਰਤੱਖ ਲਿੰਕ

"ਮੈਂ ਤਾਂ ਕੁੱਝ ਲੋਕਾਂ ਨੂੰ ਆਪਣੇ ਹੱਥੋਂ ਸਿੱਧੀ ਦੇਣ ਵਾਲਾ ਹਾਂ। ਪਿੱਛੇ ਅਨੁਯਾਈ ਚਾਹੀਦੇ ਹਨ ਕਿ ਨਹੀਂ ਚਾਹੀਦੇ ? ਪਿੱਛੇ ਲੋਕਾਂ ਨੂੰ ਮਾਰਗ ਤਾਂ ਚਾਹੀਦਾ ਹੈ ਨਾ ?"

**-ਦਾਦਾਸ਼੍ਰੀ**

ਪਰਮ ਪੂਜਨੀਕ ਦਾਦਾਸ਼੍ਰੀ ਦੇਸ਼ਾਂ-ਵਿਦੇਸ਼ਾਂ ਵਿੱਚ ਘੁੰਮ ਕੇ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ। ਆਪ ਨੇ ਆਪਣੇ ਜੀਵਨਕਾਲ ਵਿੱਚ ਹੀ ਡਾ. ਨੀਰੂਬੇਨ ਅਮੀਨ (ਨੀਰੂਮਾਂ) ਨੂੰ ਆਤਮਗਿਆਨ ਪ੍ਰਾਪਤ ਕਰਵਾਉਣ ਦੀ ਸਿੱਧੀ ਦਿੱਤੀ ਸੀ। ਦਾਦਾਸ਼੍ਰੀ ਦੇ ਸਰੀਰ ਛੱਡਣ (ਅਕਾਲ ਚਲਾਣੇ) ਤੋਂ ਬਾਅਦ ਨੀਰੂਮਾਂ ਉਸੇ ਤਰ੍ਹਾਂ ਹੀ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ, ਨਿਮਿਤ ਭਾਵ ਨਾਲ ਕਰਵਾ ਰਹੇ ਸਨ। ਪੂਜਨੀਕ ਦੀਪਕਭਾਈ ਦੇਸਾਈ ਨੂੰ ਵੀ ਦਾਦਾਸ਼੍ਰੀ ਨੇ ਸਤਿਸੰਗ ਕਰਨ ਦੀ ਸਿੱਧੀ ਦਿੱਤੀ ਸੀ। ਨੀਰੂਮਾਂ ਦੀ ਹਾਜ਼ਰੀ ਵਿੱਚ ਹੀ ਉਹਨਾਂ ਦੇ ਆਸ਼ੀਰਵਾਦ ਨਾਲ ਪੂਜਨੀਕ ਦੀਪਕਭਾਈ ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਥਾਵਾਂ 'ਤੇ ਜਾ ਕੇ ਸਾਧਕਾਂ ਨੂੰ ਆਤਮਗਿਆਨ ਕਰਵਾ ਰਹੇ ਹਨ, ਜੋ ਨੀਰੂਮਾਂ ਦੇ ਸਰੀਰ ਛੱਡਣ ਤੋਂ ਬਾਅਦ ਅੱਜ ਵੀ ਜਾਰੀ ਹੈ। ਇਸ ਆਤਮਗਿਆਨ ਪ੍ਰਾਪਤੀ ਤੋਂ ਬਾਅਦ ਹਜ਼ਾਰਾਂ ਸਾਧਕ ਸੰਸਾਰ ਵਿੱਚ ਰਹਿੰਦੇ ਹੋਏ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਮੁਕਤ ਰਹਿ ਕੇ ਆਤਮ-ਰਮਣਤਾ ਦਾ ਅਨੁਭਵ ਕਰਦੇ ਹਨ।

ਗ੍ਰੰਥ ਵਿੱਚ ਲਿਖੀ ਬਾਣੀ ਮੋਕਸ਼ ਪ੍ਰਾਪਤ ਕਰਨ ਵਾਲਿਆਂ ਲਈ ਬਹੁਤ ਜ਼ਿਆਦਾ ਉਪਯੋਗੀ ਸਿੱਧ ਹੋਵੇਗੀ, ਪਰ ਮੋਕਸ਼ ਪ੍ਰਾਪਤ ਕਰਨ ਵਾਲਿਆਂ ਲਈ ਆਤਮਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ। ਅਕ੍ਰਮ ਮਾਰਗ ਦੁਆਰਾ ਆਤਮਗਿਆਨ ਦੀ ਪ੍ਰਾਪਤੀ ਦਾ ਰਾਹ ਅੱਜ ਵੀ ਖੁੱਲ੍ਹਾ ਹੈ। ਜਿਵੇਂ ਜਗਦਾ ਹੋਇਆ ਦੀਵਾ ਹੀ ਦੂਜੇ ਦੀਵੇ ਨੂੰ ਜਗਾ ਸਕਦਾ ਹੈ, ਉਸੇ ਤਰ੍ਹਾਂ ਪ੍ਰਤੱਖ ਆਤਮਗਿਆਨੀ ਤੋਂ ਆਤਮਗਿਆਨ ਪ੍ਰਾਪਤ ਕਰਕੇ ਹੀ ਖੁਦ ਦਾ ਆਤਮਾ ਜਾਗ ਸਕਦਾ ਹੈ।

# ਬੇਨਤੀ

ਆਤਮਗਿਆਨੀ ਸ੍ਰੀ ਅੰਬਾਲਾਲ ਮੂਲਜੀਭਾਈ ਪਟੇਲ, ਜਿਹਨਾਂ ਨੂੰ ਲੋਕ 'ਦਾਦਾ ਭਗਵਾਨ' ਦੇ ਨਾਮ ਨਾਲ ਵੀ ਜਾਣਦੇ ਹਨ, ਉਹਨਾਂ ਦੇ ਸ੍ਰੀਮੁੱਖ ਤੋਂ ਅਧਿਆਤਮ ਅਤੇ ਵਿਹਾਰ ਗਿਆਨ ਸੰਬੰਧੀ ਜੋ ਬਾਣੀ ਨਿਕਲੀ, ਉਸ ਨੂੰ ਰਿਕਾਰਡ ਕਰਕੇ, ਸੰਕਲਨ ਅਤੇ ਸੰਪਾਦਨ ਕਰਕੇ ਕਿਤਾਬਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। 'ਪੈਸਿਆਂ ਦਾ ਵਿਹਾਰ' ਕਿਤਾਬ ਵਿੱਚ ਲੱਛਮੀ ਸਬੰਧੀ ਗਹਿਰੇ ਰਹੱਸ ਅਤੇ ਆਮ ਵਿਹਾਰ ਵਿੱਚ ਕਿਵੇਂ ਵਿਹਾਰਿਕ ਹੱਲ ਕੱਢੇ ਜਾਣ, ਉਸ ਬਾਰੇ ਸਾਰੀਆਂ ਬੁਨਿਆਦੀ ਗੱਲਾਂ ਸੰਖੇਪ ਵਿੱਚ ਸੰਕਲਿਤ ਕੀਤੀਆਂ ਗਈਆਂ ਹਨ। ਪਾਠਕ ਦੇ ਅਧਿਐਨ ਕਰਦੇ ਹੀ ਆਤਮ ਸਾਖ਼ਸ਼ਾਤਕਾਰ ਦੀ ਭੂਮਿਕਾ ਨਿਸ਼ਚਿਤ ਹੀ ਬਣ ਜਾਂਦੀ ਹੈ, ਇਹ ਅਨੇਕ ਲੋਕਾਂ ਦਾ ਅਨੁਭਵ ਹੈ।

'ਅੰਬਾਲਾਲ ਭਾਈ' ਨੂੰ ਸਭ 'ਦਾਦਾਜੀ' ਕਹਿੰਦੇ ਸਨ। 'ਦਾਦਾਜੀ' ਯਾਨੀ ਪਿਤਾਮਾ ਅਤੇ 'ਦਾਦਾ ਭਗਵਾਨ' ਤਾਂ ਉਹ ਅੰਦਰ ਵਾਲੇ ਪਰਮਾਤਮਾ ਨੂੰ ਕਹਿੰਦੇ ਸਨ। ਸਰੀਰ ਭਗਵਾਨ ਨਹੀਂ ਹੋ ਸਕਦਾ, ਉਹ ਤਾਂ ਵਿਨਾਸ਼ੀ ਹੈ। ਭਗਵਾਨ ਤਾਂ ਅਵਿਨਾਸ਼ੀ ਹੈ ਅਤੇ ਉਸ ਨੂੰ ਉਹ 'ਦਾਦਾ ਭਗਵਾਨ' ਕਹਿੰਦੇ ਸਨ, ਜੋ ਜੀਵ ਮਾਤਰ ਦੇ ਅੰਦਰ ਹੈ।

ਪ੍ਰਸਤੁਤ ਅਨੁਵਾਦ ਵਿੱਚ ਇਹ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਪਾਠਕ ਨੂੰ ਇੰਝ ਅਨੁਭਵ ਹੋਵੇ ਕਿ ਦਾਦਾਸ੍ਰੀ ਦੀ ਹੀ ਬਾਣੀ ਸੁਣੀ ਜਾ ਰਹੀ ਹੈ। ਉਹਨਾਂ ਦੀ ਹਿੰਦੀ ਬਾਰੇ ਉਹਨਾਂ ਦੇ ਹੀ ਸ਼ਬਦ ਕਹੀਏ ਤਾਂ "ਸਾਡੀ ਹਿੰਦੀ ਯਾਨੀ ਗੁਜਰਾਤੀ, ਹਿੰਦੀ ਅਤੇ ਅੰਗਰੇਜ਼ੀ ਦਾ ਮਿਕਸਚਰ ਹੈ, ਪਰ ਜਦੋਂ 'ਟੀ' (ਚਾਹ) ਬਣੇਗੀ, ਉਦੋਂ ਚੰਗੀ ਹੀ ਲੱਗੇਗੀ।"

ਗਿਆਨੀ ਦੀ ਬਾਣੀ ਨੂੰ ਪੰਜਾਬੀ ਭਾਸ਼ਾ ਵਿੱਚ ਅਸਲ ਰੂਪ ਵਿੱਚ ਅਨੁਵਾਦ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਪਰ ਦਾਦਾਸ੍ਰੀ ਦੇ ਆਤਮਗਿਆਨ ਦਾ ਸਹੀ ਆਸ਼ਯ, ਜਿਵੇਂ ਦਾ ਤਿਵੇਂ ਤਾਂ ਤੁਹਾਨੂੰ ਗੁਜਰਾਤੀ ਭਾਸ਼ਾ ਵਿੱਚ ਹੀ ਅਵਗਤ ਹੋਵੇਗਾ। ਜਿਨ੍ਹਾਂ ਨੇ ਗਿਆਨ ਦੀ ਗਹਿਰਾਈ ਵਿੱਚ ਜਾਣਾ ਹੋਵੇ, ਗਿਆਨ ਦਾ ਸਹੀ ਮਰਮ ਸਮਝਣਾ ਹੋਵੇ, ਉਹ ਇਸ ਹੇਤੂ ਲਈ ਗੁਜਰਾਤੀ ਭਾਸ਼ਾ ਸਿੱਖਣ, ਇਹ ਸਾਡੀ ਨਿਮਰਤਾ ਸਹਿਤ ਬੇਨਤੀ ਹੈ।

ਅਨੁਵਾਦ ਸਬੰਧੀ ਕਮੀਆਂ ਲਈ ਪਾਠਕਾਂ ਤੋਂ ਖ਼ਿਮਾ ਮੰਗਦੇ ਹਾਂ।

# ਸੰਪਾਦਕੀ

'ਅਵੈਧ (ਬਿਨਾਂ ਹੱਕ, ਹਰਾਮ) ਦੇ ਵਿਸ਼ੇ ਨਰਕ ਵਿੱਚ ਲੈ ਜਾਣ।'

'ਹਰਾਮ ਦੀ ਲੱਛਮੀ ਤਿਰਅੰਚ ਵਿੱਚ (ਪਸ਼ੂ ਯੋਨੀ ਵਿੱਚ) ਲੈ ਜਾਣ।'

- **ਦਾਦਾਸ਼੍ਰੀ**

ਸੰਸਕਾਰੀ ਘਰਾਂ ਵਿੱਚ ਹਰਾਮ ਦੇ ਵਿਸ਼ੈ ਸਬੰਧੀ ਜਾਗ੍ਰਿਤੀ ਕਈ ਜਗ੍ਹਾ 'ਤੇ ਪ੍ਰਵਰਤਮਾਨ ਹੈ ਪਰ ਹਰਾਮ ਦੀ ਲੱਛਮੀ ਸਬੰਧੀ ਜਾਗ੍ਰਿਤੀ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ। ਹੱਕ ਅਤੇ ਹਰਾਮ ਦੀ ਲੱਛਮੀ ਦੀ ਸੀਮਾ ਹੋਵੇ ਇੰਝ ਨਹੀਂ ਹੈ, ਉਹ ਵੀ ਇਸ ਭਿਅੰਕਰ ਕਲਿਕਾਲ (ਕਲਿਯੁੱਗ) ਵਿੱਚ!

ਪਰਮ ਗਿਆਨੀ ਪੁਰਖ ਦਾਦਾਸ਼੍ਰੀ ਨੇ ਆਪਣੀ ਸਿਆਦਵਾਦ ਦੇਸ਼ਨਾ ਵਿੱਚ ਆਤਮ ਧਰਮ ਦੇ ਸਭ ਤੋਂ ਉੱਚ ਕੋਟਿ ਦੇ ਸਪਸ਼ਟੀਕਰਣ ਦਿੱਤੇ ਹਨ, ਇੰਨਾ ਹੀ ਨਹੀਂ, ਪਰ ਵਿਹਾਰ ਧਰਮ ਵਿੱਚ ਵੀ ਓਨੀ ਹੀ ਉਚਾਈ ਦੇ ਸਪਸ਼ਟੀਕਰਣ ਦਿੱਤੇ ਹਨ। ਜਿਸ ਨਾਲ ਨਿਸ਼ਚਾ ਅਤੇ ਵਿਹਾਰ, ਇਹਨਾਂ ਦੋਵੇਂ ਖੰਭਾਂ ਨਾਲ ਸਮਾਨਾਂਤਰ ਮੋਕਸ਼ ਮਾਰਗ 'ਤੇ ਉਡਾਰੀ ਭਰੀ ਜਾ ਸਕੇ! ਇਸ ਕਾਲ ਵਿੱਚ ਵਿਹਾਰ ਵਿੱਚ ਜੇ ਸਭ ਤੋਂ ਜ਼ਿਆਦਾ ਪ੍ਰਧਾਨਤਾ ਮਿਲੀ ਹੋਵੇ ਤਾਂ ਉਹ ਸਿਰਫ਼ ਪੈਸਿਆਂ ਨੂੰ! ਅਤੇ ਉਹਨਾਂ ਪੈਸਿਆਂ ਦਾ ਵਿਹਾਰ ਜਦੋਂ ਤੱਕ ਆਦਰਸ਼ ਨਾ ਹੋਵੇ ਓਦੋਂ ਤੱਕ ਵਿਹਾਰ ਸ਼ੁੱਧੀ ਸੰਭਵ ਨਹੀਂ ਹੈ ਅਤੇ ਜਿਸਦਾ ਵਿਹਾਰ ਦੂਸ਼ਿਤ ਹੋਇਆ, ਉਸਦਾ ਨਿਸ਼ਚੇ ਦੂਸ਼ਿਤ ਹੋਏ ਬਿਨਾਂ ਰਹੇਗਾ ਹੀ ਨਹੀਂ! ਇਸ ਲਈ ਪੈਸਿਆਂ ਦੇ ਸੰਪੂਰਨ ਦੋਸ਼ ਰਹਿਤ ਵਿਹਾਰ ਦਾ, ਇਸ ਕਾਲ ਨੂੰ ਲਕਸ਼ ਵਿੱਚ ਰੱਖ ਕੇ ਪੂਜਨੀਕ ਦਾਦਾਸ਼੍ਰੀ ਨੇ ਸੁੰਦਰ ਵਿਸ਼ਲੇਸ਼ਣ ਕੀਤਾ ਹੈ। ਇਹੋ ਜਿਹਾ ਸੰਪੂਰਨ ਦੋਸ਼ ਰਹਿਤ ਅਤੇ ਆਦਰਸ਼ ਲੱਛਮੀ ਦਾ ਵਿਹਾਰ ਆਪਸ਼੍ਰੀ ਦੇ ਜੀਵਨ ਵਿੱਚ ਦੇਖਣ ਨੂੰ ਮਿਲਿਆ ਹੈ, ਮਹਾਂ ਮਹਾਂ ਪੁੰਨਵਾਨਾਂ ਨੂੰ!

ਧਰਮ ਵਿੱਚ, ਵਪਾਰ ਵਿੱਚ, ਗ੍ਰਹਿਸਥ ਜੀਵਨ ਵਿੱਚ, ਲੱਛਮੀ ਨੂੰ ਲੈ ਕੇ ਸਵੈ ਸ਼ੁੱਧ ਰਹਿ ਕੇ ਆਪਸ਼੍ਰੀ ਨੇ ਸੰਸਾਰ ਨੂੰ ਇੱਕ ਅਨੋਖੇ ਆਦਰਸ਼ ਦਾ ਦਰਸ਼ਨ ਕਰਵਾਇਆ ਹੈ। ਆਪਸ਼੍ਰੀ ਦਾ ਸੂਤਰ, 'ਵਪਾਰ ਵਿੱਚ ਧਰਮ ਹੋਣਾ ਚਾਹੀਦਾ ਹੈ ਪਰ ਧਰਮ ਵਿੱਚ ਵਪਾਰ ਨਹੀਂ ਹੋਣਾ ਚਾਹੀਦਾ' ਇੱਥੇ, ਦੋਨਾਂ ਦੀ ਆਦਰਸ਼ਤਾ ਦੱਸੀ ਹੈ! ਆਪਸ਼੍ਰੀ ਨੇ ਆਪਣੇ ਜੀਵਨ ਵਿੱਚ ਨਿੱਜੀ ਖਰਚ ਲਈ ਕਦੇ ਕਿਸੇ ਦਾ ਇੱਕ ਪੈਸਾ

ਵੀ ਸਵੀਕਾਰ ਨਹੀਂ ਕੀਤਾ। ਖੁਦ ਦੇ ਪੈਸੇ ਖਰਚ ਕਰਕੇ ਜਗ੍ਹਾ-ਜਗ੍ਹਾ ਸਤਿਸੰਗ ਕਰਨ ਲਈ ਜਾਂਦੇ, ਫਿਰ ਚਾਹੇ ਟ੍ਰੇਨ ਤੋਂ ਹੋਵੇ ਜਾਂ ਪਲੇਨ ਤੋਂ ਹੋਵੇ! ਕਰੋੜਾਂ ਰੁਪਏ, ਸੋਨੇ ਦੇ ਅਲੰਕਾਰ, ਆਪਸ੍ਰੀ ਦੇ ਅੱਗੇ ਸ਼ਰਧਾਲੂਆਂ ਨੇ ਰੱਖ ਦਿੱਤੇ ਪਰ ਆਪਸ੍ਰੀ ਨੇ ਉਹਨਾਂ ਨੂੰ ਛੂਹਿਆ ਤੱਕ ਨਹੀਂ। ਦਾਨ ਕਰਨ ਦੀ ਜਿਨ੍ਹਾਂ ਨੂੰ ਬਹੁਤ ਜ਼ਿਆਦਾ ਇੱਛਾ ਹੁੰਦੀ, ਉਹਨਾਂ ਲੋਕਾਂ ਨੂੰ ਲੱਛਮੀ ਸਹੀ ਰਸਤਿਆਂ 'ਤੇ, ਮੰਦਰ ਵਿੱਚ ਜਾਂ ਲੋਕਾਂ ਨੂੰ ਭੋਜਨ ਕਰਵਾਉਣ ਵਿੱਚ ਖਰਚ ਕਰਨ ਦੀ ਸਲਾਹ ਦਿੰਦੇ ਸਨ। ਉਹ ਵੀ ਉਸ ਵਿਅਕਤੀ ਦੀ ਨਿੱਜੀ ਆਮਦਨੀ ਦੀ ਜਾਣਕਾਰੀ ਉਸ ਤੋਂ ਅਤੇ ਉਸਦੇ ਕਟੁੰਬੀਆਂ ਤੋਂ ਚੌਕਸੀ ਨਾਲ ਪ੍ਰਾਪਤ ਕਰਨ ਤੋਂ ਬਾਅਦ, ਸਭ ਦੀ ਰਜ਼ਾਮੰਦੀ ਹੈ, ਇੰਝ ਜਾਣਨ ਤੋਂ, ਬਾਅਦ 'ਹਾਂ' ਕਹਿੰਦੇ ਸਨ!

ਸੰਸਾਰ ਵਿਹਾਰ ਵਿੱਚ ਪੂਰਨ ਰੂਪ ਨਾਲ ਆਦਰਸ਼ ਰਹਿਣਵਾਲਾ, ਸੰਪੂਰਨ ਵੀਤਰਾਗ ਪੁਰਖ ਅੱਜ ਤੱਕ ਦੁਨੀਆਂ ਨੇ ਦੇਖਿਆ ਨਹੀਂ, ਇਹੋ ਜਿਹਾ ਪੁਰਖ ਇਸ ਕਾਲ ਵਿੱਚ ਦੇਖਣ ਨੂੰ ਮਿਲਿਆ। ਉਹਨਾਂ ਦੀ ਵੀਤਰਾਗ ਬਾਣੀ ਸਹਿਜ ਪ੍ਰਾਪਤ ਹੋਈ। ਵਿਹਾਰਿਕ ਜੀਵਨ ਵਿੱਚ ਗੁਜ਼ਾਰੇ ਦੇ ਲਈ ਲੱਛਮੀ ਪ੍ਰਾਪਤੀ ਜ਼ਰੂਰੀ ਹੈ, ਫਿਰ ਉਹ ਨੌਕਰੀ ਕਰਕੇ ਜਾਂ ਧੰਦਾ ਕਰਕੇ ਜਾਂ ਫਿਰ ਹੋਰ ਕਿਸੇ ਤਰੀਕੇ ਨਾਲ ਹੋਵੇ, ਪਰ ਕਲਿਯੁੱਗ ਵਿੱਚ ਧੰਦਾ ਕਰਦੇ ਹੋਏ ਵੀ ਵੀਤਰਾਗਾਂ ਦੀ ਰਾਹ 'ਤੇ ਕਿਵੇਂ ਚੱਲਿਆ ਜਾਵੇ, ਉਸਦਾ ਅਚੂਕ ਮਾਰਗ ਦਾਦਾਸ੍ਰੀ ਨੇ ਆਪਣੇ ਅਨੁਭਵ ਦੇ ਸਾਰ ਦੁਆਰਾ ਪ੍ਰਗਟ ਕੀਤਾ ਹੈ। ਦੁਨੀਆਂ ਨੇ ਕਦੇ ਦੇਖਿਆ ਜਾਂ ਸੁਣਿਆ ਵੀ ਨਾ ਹੋਵੇ ਇਹੋ ਜਿਹਾ ਬੇਜੋੜ ਸਾਂਝੇਦਾਰੀ ਦਾ 'ਰੋਲ' ਉਹਨਾਂ ਨੇ ਦੁਨੀਆਂ ਨੂੰ ਦਿਖਾਇਆ। ਆਦਰਸ਼ ਸ਼ਬਦ ਵੀ ਉੱਥੇ ਛੋਟਾ ਪ੍ਰਤੀਤ ਹੁੰਦਾ ਹੈ ਕਿਉਂਕਿ 'ਆਦਰਸ਼' ਉਹ ਤਾਂ ਆਮ ਮਨੁੱਖਾਂ ਦੁਆਰਾ ਅਨੁਭਵ ਦੇ ਆਧਾਰ 'ਤੇ ਤੈਅ ਕੀਤਾ ਗਿਆ ਪ੍ਰਮਾਣ ਹੈ, ਜਦੋਂਕਿ ਦਾਦਾਸ੍ਰੀ ਦਾ ਜੀਵਨ ਤਾਂ ਅਪਵਾਦ ਰੂਪ ਵਿੱਚ ਅਚੰਭਾ (ਅਜੂਬਾ) ਹੈ!

ਵਪਾਰ ਵਿੱਚ ਛੋਟੀ ਉਮਰ ਤੋਂ, 22 ਸਾਲ ਦੀ ਉਮਰ ਤੋਂ ਹੀ ਜਿਨ੍ਹਾਂ ਦੇ ਨਾਲ ਸਾਂਝੇਦਾਰੀ ਕੀਤੀ, ਉਹ ਅਖੀਰ ਤੱਕ ਉਹਨਾਂ ਦੀਆਂ ਸੰਤਾਨਾਂ ਦੇ ਨਾਲ ਵੀ ਆਦਰਸ਼ ਪ੍ਰਣਾਲੀ ਨਾਲ ਉਹਨਾਂ ਨੇ ਇਹ ਸਾਂਝੇਦਾਰੀ ਨਿਭਾਈ। ਕਾਨਟਰੈਕਟ ਦੇ ਧੰਦੇ ਵਿੱਚ ਲੱਖਾਂ ਦੀ ਆਮਦਨੀ ਕਰਦੇ, ਪਰ ਨਿਯਮ ਉਹਨਾਂ ਦਾ ਇਹ ਸੀ ਕਿ ਨੌਨ-ਮੈਟ੍ਰਿਕ ਦੀ ਪੜ੍ਹਾਈ ਦੇ ਨਾਲ ਜੇ ਉਹ ਖੁਦ ਨੌਕਰੀ ਕਰਦੇ ਤਾਂ ਕਿੰਨੀ ਤਨਖਾਹ ਮਿਲਦੀ ? ਪੰਜ ਸੌ ਜਾਂ ਛੇ ਸੌ। ਇਸ ਲਈ ਓਨੇ ਹੀ ਪੈਸੇ ਘਰ ਵਿੱਚ

ਆਉਣੇ ਚਾਹੀਦੇ ਹਨ ਬਾਕੀ ਦੇ ਧੰਦੇ ਵਿੱਚ ਹੀ ਰੱਖਣੇ ਚਾਹੀਦੇ ਹਨ ਜੋ ਕਿ ਘਾਟੇ ਦੇ ਸਮੇਂ ਕੰਮ ਆਉਣ! ਅਤੇ ਸਾਰਾ ਜੀਵਨ ਇਸ ਨਿਯਮ ਨੂੰ ਪਕੜ ਰੱਖਿਆ! ਸਾਂਝੀਦਾਰ ਦੇ ਬੱਚਿਆਂ ਦੇ ਵਿਆਹ ਦਾ ਖਰਚ ਵੀ ਆਪਸ਼੍ਰੀ ਨੇ ਫਿਫਟੀ-ਫਿਫਟੀ ਪਾਰਟਨਰਸ਼ਿਪ ਵਿੱਚ ਕੀਤਾ! ਇਹੋ ਜਿਹੀ ਆਦਰਸ਼ ਸਾਂਝੇਦਾਰੀ ਵਰਲਡ ਵਿੱਚ ਕਿੱਥੇ ਦੇਖਣ ਨੂੰ ਮਿਲੇਗੀ ?

ਦਾਦਾਸ਼੍ਰੀ ਨੇ ਵਪਾਰ ਆਦਰਸ਼ ਰੂਪ ਵਿੱਚ, ਬੇਜੋੜ ਤਰੀਕੇ ਨਾਲ ਕੀਤਾ, ਪਰ ਉਹਨਾਂ ਦਾ ਚਿੱਤ ਤਾਂ ਆਤਮਾ ਪ੍ਰਾਪਤ ਕਰਨ ਵਿੱਚ ਹੀ ਸੀ। 1958 ਵਿੱਚ ਗਿਆਨ ਪ੍ਰਾਪਤੀ ਤੋਂ ਬਾਅਦ ਵੀ ਕਈ ਸਾਲਾਂ ਤੱਕ ਧੰਦਾ ਚੱਲਦਾ ਰਿਹਾ। ਪਰ ਖੁਦ ਆਤਮਾ ਵਿੱਚ ਅਤੇ ਮਨ-ਵਚਨ-ਕਾਇਆ, ਜਗਤ ਨੂੰ ਆਤਮਾ ਪ੍ਰਾਪਤ ਕਰਵਾਉਣ ਹੇਤੂ ਹਰ ਜਗ੍ਹਾ, ਸੰਸਾਰ ਦੇ ਕੋਨੇ-ਕੋਨੇ ਵਿੱਚ ਯਾਤਰਾ ਕਰਨ ਵਿੱਚ ਬਤੀਤ ਕੀਤਾ। ਉਹ ਕਿਹੋ ਜਿਹੀ ਅਲੌਕਿਕ ਦ੍ਰਿਸ਼ਟੀ ਪ੍ਰਾਪਤ ਹੋਈ ਕਿ ਜੀਵਨ ਵਿੱਚ, ਵਪਾਰ-ਵਿਹਾਰ ਅਤੇ ਅਧਿਆਤਮ ਦੋਵੇਂ 'ਐਟ-ਏ-ਟਾਈਮ' (ਇੱਕ ਹੀ ਸਮੇਂ) ਸਿੱਧੀ ਦੇ ਸਿਖਰ 'ਤੇ ਰਹਿ ਕੇ ਸੰਭਵ ਹੋਇਆ ?

ਲੋਕ ਸੰਗਿਆ ਵਿੱਚ ਲੱਛਮੀ ਦੀ ਪ੍ਰਧਾਨਤਾ ਹੈ। ਪੈਸਾ ਹੀ ਗਿਆਰਵਾਂ ਪ੍ਰਾਣ ਮੰਨਿਆ ਜਾਂਦਾ ਹੈ। ਪ੍ਰਾਣ ਸਮਾਨ ਪੈਸਿਆਂ ਦਾ ਵਿਹਾਰ ਜੀਵਨ ਵਿੱਚ ਜੋ ਹੋ ਰਿਹਾ ਹੈ ਉਸ ਦੇ ਸਬੰਧ ਵਿੱਚ, ਆਉਣ-ਜਾਣ ਦੇ, ਨਫ਼ਾ-ਨੁਕਸਾਨ ਦੇ, ਟਿਕਣ ਦੇ ਅਤੇ ਅਗਲੇ ਜਨਮ ਵਿੱਚ ਨਾਲ ਲੈ ਜਾਣ ਦੇ ਜੋ ਮਾਰਮਿਕ ਸਿਧਾਂਤ ਹਨ ਅਤੇ ਲੱਛਮੀ ਸਪਰਸ਼ ਦੇ ਜੋ ਨਿਯਮ ਹਨ, ਉਹਨਾਂ ਸਭ ਨੂੰ, ਗਿਆਨ ਵਿੱਚ ਦੇਖ ਕੇ ਅਤੇ ਵਿਹਾਰ ਵਿੱਚ ਅਨੁਭਵ ਕਰਕੇ ਬਾਣੀ ਦੁਆਰਾ ਜੋ ਬਿਓਰਾ ਪ੍ਰਾਪਤ ਹੋਇਆ, ਉਹ 'ਪੈਸਿਆਂ ਦਾ ਵਿਹਾਰ' ਇਸ ਗ੍ਰੰਥ ਦੇ ਰੂਪ ਵਿੱਚ ਪਾਠਕਾਂ ਨੂੰ ਜੀਵਨ ਭਰ ਸਮਯਕ ਜੀਵਨ ਜਿਊਣ ਵਿੱਚ ਸਹਾਇਕ ਹੋਵੇਗਾ, ਇਹੀ ਪ੍ਰਾਰਥਨਾ ਹੈ।

**ਡਾ. ਨੀਰੂਬੇਨ ਅਮੀਨ ਦੇ**

**ਜੈ ਸੱਚਿਦਾਨੰਦ**

# ਪੈਸਿਆਂ ਦਾ ਵਿਹਾਰ

## (1) ਲੱਛਮੀ ਦਾ ਆਉਣਾ-ਜਾਣਾ

ਸਾਰੇ ਸੰਸਾਰ ਨੇ ਲੱਛਮੀ ਨੂੰ ਹੀ ਪ੍ਰਧਾਨਤਾ ਦਿੱਤੀ ਹੈ ਨਾ! ਹਰੇਕ ਕੰਮ ਵਿੱਚ ਲੱਛਮੀ ਹੀ ਪ੍ਰਧਾਨ ਹੈ, ਇਸ ਲਈ ਲੱਛਮੀ ਦੇ ਨਾਲ ਜ਼ਿਆਦਾ ਪ੍ਰੀਤੀ ਹੈ। ਜਿੱਥੇ ਲੱਛਮੀ ਦੇ ਨਾਲ ਜ਼ਿਆਦਾ ਪ੍ਰੀਤੀ ਹੁੰਦੀ ਹੈ ਉੱਥੇ ਭਗਵਾਨ ਦੇ ਨਾਲ ਪ੍ਰੀਤੀ ਨਹੀਂ ਹੋ ਸਕਦੀ। ਭਗਵਾਨ ਦੇ ਨਾਲ ਪ੍ਰੀਤੀ ਹੋਣ ਤੋਂ ਬਾਅਦ ਲੱਛਮੀ ਦੇ ਨਾਲ ਪ੍ਰੀਤੀ ਉੱਡ ਜਾਏਗੀ। ਦੋਨਾਂ ਵਿੱਚੋਂ ਇੱਕ ਦੇ ਨਾਲ ਪ੍ਰੀਤੀ ਰਹੇਗੀ, ਜਾਂ ਤਾਂ ਲੱਛਮੀ ਦੇ ਨਾਲ ਜਾਂ ਭਗਵਾਨ ਦੇ ਨਾਲ। ਜਿੱਥੇ ਤੁਹਾਨੂੰ ਠੀਕ ਲੱਗੇ ਉੱਥੇ ਰਹੋ। ਲੱਛਮੀ ਨਾਲ ਵਿਆਹ ਕਰਨ 'ਤੇ ਰੰਡਾਪਾ (ਵਿਯੋਗ ਦਾ ਦੁੱਖ) ਜ਼ਰੂਰ ਆਵੇਗਾ। ਅਤੇ ਨਾਰਾਇਣ ਨਾਲ, ਵਿਆਹ ਵੀ ਨਹੀਂ ਅਤੇ ਰੰਡਾਪਾ ਵੀ ਨਹੀਂ, ਨਿਰੰਤਰ ਆਨੰਦ ਵਿੱਚ ਰੱਖਦੇ ਹਨ, ਮੁਕਤ ਭਾਵ ਵਿੱਚ ਰੱਖਦੇ ਹਨ।

ਗੱਲ ਤਾਂ ਸਮਝਣੀ ਪਵੇਗੀ ਨਾ ? ਇਸ ਤਰ੍ਹਾਂ ਗੜਬੜ ਕਿੱਥੋਂ ਤੱਕ ਚੱਲੇਗੀ ? ਅਤੇ ਉਪਾਧਿ (ਬਾਹਰ ਤੋਂ ਆਉਣ ਵਾਲਾ ਦੁੱਖ) ਪਸੰਦ ਤਾਂ ਨਹੀਂ ਹੈ। ਇਹ ਮਨੁੱਖ ਦੇਹ ਉਪਾਧਿ ਤੋਂ ਮੁਕਤ ਹੋਣ ਲਈ ਹੈ, ਸਿਰਫ਼ ਪੈਸਾ ਕਮਾਉਣ ਲਈ ਨਹੀਂ ਹੈ। ਪੈਸੇ ਕਿਸ ਤਰ੍ਹਾਂ ਕਮਾਉਂਦੇ ਹੋਣਗੇ ? ਮਿਹਨਤ ਨਾਲ ਕਮਾਉਂਦੇ ਹੋਣਗੇ ਕਿ ਬੁੱਧੀ ਨਾਲ ?

**ਪ੍ਰਸ਼ਨਕਰਤਾ** : ਦੋਨਾਂ ਨਾਲ।

**ਦਾਦਾਸ਼੍ਰੀ** : ਜੇ ਮਿਹਨਤ ਨਾਲ ਪੈਸੇ ਕਮਾਉਂਦੇ ਹੁੰਦੇ ਤਾਂ ਇਹਨਾਂ ਮਜ਼ਦੂਰਾਂ ਕੋਲ ਬਹੁਤ ਸਾਰੇ ਪੈਸੇ ਹੁੰਦੇ। ਕਿਉਂਕਿ ਇਹ ਮਜ਼ਦੂਰ ਹੀ ਜ਼ਿਆਦਾ ਮਿਹਨਤ ਕਰਦੇ ਹਨ ਨਾ! ਜੇ ਪੈਸੇ ਬੁੱਧੀ ਨਾਲ ਕਮਾਉਂਦੇ ਹੁੰਦੇ ਤਾਂ ਇਹ ਸਾਰੇ ਪੰਡਤ ਹੈਂ ਨਾ! ਪਰ ਉਹਨਾਂ ਦੀ ਤਾਂ ਪਿੱਛੇ ਤੋਂ ਅੱਧੀ ਚੱਪਲ ਵੀ ਘੱਸ ਗਈ ਹੁੰਦੀ ਹੈ! ਪੈਸੇ ਕਮਾਉਣਾ ਇਹ ਬੁੱਧੀ ਦੀ ਖੇਡ ਨਹੀਂ ਅਤੇ ਨਾ ਹੀ ਮਿਹਨਤ ਦਾ ਨਤੀਜਾ ਹੈ। ਉਹ ਤਾਂ ਤੁਸੀਂ ਪਿਛਲੇ ਜਨਮ ਵਿੱਚ ਪੁੰਨ ਕੀਤਾ ਹੈ, ਉਸਦੇ ਫ਼ਲਸਰੂਪ ਤੁਹਾਨੂੰ ਪ੍ਰਾਪਤ ਹੁੰਦਾ ਹੈ ਅਤੇ ਨੁਕਸਾਨ, ਜਿਹੜਾ ਪਾਪ ਕੀਤਾ ਸੀ, ਉਸਦੇ ਫ਼ਲਸਰੂਪ ਹੈ। ਲੱਛਮੀ, ਪੁੰਨ ਅਤੇ ਪਾਪ ਦੇ ਅਧੀਨ ਹੈ। ਇਸ ਲਈ ਜੇ ਲੱਛਮੀ ਚਾਹੀਦੀ ਹੈ ਤਾਂ ਸਾਨੂੰ ਪੁੰਨ-ਪਾਪ ਦਾ ਧਿਆਨ ਰੱਖਣਾ ਚਾਹੀਦਾ ਹੈ। ਲੱਛਮੀ ਜੀ ਤਾਂ ਪੁੰਨਵਾਨ ਦੇ ਪਿੱਛੇ ਹੀ ਘੁੰਮਦੀ ਰਹਿੰਦੀ ਹੈ ਅਤੇ ਮਿਹਨਤੀ ਲੋਕ ਲੱਛਮੀ ਜੀ ਦੇ ਪਿੱਛੇ ਘੁੰਮਦੇ ਰਹਿੰਦੇ ਹਨ। ਇਸ ਲਈ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੁੰਨ ਹੋਵੇਗਾ ਤਾਂ ਲੱਛਮੀ

ਪਿੱਛੇ ਆਵੇਗੀ ਨਹੀਂ ਤਾਂ ਮਿਹਨਤ ਨਾਲ ਤਾਂ ਰੋਟੀਆਂ ਮਿਲਣਗੀਆਂ, ਖਾਣਾ-ਪੀਣਾ ਮਿਲੇਗਾ ਅਤੇ ਇੱਕ ਬੇਟੀ ਹੋਵੇਗੀ ਤਾਂ ਵਿਆਹੀ ਜਾਵੇਗੀ। ਬਾਕੀ ਬਿਨਾਂ ਪੁੰਨ ਦੇ ਲੱਛਮੀ ਨਹੀਂ ਮਿਲਦੀ।

ਇਸ ਲਈ ਅਸਲੀਅਤ ਕੀ ਕਹਿੰਦੀ ਹੈ ਕਿ ਜੇ ਤੂੰ ਪੁੰਨਵਾਨ ਹੈਂ ਤਾਂ ਕਿਉਂ ਛਟਪਟਾਉਂਦਾ ਹੈਂ ? ਅਤੇ ਜੇ ਤੂੰ ਪੁੰਨਵਾਨ ਨਹੀਂ ਹੈਂ ਤਾਂ ਵੀ ਕਿਉਂ ਛਟਪਟਾ ਰਿਹਾ ਹੈਂ ?

ਪੁੰਨਸ਼ਾਲੀ ਵੀ ਕਿਹੋ ਜਿਹਾ ? ਇਸ ਹਵਲਦਾਰ ਨੂੰ ਵੀ ਆਫਿਸ ਤੋਂ ਪਰੇਸ਼ਾਨ ਹੋ ਕੇ ਘਰ ਵਾਪਸ ਆਉਣ 'ਤੇ ਉਸਦੀ ਪਤਨੀ ਕੀ ਕਹਿੰਦੀ ਹੈ, 'ਡੇਢ ਘੰਟਾ ਲੇਟ ਹੋ, ਕਿੱਥੇ ਗਏ ਸੀ ?' ਇਹ ਦੇਖੋ ਪੁੰਨਸ਼ਾਲੀ! ਪੁੰਨਸ਼ਾਲੀ ਨਾਲ ਕੀ ਇੰਝ ਹੁੰਦਾ ਹੈ ? ਪੁੰਨਸ਼ਾਲੀ ਨੂੰ ਤਾਂ ਤੱਤੀ ਹਵਾ ਵੀ ਨਹੀਂ ਛੂੰਹਦੀ। ਬਚਪਨ ਤੋਂ ਹੀ ਉਹ ਕੁਆਲਿਟੀ (ਕਾਬਲੀਅਤ) ਅਲੱਗ ਹੀ ਹੁੰਦੀ ਹੈ। ਉਸ ਨੂੰ ਅਪਮਾਨ ਦਾ ਸੰਜੋਗ ਪ੍ਰਾਪਤ ਨਹੀਂ ਹੁੰਦਾ। ਜਿੱਥੇ ਜਾਵੇ ਉੱਥੇ 'ਆਓ ਆਓ ਭਾਈ ਸਾਹਿਬ' ਇਸ ਤਰ੍ਹਾਂ ਪਰਵਰਿਸ਼ ਹੁੰਦੀ ਹੈ ਅਤੇ ਇਹ ਤਾਂ ਇੱਥੇ ਟਕਰਾਇਆ, ਉੱਥੇ ਟਕਰਾਇਆ। ਇਸ ਦਾ ਕੀ ਅਰਥ ਹੈ ? ਫਿਰ ਪੁੰਨ ਦੀ ਸਮਾਪਤੀ ਹੋਣ 'ਤੇ ਜਿਵੇਂ ਸੀ ਉਵੇਂ ਦਾ ਹੋ ਜਾਂਦਾ ਹੈ। ਜੇ ਤੂੰ ਪੁੰਨਸ਼ਾਲੀ ਨਹੀਂ ਹੈਂ ਤਾਂ ਸਾਰੀ ਰਾਤ ਪੱਟੀ ਬੰਨ੍ਹ ਕੇ ਫਿਰੇਂ (ਜ਼ਿਆਦਾ ਮਿਹਨਤ ਕਰੇਂ) ਤਾਂ ਵੀ ਕੀ ਸਵੇਰ ਨੂੰ ਪੰਜਾਹ ਰੁਪਏ ਮਿਲ ਜਾਣਗੇ ? ਇਸ ਲਈ ਛਟਪਟਾਉਣਾ ਨਹੀਂ। ਜੋ ਕੁੱਝ ਮਿਲਿਆ ਉਹ ਖਾ-ਪੀ ਕੇ ਪਿਆ ਰਹਿ ਚੁੱਪਚਾਪ।

ਲੱਛਮੀ (ਧਨ) ਅਰਥਾਤ ਪੁੰਨਸ਼ਾਲੀ ਲੋਕਾਂ ਦਾ ਕੰਮ ਹੈ। ਪੁੰਨ ਦਾ ਹਿਸਾਬ ਇਹੋ ਜਿਹਾ ਹੈ ਕਿ, ਬਹੁਤ ਮਿਹਨਤ ਕਰੇ ਅਤੇ ਘੱਟ ਤੋਂ ਘੱਟ ਮਿਲੇ ਬਹੁਤ ਹੀ ਘੱਟ, ਉਹ ਨਾਮ ਮਾਤਰ ਦਾ ਪੁੰਨ ਕਹਾਉਂਦਾ ਹੈ। ਸਰੀਰਿਕ ਮਿਹਨਤ ਬਹੁਤੀ ਨਾ ਕਰਨੀ ਪਵੇ ਅਤੇ ਬਾਣੀ ਦੀ ਮਿਹਨਤ ਕਰਨੀ ਪਵੇ, ਵਕੀਲਾਂ ਦੀ ਤਰ੍ਹਾਂ, ਉਹ ਪਹਿਲਾਂ ਨਾਲੋਂ ਥੋੜ੍ਹਾ ਜ਼ਿਆਦਾ ਪੁੰਨ ਕਹਾਉਂਦਾ ਹੈ। ਅਤੇ ਉਸ ਤੋਂ ਅੱਗੇ ਕੀ ? ਬਾਣੀ ਦੇ ਝੰਜਟ ਤੋਂ ਬਿਨਾਂ, ਸਰੀਰਿਕ ਝੰਜਟ ਤੋਂ ਬਿਨਾਂ, ਸਿਰਫ਼ ਮਾਨਸਿਕ ਝੰਜਟ ਨਾਲ ਕਮਾਵੇ ਉਹ ਜ਼ਿਆਦਾ ਪੁੰਨਸ਼ਾਲੀ ਕਹਾਉਂਦਾ ਹੈ। ਅਤੇ ਉਸ ਤੋਂ ਵੀ ਅੱਗੇ ਕੀ ? ਸੰਕਲਪ ਕਰਦੇ ਹੀ ਤਿਆਰ ਹੋ ਜਾਵੇ। ਸੰਕਲਪ ਕੀਤਾ, ਇਹ ਮਿਹਨਤ। ਸੰਕਲਪ ਕੀਤਾ ਕਿ ਦੋ ਬੰਗਲੇ, ਇੱਕ ਗੋਦਾਮ, ਅਜਿਹਾ ਸੰਕਲਪ ਕਰਨ 'ਤੇ ਤਿਆਰ ਹੋ ਜਾਂਦਾ ਹੈ। ਉਹ ਮਹਾਂ ਪੁੰਨਸ਼ਾਲੀ। ਸੰਕਲਪ ਕੀਤਾ, ਇੰਨੀ ਹੀ ਮਿਹਨਤ, ਬੱਸ। ਸੰਕਲਪ ਕਰਨਾ ਪਵੇਗਾ, ਬਿਨਾਂ ਸੰਕਲਪ ਦੇ ਨਹੀਂ ਹੁੰਦਾ। ਥੋੜ੍ਹੀ ਜਿਹੀ ਮਿਹਨਤ ਤਾਂ ਚਾਹੀਦੀ ਹੈ ਨਾ!

ਸੰਸਾਰ, ਉਹ ਬਿਨਾਂ ਮਿਹਨਤ ਦਾ ਫ਼ਲ ਹੈ। ਇਸ ਲਈ ਭੋਗੋ, ਪਰ ਭੋਗਣਾ ਵੀ ਆਉਣਾ ਚਾਹੀਦਾ ਹੈ। ਭਗਵਾਨ ਨੇ ਕਿਹਾ ਹੈ ਕਿ ਇਸ ਸੰਸਾਰ ਵਿੱਚ ਜਿੰਨੀਆਂ ਜ਼ਰੂਰੀ ਚੀਜ਼ਾਂ ਹਨ ਉਸ ਵਿੱਚ ਜੇ ਤੈਨੂੰ ਕਮੀ ਹੋਵੇ ਤਾਂ ਸੁਭਾਵਿਕ ਰੂਪ ਵਿੱਚ ਦੁੱਖ ਹੋਵੇਗਾ। ਇਸ ਵਕਤ ਹਵਾ ਬੰਦ ਹੋ ਜਾਵੇ ਅਤੇ ਦਮ ਘੁੱਟਦਾ ਹੋਵੇ ਤਾਂ ਅਸੀਂ ਕਹਾਂਗੇ ਕਿ ਦੁੱਖ ਹੈ ਇਹਨਾਂ ਲੋਕਾਂ ਨੂੰ। ਦਮ ਘੁਟਣ ਵਰਗਾ ਵਾਤਾਵਰਣ ਹੋਵੇ ਉਦੋਂ ਦੁੱਖ ਕਹਾਵੇਗਾ। ਦੁਪਹਿਰ ਹੋਣ 'ਤੇ ਦੋ-ਤਿੰਨ ਵਜੇ ਤੱਕ ਖਾਣਾ ਨਾ ਮਿਲੇ ਤਾਂ ਅਸੀਂ ਸਮਝਾਂਗੇ ਕਿ ਇਹਨਾਂ ਨੂੰ ਕੁੱਝ ਦੁੱਖ ਹੈ। ਜਿਸ ਦੇ ਬਗੈਰ ਸਰੀਰ ਜੀਅ ਨਾ ਸਕੇ ਇਹੋ ਜਿਹੀਆਂ ਜ਼ਰੂਰੀ ਚੀਜ਼ਾਂ ਉਹ ਨਾ ਮਿਲਣ ਤਾਂ ਉਹ ਦੁੱਖ ਕਹਾਵੇਗਾ। ਇਹ ਸਭ ਤਾਂ ਹੈ, ਜ਼ਿਆਦਾ ਮਾਤਰਾ ਵਿੱਚ ਹੈ, ਪਰ ਉਸ ਨੂੰ ਭੋਗਦੇ ਵੀ ਨਹੀਂ ਅਤੇ ਹੋਰ ਗੱਲਾਂ ਵਿੱਚ ਉਲਝੇ ਪਏ ਹਨ। ਉਸ ਨੂੰ ਭੋਗਦੇ ਹੀ ਨਹੀਂ। ਕਿਉਂਕਿ ਇੱਕ ਮਿੱਲ ਮਾਲਕ ਭੋਜਨ ਕਰਨ ਬੈਠਦਾ ਹੈ ਤਾਂ ਬੱਤੀ ਤਰ੍ਹਾਂ ਦੇ ਪਕਵਾਨ ਹੁੰਦੇ ਹਨ ਪਰ ਉਹ ਵਿਚਾਰਾ ਮਿੱਲ ਵਿੱਚ ਹੁੰਦਾ ਹੈ। ਸੇਠਾਣੀ ਪੁੱਛਦੀ ਹੈ ਕਿ, 'ਪਕੌੜੇ ਕਿਸ ਤਰ੍ਹਾਂ ਦੇ ਬਣੇ ਹਨ ?' ਤਾਂ ਕਹਿੰਦਾ ਹੈ, 'ਮੈਨੂੰ ਪਤਾ ਨਹੀਂ। ਤੂੰ ਬਾਰ-ਬਾਰ ਪੁੱਛਿਆ ਨਾ ਕਰ।' ਇਸ ਤਰ੍ਹਾਂ ਹੈ ਇਹ ਸਭ।

ਇਹ ਸੰਸਾਰ ਤਾਂ ਇਹੋ ਜਿਹਾ ਹੈ। ਇਸ ਵਿੱਚ ਭੋਗਣ ਵਾਲੇ ਵੀ ਹੁੰਦੇ ਹਨ ਅਤੇ ਮਿਹਨਤ ਕਰਨ ਵਾਲੇ ਵੀ ਹੁੰਦੇ ਹਨ, ਸਭ ਮਿਲਿਆ-ਜੁਲਿਆ ਹੁੰਦਾ ਹੈ। ਮਿਹਨਤ ਕਰਨ ਵਾਲੇ ਇੰਝ ਸਮਝਦੇ ਹਨ ਕਿ ਇਹ 'ਮੈਂ ਕਰ ਰਿਹਾ ਹਾਂ।' ਉਹਨਾਂ ਵਿੱਚ ਇਹ ਅਹੰਕਾਰ ਹੁੰਦਾ ਹੈ। ਜਦੋਂ ਕਿ ਭੋਗਣ ਵਾਲਿਆਂ ਵਿੱਚ ਇਹ ਅਹੰਕਾਰ ਨਹੀਂ ਹੁੰਦਾ। ਪਰ ਉਦੋਂ ਇਹਨਾਂ ਨੂੰ ਭੋਗਤਾਪਨ ਦਾ ਰਸ ਮਿਲਦਾ ਹੈ। ਮਿਹਨਤ ਕਰਨ ਵਾਲੇ ਨੂੰ ਅਹੰਕਾਰ ਦਾ ਗਰਵਰਸ ਮਿਲਦਾ ਹੈ।

ਇੱਕ ਸੇਠ ਨੇ ਮੈਨੂੰ ਕਿਹਾ, 'ਮੇਰੇ ਲੜਕੇ ਨੂੰ ਕੁੱਝ ਕਹੋ, ਮਿਹਨਤ ਨਹੀਂ ਕਰਦਾ। ਆਰਾਮ ਨਾਲ ਗੁਲਛਰਰੇ ਉਡਾਉਂਦਾ ਹੈ।' ਮੈਂ ਕਿਹਾ, 'ਕੁੱਝ ਕਹਿਣ ਜਿਹਾ ਨਹੀਂ ਹੈ। ਉਹ ਆਪਣੇ ਖੁਦ ਦੇ ਹਿੱਸੇ ਦਾ ਪੁੰਨ ਭੋਗ ਰਿਹਾ ਹੈ ਉਸ ਵਿੱਚ ਅਸੀਂ ਕਿਉਂ ਦਖ਼ਲ ਦਈਏ ?' ਇਸ ਗੱਲ 'ਤੇ ਉਸ ਸੇਠ ਨੇ ਮੈਨੂੰ ਕਿਹਾ ਕਿ, 'ਉਸ ਨੂੰ ਸਿਆਣਾ ਨਹੀਂ ਬਣਾਉਣਾ ?' ਮੈਂ ਕਿਹਾ, 'ਸੰਸਾਰ ਵਿੱਚ ਜੋ ਭੋਗ ਰਿਹਾ ਹੈ ਉਹ ਸਿਆਣਾ ਕਹਾਉਂਦਾ ਹੈ। ਬਾਹਰ ਸੁੱਟ ਦੇਵੇ, ਉਹ ਪਾਗਲ ਕਹਾਉਂਦਾ ਹੈ ਅਤੇ ਮਿਹਨਤ ਕਰਦਾ ਰਹੇ ਉਹ ਤਾਂ ਮਜ਼ਦੂਰ ਕਹਾਉਂਦਾ ਹੈ।' ਪਰ ਜਿਹੜਾ ਮਿਹਨਤ ਕਰਦਾ ਹੈ ਉਸਨੂੰ ਅਹੰਕਾਰ ਦਾ ਰਸ ਮਿਲਦਾ ਹੈ ਨਾ! ਅਚਕਨ (ਲੰਬਾ ਕੋਟ) ਪਹਿਨ ਕੇ ਜਾਣ 'ਤੇ ਲੋਕ ਉਸਨੂੰ ਸੇਠ ਜੀ ਆਏ, ਸੇਠ ਜੀ ਆਏ, ਕਰਦੇ ਹਨ, ਬੱਸ ਇੰਨਾ ਹੀ।

ਅਤੇ ਭੋਗਣ ਵਾਲੇ ਨੂੰ ਸੇਠ-ਬੇਠ ਦੀ ਕੋਈ ਪਰਵਾਹ ਨਹੀਂ ਹੁੰਦੀ। ਅਸੀਂ ਤਾਂ ਆਪਣਾ ਭੋਗ ਲਿਆ ਓਨਾ ਹੀ ਸਹੀ।

ਦੁਨੀਆ ਦਾ ਕਾਨੂੰਨ ਇਹੋ ਜਿਹਾ ਹੈ ਕਿ ਹਿੰਦੁਸਤਾਨ ਵਿੱਚ ਜਿਵੇਂ-ਜਿਵੇਂ ਬਿਨਾਂ ਬਰਕਤ ਦੇ ਮਨੁੱਖ ਪੈਦਾ ਹੋਣਗੇ ਉਵੇਂ ਲੱਛਮੀ ਵੱਧਦੀ ਜਾਵੇਗੀ ਅਤੇ ਜੋ ਬਰਕਤ ਵਾਲਾ ਹੋਵੇਗਾ ਉਸ ਦੇ ਕੋਲ ਰੁਪਏ ਨਹੀਂ ਆਉਣ ਦੇਣਗੇ। ਅਰਥਾਤ ਇਹ ਤਾਂ ਬਿਨਾਂ ਬਰਕਤ ਵਾਲੇ ਲੋਕਾਂ ਨੂੰ ਲੱਛਮੀ ਪ੍ਰਾਪਤ ਹੋਈ ਹੈ ਅਤੇ ਟੇਬਲ 'ਤੇ ਭੋਜਨ ਮਿਲਦਾ ਹੈ। ਸਿਰਫ਼, ਕਿਵੇਂ ਖਾਣਾ-ਪੀਣਾ, ਇਹ ਨਹੀਂ ਆਉਂਦਾ।

ਇਸ ਕਾਲ ਦੇ ਜੀਵ ਭੋਲੇ ਹਨ। ਕੋਈ ਲੈ ਗਿਆ ਤਾਂ ਵੀ ਕੁੱਝ ਨਹੀਂ। ਉੱਚੀ ਜਾਤੀ, ਨੀਵੀਂ ਜਾਤੀ ਦੀ ਕੋਈ ਪਰਵਾਹ ਨਹੀਂ। ਇਹੋ ਜਿਹੇ ਭੋਲੇ ਹਨ ਇਸ ਲਈ ਲੱਛਮੀ ਬਹੁਤ ਆਉਂਦੀ ਹੈ। ਲੱਛਮੀ ਤਾਂ, ਜੋ ਬਹੁਤ ਜਾਗ੍ਰਿਤ ਹੋਵੇਗਾ ਉਸ ਕੋਲ ਹੀ ਨਹੀਂ ਆਵੇਗੀ। ਬਹੁਤ ਜਾਗ੍ਰਿਤ ਹੋਵੇਗਾ ਉਹ ਬਹੁਤ ਕਸ਼ਾਏ ਕਰੇਗਾ। ਸਾਰਾ ਦਿਨ ਕਸ਼ਾਏ ਕਰਦਾ ਰਹੇ ਅਤੇ ਇਹ (ਭੋਲੇ) ਤਾਂ ਜਾਗ੍ਰਿਤ ਨਹੀਂ, ਕਸ਼ਾਏ ਹੀ ਨਹੀਂ ਨਾ, ਕੋਈ ਝੰਜਟ ਹੀ ਨਹੀਂ ਨਾ! ਲੱਛਮੀ ਉੱਥੇ ਆਉਂਦੀ ਹੈ, ਪਰ ਖਰਚ ਕਰਨਾ ਨਹੀਂ ਆਉਂਦਾ। ਸਭ ਅਚੇਤ ਅਵਸਥਾ (ਬੇਹੋਸ਼ੀ) ਵਿੱਚ ਜਾਂਦੀ ਰਹਿੰਦੀ ਹੈ।

ਇਹ ਧਨ ਜੋ ਹੈ ਨਾ ਵਰਤਮਾਨ ਵਿੱਚ, ਇਹ ਸਾਰਾ ਧਨ ਹੀ ਖੋਟਾ ਹੈ। ਬਹੁਤ ਘੱਟ ਮਾਤਰਾ ਵਿੱਚ ਸੱਚਾ ਧਨ ਹੈ। ਦੋ ਤਰ੍ਹਾਂ ਦਾ ਪੁੰਨ ਹੁੰਦਾ ਹੈ, ਇੱਕ ਪਾਪਾਨੁਬੰਧੀ ਪੁੰਨ ਜੋ ਕਿ ਅਧੋਗਤੀ (ਪਤਨ) ਜਾਂ ਦੁਰਦਸ਼ਾ ਵਿੱਚ ਲੈ ਜਾਵੇ, ਇਹੋ ਜਿਹਾ ਪੁੰਨ, ਅਤੇ ਜੋ ਊਰਧਵਗਤੀ ਵਿੱਚ ਲੈ ਜਾਵੇ ਉਹ ਪੁੰਨਿਆਨੁਬੰਧੀ ਪੁੰਨ। ਹੁਣ ਇਹੋ ਜਿਹਾ ਧਨ ਬਹੁਤ ਘੱਟ ਬਚਿਆ ਹੈ। ਵਰਤਮਾਨ ਵਿੱਚ ਇਹ ਰੁਪਏ ਜੋ ਬਾਹਰ ਸਭ ਜਗ੍ਹਾ ਦਿਖਾਈ ਦਿੰਦੇ ਹਨ ਨਾ, ਇਹ ਪਾਪਾਨੁਬੰਧੀ ਪੁੰਨ ਦੇ ਰੁਪਏ ਹਨ ਅਤੇ ਇਹ ਨਿਰੇ ਕਰਮ ਬੰਨ੍ਹਦੇ ਹੀ ਰਹਿੰਦੇ ਹਨ ਅਤੇ ਭਿਅੰਕਰ ਅਧੋਗਤੀ ਵਿੱਚ ਲੈ ਜਾ ਰਹੇ ਹਨ। ਪੁੰਨਿਆਨੁਬੰਧੀ ਪੁੰਨ ਕਿਹੋ ਜਿਹਾ ਹੋਵੇ ? ਨਿਰੰਤਰ ਅੰਤਰਸ਼ਾਂਤੀ ਨਾਲ ਸ਼ਾਨੋ-ਸ਼ੌਕਤ ਹੋਵੇ, ਉੱਥੇ ਧਰਮ ਹੁੰਦਾ ਹੈ।

ਅੱਜ ਦੀ ਲੱਛਮੀ ਪਾਪਾਨੁਬੰਧੀ ਪੁੰਨਿਆਈ ਦੀ ਹੈ, ਇਸ ਲਈ ਉਹ ਕਲੇਸ਼ ਕਰਵਾਏ ਇਹੋ ਜਿਹੀ ਹੈ, ਉਸ ਦੇ ਬਜਾਏ ਘੱਟ ਆਵੇ ਤਾਂ ਚੰਗਾ। ਘਰ ਵਿੱਚ ਕਲੇਸ਼ ਤਾਂ ਨਾ ਹੋਵੇ। ਅੱਜ ਜਿੱਥੇ-ਜਿੱਥੇ ਲੱਛਮੀ ਦਾ ਪ੍ਰਵੇਸ਼ ਹੁੰਦਾ ਹੈ ਉੱਥੇ ਕਲੇਸ਼ ਦਾ ਮਾਹੌਲ ਬਣ ਜਾਂਦਾ ਹੈ। ਰੋਟੀ ਅਤੇ ਇੱਕ ਸਬਜ਼ੀ ਭਲੇ ਹੀ ਹੋਵੇ ਪਰ ਬੱਤੀ ਪ੍ਰਕਾਰ ਦੇ ਪਕਵਾਨ ਕੰਮ ਦੇ ਨਹੀਂ ਹਨ। ਇਸ ਕਾਲ ਵਿੱਚ ਜੇ ਸੱਚੀ ਲੱਛਮੀ ਆਵੇ

ਤਾਂ ਇੱਕ ਹੀ ਰੁਪਈਆ, ਓ..ਹੋ..ਹੋ..ਕਿੰਨਾ ਸੁੱਖ ਦੇ ਕੇ ਜਾਵੇ! ਪੁੰਨਿਆਨੁਬੰਧੀ ਪੁੰਨ ਤਾਂ ਘਰ ਵਿੱਚ ਸਭ ਨੂੰ ਸੁੱਖ-ਸ਼ਾਂਤੀ ਦੇ ਕੇ ਜਾਂਦਾ ਹੈ, ਘਰ ਵਿੱਚ ਸਭ ਨੂੰ ਧਰਮ ਦੇ ਹੀ ਵਿਚਾਰ ਰਿਹਾ ਕਰਦੇ ਹਨ।

ਮੁੰਬਈ ਵਿੱਚ ਇੱਕ ਉੱਚ ਸੰਸਕਾਰੀ ਪਰਿਵਾਰ ਦੀ ਇਸਤਰੀ ਨੂੰ ਮੈਂ ਪੁੱਛਿਆ, 'ਘਰ ਵਿੱਚ ਕਲੇਸ਼ ਤਾਂ ਨਹੀਂ ਹੁੰਦਾ ਨਾ ?' ਤਾਂ ਉਹ ਇਸਤਰੀ ਕਹਿੰਦੀ ਹੈ, 'ਰੋਜ਼ਾਨਾ ਸਵੇਰੇ ਕਲੇਸ਼ ਦੇ ਨਾਸ਼ਤੇ ਹੁੰਦੇ ਹਨ!' ਮੈਂ ਕਿਹਾ, 'ਫਿਰ ਤਾਂ ਤੁਹਾਡੇ ਨਾਸ਼ਤੇ ਦੇ ਪੈਸੇ ਬਚ ਗਏ, ਨਹੀਂ ?' ਉਸ ਇਸਤਰੀ ਨੇ ਕਿਹਾ, 'ਨਹੀਂ, ਨਹੀਂ ਖਰਚਾ ਤਾਂ ਹੈ ਹੀ ਹੈ, ਬਰੈੱਡ ਨੂੰ ਮੱਖਣ ਲਗਾਉਣਾ ਹੁੰਦਾ ਹੈ!' ਉਦੋਂ ਕਲੇਸ਼ ਵੀ ਹੁੰਦਾ ਹੈ ਅਤੇ ਨਾਸ਼ਤਾ ਵੀ ਚੱਲਦਾ ਹੈ। ਓਏ, ਕਿਸ ਤਰ੍ਹਾਂ ਦੇ ਇਨਸਾਨ ਹੋ ਤੁਸੀਂ ?

ਹਮੇਸ਼ਾ, ਜੇਕਰ ਲੱਛਮੀ ਨਿਰਮਲ ਹੋਵੇਗੀ ਤਾਂ ਸਭ ਚੰਗਾ ਰਹੇਗਾ, ਮਨ ਚੰਗਾ ਰਹੇਗਾ। ਇਹ ਲੱਛਮੀ ਖੋਟ ਦੀ ਆਈ ਹੈ ਉਸ ਨਾਲ ਕਲੇਸ਼ ਹੁੰਦਾ ਹੈ। ਅਸੀਂ ਬਚਪਨ ਵਿੱਚ ਤੈਅ ਕੀਤਾ ਸੀ ਕਿ ਜਿੱਥੇ ਤੱਕ ਹੋ ਸਕੇ ਉੱਥੇ ਤੱਕ ਖੋਟੀ ਲੱਛਮੀ ਘੁਸਣ ਹੀ ਨਹੀਂ ਦੇਣੀ। ਇਸ ਲਈ ਅੱਜ ਛਿਆਹਠ ਸਾਲ ਦੇ ਹੋਣ 'ਤੇ ਵੀ ਖੋਟੀ ਲੱਛਮੀ ਘੁਸਣ ਹੀ ਨਹੀਂ ਦਿੱਤੀ, ਇਸ ਦੇ ਕਾਰਨ ਤਾਂ ਘਰ ਵਿੱਚ ਕਿਸੇ ਦਿਨ ਕਲੇਸ਼ ਪੈਦਾ ਹੋਇਆ ਹੀ ਨਹੀਂ। ਘਰ ਵਿੱਚ ਤੈਅ ਕੀਤਾ ਸੀ ਕਿ ਇੰਨੇ ਪੈਸਿਆਂ ਨਾਲ ਘਰ ਚਲਾਉਣਾ ਹੈ। ਧੰਦੇ ਵਿੱਚ ਲੱਖਾਂ ਦੀ ਕਮਾਈ ਹੋਵੇ, ਪਰ ਇਹ 'ਪਟੇਲ' ਸਰਵਿਸ ਕਰਨ ਜਾਵੇ ਤਾਂ ਤਨਖਾਹ ਕਿੰਨੀ ਮਿਲਦੀ ? ਜ਼ਿਆਦਾ ਤੋਂ ਜ਼ਿਆਦਾ ਛੇ ਸੌ-ਸੱਤ ਸੌ ਰੁਪਏ ਮਿਲਦੇ। ਧੰਦਾ, ਇਹ ਤਾਂ ਪੁੰਨਿਆਈ ਦੀ ਖੇਡ ਹੈ। ਇਸ ਲਈ ਜਿੰਨੇ ਨੌਕਰੀ ਵਿੱਚ ਮਿਲਦੇ ਉੱਨੇ ਪੈਸੇ ਹੀ ਘਰ ਵਿੱਚ ਖਰਚ ਕਰ ਸਕਦੇ ਹਾਂ, ਬਾਕੀ ਤਾਂ ਧੰਦੇ ਵਿੱਚ ਹੀ ਰਹਿਣ ਦੇਣੇ ਚਾਹੀਦੇ ਹਨ। ਇਨਕਮ ਟੈਕਸ ਦੀ ਚਿੱਠੀ ਆਉਣ 'ਤੇ ਅਸੀਂ ਕਹੀਏ ਕਿ, ਉਸ ਵਾਧੂ ਰਕਮ ਵਿੱਚੋਂ ਇਹ ਭਰ ਦਿਓ। ਕਦੋਂ ਕਿਹੜਾ ਅਟੈਕ ਆਵੇਗਾ (ਮੁਸੀਬਤ) ਉਸ ਦਾ ਕੋਈ ਟਿਕਾਣਾ ਨਹੀਂ ਹੈ। ਜੇ ਉਹ ਪੈਸੇ ਖਰਚ ਕਰ ਦਿੱਤੇ ਜਾਣ ਅਤੇ ਇਨਕਮ ਟੈਕਸ ਦਾ ਅਟੈਕ ਆ ਜਾਵੇ ਤਾਂ ਸਾਨੂੰ ਇੱਥੇ ਉਹ ਦੂਸਰਾ (ਹਾਰਟ) 'ਅਟੈਕ' ਆ ਜਾਵੇ। ਸਭ ਜਗ੍ਹਾ ਅਟੈਕ ਘੁਸ ਗਏ ਹਨ ਨਾ ? ਇਸ ਨੂੰ ਜੀਵਨ ਕਿਵੇਂ ਕਿਹਾ ਜਾਵੇ ? ਤੁਹਾਨੂੰ ਕੀ ਲੱਗਦਾ ਹੈ ? ਗਲਤੀ ਮਹਿਸੂਸ ਹੁੰਦੀ ਹੈ ਕਿ ਨਹੀਂ ? ਇਸ ਲਈ ਸਾਨੂੰ ਗਲਤੀ ਸੁਧਾਰਨੀ ਹੈ।

ਲੱਛਮੀ ਸਹਿਜ ਭਾਵ ਨਾਲ ਪ੍ਰਾਪਤ ਹੁੰਦੀ ਹੋਵੇ ਤਾਂ ਹੋਣ ਦੇਣਾ। ਪਰ ਉਸ ਦਾ ਅਧਾਰ ਨਹੀਂ ਲੈਣਾ। ਅਧਾਰ ਲੈ ਕੇ 'ਚੈਨ' ਨਾਲ ਬੈਠ ਜਾਓਗੇ ਤਾਂ ਕਦੋਂ ਉਹ ਅਧਾਰ

ਖਿਸਕ ਜਾਵੇਗਾ, ਇਹ ਕਹਿ ਨਹੀਂ ਸਕਦੇ। ਇਸ ਲਈ ਸੰਭਲ ਕੇ ਚੱਲੋ ਕਿ ਜਿਸ ਨਾਲ ਅਸ਼ਾਤਾ ਵੇਦਨੀਯ (ਦੁੱਖ ਦੇ ਸਮੇਂ) ਵਿੱਚ ਪਰੇਸ਼ਾਨ ਨਾ ਹੋ ਜਾਈਏ।

**ਪ੍ਰਸ਼ਨਕਰਤਾ** : ਸੁਗੰਧੀ ਵਾਲੀ ਲੱਛਮੀ ਕਿਹੋ ਜਿਹੀ ਹੁੰਦੀ ਹੈ ?

**ਦਾਦਾਸ਼੍ਰੀ** : ਉਹ ਲੱਛਮੀ ਸਾਨੂੰ ਜ਼ਰਾ ਵੀ ਚਿੰਤਾ ਨਹੀਂ ਕਰਾਉਂਦੀ। ਘਰ ਵਿੱਚ ਸਿਰਫ਼ ਸੌ ਰੁਪਏ ਹੋਣ 'ਤੇ ਵੀ ਸਾਨੂੰ ਜ਼ਰਾ ਵੀ ਚਿੰਤਾ ਨਾ ਕਰਵਾਏ। ਕੋਈ ਕਹੇਗਾ ਕਿ ਕੱਲ੍ਹ ਤੋਂ ਸ਼ੱਕਰ ਦਾ ਕੰਟਰੋਲ (ਅੰਕੁਸ਼) ਆਉਣ ਵਾਲਾ ਹੈ, ਫਿਰ ਵੀ ਮਨ ਵਿੱਚ ਚਿੰਤਾ ਨਹੀਂ ਹੋਵੇਗੀ। ਚਿੰਤਾ ਨਹੀਂ, ਹਾਏ-ਹਾਏ ਨਹੀਂ। ਵਰਤਨ ਕਿਹੋ ਜਿਹਾ ਖੁਸ਼ਬੂਦਾਰ, ਬਾਣੀ ਕਿਹੋ ਜਿਹੀ ਖੁਸ਼ਬੂਦਾਰ ਅਤੇ ਉਸਨੂੰ ਪੈਸੇ ਕਮਾਉਣ ਦਾ ਵਿਚਾਰ ਹੀ ਨਹੀਂ ਆਉਂਦਾ, ਇਹੋ ਜਿਹਾ ਪੁੰਨਿਆਨੁਬੰਧੀ ਪੁੰਨ ਹੁੰਦਾ ਹੈ। ਜਿਸ ਦੀ ਪੁੰਨਿਆਨੁਬੰਧੀ ਪੁੰਨ ਵਾਲੀ ਲੱਛਮੀ ਹੋਵੇਗੀ ਉਸ ਨੂੰ ਪੈਸੇ ਪੈਦਾ ਕਰਨ ਦੇ ਵਿਚਾਰ ਹੀ ਨਹੀਂ ਆਉਣਗੇ। ਇਹ ਤਾਂ ਸਭ ਪਾਪਾਨੁਬੰਧੀ ਪੁੰਨ ਦੀ ਲੱਛਮੀ ਹੈ। ਇਸ ਨੂੰ ਤਾਂ ਲੱਛਮੀ ਹੀ ਨਹੀਂ ਕਹਿ ਸਕਦੇ! ਨਿਰੇ ਪਾਪ ਦੇ ਹੀ ਵਿਚਾਰ ਆਉਂਦੇ ਰਹਿਣ, 'ਕਿਵੇਂ ਇਕੱਠਾ ਕੀਤਾ ਜਾਵੇ, ਕਿਵੇਂ ਇਕੱਠਾ ਕੀਤਾ ਜਾਵੇ' ਇਹੀ ਪਾਪ ਹੈ। ਕਹਿੰਦੇ ਹਨ ਕਿ ਪਹਿਲਾਂ ਦੇ ਜ਼ਮਾਨੇ ਵਿੱਚ ਸੇਠਾਂ ਦੇ ਘਰ ਇਹੋ ਜਿਹੀ ਪੁੰਨਿਆਨੁਬੰਧੀ ਪੁੰਨ ਦੀ ਲੱਛਮੀ ਹੋਇਆ ਕਰਦੀ ਸੀ ਕਿ ਉਹ ਲੱਛਮੀ ਜਮ੍ਹਾਂ ਹੁੰਦੀ ਸੀ, ਜਮ੍ਹਾਂ ਕਰਨੀ ਨਹੀਂ ਪੈਂਦੀ ਸੀ। ਜਦੋਂ ਕਿ ਇਹਨਾਂ ਲੋਕਾਂ ਨੂੰ ਤਾਂ ਜਮ੍ਹਾਂ ਕਰਨੀ ਪੈਂਦੀ ਹੈ। ਉਹ ਲੱਛਮੀ ਤਾਂ ਸਹਿਜ ਭਾਵ ਨਾਲ ਆਇਆ ਕਰਦੀ ਸੀ। ਖੁਦ ਇੰਝ ਕਹੇ ਕਿ, 'ਹੇ ਪ੍ਰਭੂ! ਇਹ ਰਾਜਲੱਛਮੀ ਮੈਨੂੰ ਸੁਪਨੇ ਵਿੱਚ ਵੀ ਨਹੀਂ ਚਾਹੀਦੀ' ਫਿਰ ਵੀ ਉਹ ਆਉਂਦੀ ਹੀ ਰਹਿੰਦੀ ਸੀ। ਉਹ ਕੀ ਕਹਿੰਦੇ ਸਨ ਕਿ ਆਤਮਲੱਛਮੀ ਹੋਵੇ ਪਰ ਇਹ ਰਾਜਲੱਛਮੀ ਸਾਨੂੰ ਸੁਪਨੇ ਵਿੱਚ ਵੀ ਨਾ ਹੋਵੇ। ਫਿਰ ਵੀ ਉਹ ਆਉਂਦੀ ਰਹਿੰਦੀ ਸੀ, ਉਹ ਪੁੰਨਿਆਨੁਬੰਧੀ ਪੁੰਨ।

ਸਾਨੂੰ ਵੀ ਸੰਸਾਰ ਵਿੱਚ ਚੰਗਾ ਨਹੀਂ ਲੱਗਦਾ ਸੀ। ਆਪਣਾ ਬਿਰਤਾਂਤ ਹੀ ਕਹਿੰਦਾ ਹਾਂ ਨਾ! ਮੈਨੂੰ ਖੁਦ ਕਿਸੇ ਵੀ ਚੀਜ਼ ਵਿੱਚ ਰਸ ਹੀ ਨਹੀਂ ਆਉਂਦਾ ਸੀ। ਕੋਈ ਪੈਸਾ ਦੇਵੇ ਤਾਂ ਵੀ ਬੋਝ ਲੱਗਦਾ ਸੀ। ਮੇਰੇ ਆਪਣੇ ਰੁਪਏ ਦੇਵੇ ਤਾਂ ਵੀ ਅੰਦਰ ਬੋਝ ਮਹਿਸੂਸ ਹੁੰਦਾ ਸੀ। ਲੈ ਜਾਣ 'ਤੇ ਵੀ ਬੋਝ ਲੱਗਦਾ, ਲਿਆਉਣ 'ਤੇ ਵੀ ਬੋਝ ਲੱਗਦਾ। ਹਰ ਗੱਲ ਵਿੱਚ ਬੋਝ ਲੱਗਦਾ, ਇਹ ਗਿਆਨ ਹੋਣ ਤੋਂ ਪਹਿਲਾਂ ਦੀ ਸਥਿਤੀ ਸੀ।

**ਪ੍ਰਸ਼ਨਕਰਤਾ** : ਸਾਡੇ ਵਿਚਾਰ ਇਹੋ ਜਿਹੇ ਹਨ ਅਤੇ ਧੰਦੇ ਵਿੱਚ ਇੰਨੇ ਵਿਅਸਤ ਹਾਂ ਕਿ ਲੱਛਮੀ ਦਾ ਮੋਹ ਜਾਂਦਾ ਹੀ ਨਹੀਂ, ਉਸੇ ਵਿੱਚ ਡੁੱਬੇ ਹੋਏ ਹਾਂ।

**ਦਾਦਾਸ਼੍ਰੀ** : ਇਸ ਤੋਂ ਬਾਅਦ ਵੀ ਪੂਰਨ ਸੰਤੋਸ਼ ਹੁੰਦਾ ਨਹੀਂ ਨਾ! ਪੱਚੀ ਲੱਖ ਇਕੱਠਾ ਕਰਾਂ, ਪੰਜਾਹ ਲੱਖ ਇਕੱਠਾ ਕਰਾਂ, ਇੰਝ ਰਿਹਾ ਕਰਦਾ ਹੈ ਨਾ ?!

ਇੰਝ ਹੈ, ਪੱਚੀ ਲੱਖ ਇਕੱਠਾ ਕਰਨ ਵਿੱਚ ਤਾਂ ਮੈਂ ਵੀ ਪੈਂਦਾ ਪਰ ਮੈਂ ਹਿਸਾਬ ਕੱਢ ਕੇ ਦੇਖਿਆ ਕਿ ਇੱਥੇ ਉਮਰ ਦਾ ਐਕਸਟੈਂਸ਼ਨ ਮਿਲਦਾ ਨਹੀਂ ਹੈ। ਸੌ (100) ਦੀ ਬਜਾਏ ਹਜ਼ਾਰ ਸਾਲ ਜਿਉਣ ਦਾ ਹੁੰਦਾ ਤਾਂ ਠੀਕ ਸੀ ਕਿ ਮਿਹਨਤ ਕੀਤੀ ਉਹ ਕੰਮ ਦੀ। ਇਹ ਤਾਂ ਆਯੁਸ਼ਯ (ਉਮਰ) ਦਾ ਕੋਈ ਠਿਕਾਣਾ ਨਹੀਂ ਹੈ।

ਇੱਕ ਸਵਸੱਤਾ ਹੈ, ਦੂਸਰੀ ਪਰਸੱਤਾ। ਸਵਸੱਤਾ ਕਿ ਜਿਸ ਵਿੱਚ ਖੁਦ ਪਰਮਾਤਮਾ ਹੋ ਸਕਦਾ ਹੈ। ਜਦੋਂ ਕਿ ਪੈਸੇ ਕਮਾਉਣ ਦੀ ਸੱਤਾ ਤੁਹਾਡੇ ਹੱਥ ਵਿੱਚ ਨਹੀਂ, ਉਹ ਪਰਸੱਤਾ ਹੈ, ਤਾਂ ਪੈਸੇ ਕਮਾਉਣਾ ਚੰਗਾ ਹੈ ਕਿ ਪਰਮਾਤਮਾ ਹੋਣਾ ਚੰਗਾ ? ਪੈਸੇ ਕੌਣ ਦਿੰਦਾ ਹੈ ਇਹ ਮੈਂ ਜਾਣਦਾ ਹਾਂ। ਪੈਸੇ ਕਮਾਉਣ ਦੀ ਸੱਤਾ ਜੇ ਖੁਦ ਦੇ ਹੱਥਾਂ ਵਿੱਚ ਹੋਵੇ ਤਾਂ ਝਗੜਾ ਕਰਕੇ ਵੀ ਕਿਸੇ ਤੋਂ ਲੈ ਕੇ ਆਉਂਦਾ, ਪਰ ਉਹ ਪਰਸੱਤਾ ਹੈ। ਇਸ ਲਈ ਚਾਹੇ ਜੋ ਵੀ ਕਰੋ ਤਾਂ ਵੀ ਕੁੱਝ ਹੋਣ ਵਾਲਾ ਨਹੀਂ ਹੈ। ਇੱਕ ਆਦਮੀ ਨੇ ਪੁੱਛਿਆ ਕਿ ਲੱਛਮੀ ਕਿਸ ਦੇ ਵਰਗੀ ਹੈ ? ਤਾਂ ਮੈਂ ਕਿਹਾ ਕਿ ਨੀਂਦ ਵਰਗੀ। ਕਿਸੇ ਨੂੰ ਸੌਂਦੇ ਹੀ ਤੁਰੰਤ ਨੀਂਦ ਆ ਜਾਂਦੀ ਹੈ ਅਤੇ ਕਿਸੇ ਨੂੰ ਸਾਰੀ ਰਾਤ ਕਰਵਟਾਂ ਬਦਲਦੇ ਰਹਿਣ ’ਤੇ ਵੀ ਨੀਂਦ ਨਹੀਂ ਆਉਂਦੀ ਅਤੇ ਕਈ ਤਾਂ ਨੀਂਦ ਲਿਆਉਣ ਦੇ ਲਈ ਗੋਲੀਆਂ ਖਾਂਦੇ ਹਨ। ਅਰਥਾਤ ਇਹ ਲੱਛਮੀ ਤੁਹਾਡੀ ਸੱਤਾ ਦੀ ਗੱਲ ਨਹੀਂ ਹੈ, ਉਹ ਪਰਸੱਤਾ ਹੈ ਅਤੇ ਸਾਨੂੰ ਪਰਸੱਤਾ ਦੀ ਚਿੰਤਾ ਕਰਨ ਦੀ ਕੀ ਜ਼ਰੂਰਤ ਹੈ ?

ਇਸ ਲਈ ਅਸੀਂ ਤੁਹਾਨੂੰ ਕਹਿੰਦੇ ਹਾਂ ਕਿ ਚਾਹੇ ਕਿੰਨੀ ਵੀ ਸਿਰ-ਖਪਾਈ (ਝੰਜਟ) ਕਰੋ ਤਾਂ ਵੀ ਪੈਸਾ ਮਿਲੇ ਇੰਝ ਨਹੀਂ ਹੈ। ਉਹ 'ਇਟ ਹੈਪਨਸ' (ਆਪਣੇ ਆਪ ਹੋ ਰਿਹਾ) ਹੈ। ਹਾਂ, ਅਤੇ ਤੁਸੀਂ ਉਸ ਵਿੱਚ ਨਿਮਿਤ ਹੋ। ਕੋਰਟ ਵਿੱਚ ਆਉਣਾ-ਜਾਣਾ ਇਹ ਨਿਮਿਤ ਹੈ। ਤੁਹਾਡੇ ਮੂੰਹ ਤੋਂ ਬਾਣੀ ਨਿਕਲਦੀ ਹੈ ਉਹ ਸਭ ਨਿਮਿਤ ਹੈ। ਇਸ ਲਈ ਤੁਸੀਂ ਇਸ ਵਿੱਚ ਜ਼ਿਆਦਾ ਧਿਆਨ ਨਾ ਦੇਣਾ, ਆਪਣੇ ਆਪ ਧਿਆਨ ਦਿੱਤਾ ਹੀ ਜਾਵੇਗਾ ਅਤੇ ਇਸ ਵਿੱਚ ਤੁਹਾਨੂੰ ਕੋਈ ਪਰੇਸ਼ਾਨੀ ਆਵੇ, ਇੰਝ ਨਹੀਂ ਹੈ।

ਇਹ ਤਾਂ ਮਨ ਵਿੱਚ ਅਜਿਹਾ ਸਮਝ ਬੈਠੇ ਹਨ ਕਿ, ਮੇਰੇ ਨਾ ਹੋਣ ’ਤੇ ਚੱਲੇਗਾ ਹੀ ਨਹੀਂ। ਇਹ ਕੋਰਟ ਬੰਦ ਹੋ ਜਾਵੇਗੀ ਇੰਝ ਸਮਝ ਬੈਠੇ ਹਨ। ਪਰ ਅਜਿਹਾ ਕੁੱਝ ਵੀ ਨਹੀਂ ਹੈ।

ਇਹ ਲੱਛਮੀ ਦਾ ਪ੍ਰਾਪਤ ਹੋਣਾ ਇਸ ਦੇ ਲਈ ਵੀ ਕਿੰਨੇ ਹੀ ਕਾਰਨ ਇਕੱਠੇ ਹੋਣ, ਤਾਂ ਇਹ ਲੱਛਮੀ ਪ੍ਰਾਪਤ ਹੋਵੇ ਇੰਝ ਹੈ। ਕਿਸੇ ਡਾਕਟਰ ਦੇ ਫਾਦਰ ਦੇ ਗਲ਼ੇ ਵਿੱਚ ਖਖਾਰ (ਕਫ਼) ਫਸ ਗਿਆ ਹੋਵੇ ਤਾਂ ਡਾਕਟਰ ਨੂੰ ਕਹੀਏ ਕਿ ਇੰਨੇ ਵੱਡੇ-ਵੱਡੇ ਆਪਰੇਸ਼ਨ ਕੀਤੇ ਹਨ ਤਾਂ ਇਹ ਆਪਰੇਸ਼ਨ ਕਰਕੇ ਖਖਾਰ (ਕਫ਼) ਕੱਢ ਦੇਵੋ ਨਾ! ਤਾਂ ਕਹੇਗਾ, 'ਨਹੀਂ। ਕੱਢਾਂਗਾ ਉਸ ਤੋਂ ਪਹਿਲਾਂ ਇਹ ਮਰ ਜਾਣਗੇ।' ਅਰਥਾਤ ਇਸ ਵਿੱਚ ਇੰਨਾ ਵੀ ਕਿਸੇ ਦਾ ਨਹੀਂ ਚੱਲਦਾ। ਸਭ 'ਐਵੀਡੈਂਸ' ਜਮ੍ਹਾਂ ਹੋਏ! ਮੈਂ ਗਿਆਨੀ ਬਣਿਆ 'ਸਾਇੰਟਿਫ਼ਿਕ ਸਰਕਮਸਟਾਂਸ਼ਿਅਲ ਐਵੀਡੈਂਸ' ਦੇ ਅਧਾਰ 'ਤੇ। ਇਹ ਲੋਕ ਕਰੋੜਪਤੀ ਵੀ ਖੁਦ ਨਹੀਂ ਬਣੇ। ਪਰ ਮਨ ਵਿੱਚ ਸਮਝਦੇ ਹਨ ਕਿ 'ਮੈਂ ਬਣਿਆ', ਇੰਨੀ ਹੀ ਭ੍ਰਾਂਤੀ ਹੈ। ਗਿਆਨੀ ਪੁਰਖ ਨੂੰ ਭ੍ਰਾਂਤੀ ਨਹੀਂ ਹੁੰਦੀ। ਜਿਵੇਂ ਹੋਵੇ ਉਵੇਂ ਕਹਿ ਦਿੰਦੇ ਹਨ ਕਿ, 'ਭਾਈ ਇੰਝ ਹੋਇਆ ਸੀ। ਮੈਂ ਸੂਰਤ ਦੇ ਸਟੇਸ਼ਨ 'ਤੇ ਬੈਠਾ ਸੀ ਅਤੇ ਇੰਝ ਹੋ ਗਿਆ।' ਅਤੇ ਉਹ (ਕਰੋੜਪਤੀ) ਸਮਝੇ ਕਿ ਮੈਂ ਦੋ ਕਰੋੜ ਕਮਾਏ! ਪਰ ਇਹ ਸਭ ਤੁਸੀਂ ਲੈ ਕੇ ਆਏ ਹੋ। ਇਹ ਤਾਂ ਮਨ ਵਿੱਚ ਸਮਝ ਬੈਠੇ ਹੋ ਕਿ, 'ਨਹੀਂ, ਮੈਂ ਕਰ ਰਿਹਾ ਹਾਂ' ਓਨਾ ਹੀ ਹੈ। ਇਹ ਈਗੋਇਜ਼ਮ ਹੈ ਅਤੇ ਉਹ ਈਗੋਇਜ਼ਮ ਕੀ ਕਰਦਾ ਹੈ ? (ਇਸ ਈਗੋਇਜ਼ਮ ਦੇ ਅਧਾਰ 'ਤੇ) ਤੁਸੀਂ ਆਪਣੀ ਅਗਲੇ ਜਨਮ ਦੀ ਯੋਜਨਾ ਬਣਾ ਰਹੇ ਹੋ। ਇਸ ਤਰ੍ਹਾਂ, ਜਨਮ ਦੇ ਪਿੱਛੇ ਜਨਮ ਦੀ ਯੋਜਨਾ ਬਣਾਉਂਦਾ ਹੀ ਰਹਿੰਦਾ ਹੈ ਜੀਵ, ਇਸ ਲਈ ਉਸਦਾ ਜਨਮ-ਮਰਨ ਰੁਕਦਾ ਹੀ ਨਹੀਂ ਹੈ। ਜੇ ਯੋਜਨਾ ਬੰਦ ਹੋ ਜਾਵੇ ਤਾਂ ਉਸ ਦੀ ਮੋਕਸ਼ ਵਿੱਚ ਜਾਣ ਦੀ ਤਿਆਰੀ ਹੋ ਜਾਵੇਗੀ।

ਇੱਕ ਵੀ ਜੀਵ ਇਹੋ ਜਿਹਾ ਨਹੀਂ ਹੋਵੇਗਾ ਜੋ ਸੁੱਖ ਨਾ ਲੱਭਦਾ ਹੋਵੇ! ਅਤੇ ਉਹ ਵੀ ਕਾਇਮ ਦਾ (ਸਥਾਈ) ਸੁੱਖ ਲੱਭਦਾ ਹੈ। ਉਹ ਇੰਝ ਸਮਝਦਾ ਹੈ ਕਿ ਲੱਛਮੀ ਵਿੱਚ ਸੁੱਖ ਹੈ, ਪਰ ਉਸ ਵਿੱਚ ਵੀ ਅੰਦਰ ਜਲਨ ਪੈਦਾ ਹੁੰਦੀ ਹੈ। ਜਲਨ ਹੋਣਾ ਅਤੇ ਕਾਇਮ ਦਾ ਸੁੱਖ ਪ੍ਰਾਪਤ ਹੋਣਾ ਉਹ ਕਦੇ ਵੀ ਨਹੀਂ ਹੋ ਸਕਦਾ। ਦੋਵੇਂ ਵਿਰੋਧਾਭਾਸੀ ਹਨ, ਇਸ ਵਿੱਚ ਲੱਛਮੀ ਜੀ ਦਾ ਕਸੂਰ ਨਹੀਂ ਹੈ। ਉਹਨਾਂ ਦਾ ਆਪਣਾ ਹੀ ਕਸੂਰ ਹੈ।

ਸੰਸਾਰ ਦੀਆਂ ਸਾਰੀਆਂ ਚੀਜ਼ਾਂ ਇੱਕ ਦਿਨ ਅਪ੍ਰਿਯ (ਨਾਪਸੰਦ) ਹੋ ਜਾਂਦੀਆਂ ਹਨ, ਪਰ ਆਤਮਾ ਤਾਂ ਖੁਦ ਦਾ ਸਰੂਪ ਹੀ ਹੈ, ਉੱਥੇ ਦੁੱਖ ਹੈ ਹੀ ਨਹੀਂ। ਸੰਸਾਰ ਵਿੱਚ ਤਾਂ, ਜਿਹੜਾ ਪੈਸੇ ਦੇਵੇ, ਉਹ ਵੀ ਅਪ੍ਰਿਯ (ਨਾਪਸੰਦ) ਹੋ ਜਾਂਦਾ ਹੈ। ਕਿੱਥੇ ਰੱਖੀਏ ਫਿਰ ਚਿੰਤਾ ਹੋਣ ਲੱਗਦੀ ਹੈ।

ਅਰਥਾਤ ਪੈਸੇ ਹੋਣ 'ਤੇ ਵੀ ਦੁੱਖ, ਨਾ ਹੋਣ 'ਤੇ ਵੀ ਦੁੱਖ, ਵੱਡਾ ਮੰਤਰੀ ਹੋਵੇ ਤਾਂ ਵੀ ਦੁੱਖ, ਗਰੀਬ ਹੋਵੇ ਤਾਂ ਵੀ ਦੁੱਖ। ਭਿਖਾਰੀ ਹੋਣ 'ਤੇ ਵੀ ਦੁੱਖ, ਵਿਧਵਾ ਨੂੰ

ਦੁੱਖ, ਸਧਵਾ (ਸੁਹਾਗਨ) ਨੂੰ ਦੁੱਖ ਅਤੇ ਸੱਤ ਪਤੀ ਵਾਲੀ ਨੂੰ ਵੀ ਦੁੱਖ। ਦੁੱਖ, ਦੁੱਖ ਅਤੇ ਦੁੱਖ। ਅਹਿਮਦਾਬਾਦ ਦੇ ਸੇਠ ਲੋਕਾਂ ਨੂੰ ਵੀ ਦੁੱਖ। ਕੀ ਕਾਰਣ ਹੋਵੇਗਾ ਇਸ ਦਾ ?

**ਪ੍ਰਸ਼ਨਕਰਤਾ** : ਉਹਨਾਂ ਨੂੰ ਸੰਤੋਸ਼ ਨਹੀਂ ਹੈ।

**ਦਾਦਾਸ਼੍ਰੀ** : ਇਸ ਵਿੱਚ ਸੁੱਖ ਹੈ ਹੀ ਕਿੱਥੇ ? ਸੁੱਖ ਹੈ ਹੀ ਨਹੀਂ ਇਸ ਵਿੱਚ। ਇਹ ਤਾਂ ਭ੍ਰਾਂਤੀ ਨਾਲ ਪ੍ਰਤੀਤ ਹੁੰਦਾ ਹੈ। ਜਿਵੇਂ ਕਿਸੇ ਸ਼ਰਾਬੀ ਦਾ ਇੱਕ ਹੱਥ ਗਟਰ ਵਿੱਚ ਪਿਆ ਹੋਵੇ ਤਾਂ ਕੀ ਕਹੇਗਾ ? ਹਾਂ! ਅੰਦਰ ਠੰਡਕ ਮਹਿਸੂਸ ਹੁੰਦੀ ਹੈ। ਬਹੁਤ ਚੰਗਾ ਹੈ, ਉਹ ਸ਼ਰਾਬ ਦੀ ਵਜ੍ਹਾ ਨਾਲ ਲੱਗਦਾ ਹੈ। ਬਾਕੀ ਇਸ ਵਿੱਚ ਸੁੱਖ ਹੋਵੇਗਾ ਹੀ ਕਿੱਥੇ ? ਇਹ ਤਾਂ ਨਿਰੀ ਜੂਠ ਹੈ ਸਭ।

ਇਸ ਸੰਸਾਰ ਵਿੱਚ ਸੁੱਖ ਹੈ ਹੀ ਨਹੀਂ। ਸੁੱਖ ਹੋ ਹੀ ਨਹੀਂ ਸਕਦਾ ਅਤੇ ਜੇ ਸੁੱਖ ਹੁੰਦਾ ਤਾਂ ਮੁੰਬਈ ਅਜਿਹਾ ਨਾ ਹੁੰਦਾ। ਸੁੱਖ ਹੈ ਹੀ ਨਹੀਂ। ਇਹ ਤਾਂ ਭ੍ਰਾਂਤੀ ਦਾ ਸੁੱਖ ਹੈ ਅਤੇ ਉਹ ਵੀ ਟੈਂਪਰੇਰੀ ਐਡਜਸਟਮੈਂਟ ਹੈ, ਸਿਰਫ਼।

ਧਨ ਦਾ ਬੋਝ ਰੱਖਣ ਜਿਹਾ ਨਹੀਂ ਹੈ। ਬੈਂਕ ਵਿੱਚ ਜਮ੍ਹਾਂ ਹੋਣ 'ਤੇ ਚੈਨ ਦਾ ਸਾਹ ਲੈਂਦਾ ਹੈ ਅਤੇ ਜਾਣ 'ਤੇ ਦੁਖੀ ਹੁੰਦਾ ਹੈ। ਇਸ ਸੰਸਾਰ ਵਿੱਚ ਕੁੱਝ ਵੀ ਸੰਤੋਸ਼ ਲੈਣ ਜਿਹਾ ਨਹੀਂ ਹੈ, ਕਿਉਂਕਿ ਟੈਂਪਰੇਰੀ ਹੈ।

ਮਨੁੱਖ ਨੂੰ ਕੀ ਦੁੱਖ ਰਹਿੰਦਾ ਹੈ ? ਇੱਕ ਆਦਮੀ ਨੇ ਮੈਨੂੰ ਕਿਹਾ ਕਿ ਮੇਰਾ ਬੈਂਕ ਵਿੱਚ ਕੁੱਝ ਨਹੀਂ ਹੈ। ਬਿਲਕੁਲ ਖਾਲੀ ਹੋ ਗਿਆ ਹਾਂ। ਨਾਦਾਰ (ਕੰਗਾਲ) ਹੋ ਗਿਆ ਹਾਂ। ਮੈਂ ਪੁੱਛਿਆ, 'ਕਰਜ਼ ਕਿੰਨਾ ਸੀ ?' ਉਹ ਕਹਿੰਦਾ, 'ਕਰਜ਼ ਨਹੀਂ ਸੀ।' ਤਾਂ ਨਾਦਾਰ (ਕੰਗਾਲ) ਨਹੀਂ ਕਹਾਵੇਗਾ। ਬੈਂਕ ਵਿੱਚ ਹਜ਼ਾਰ ਦੋ ਹਜ਼ਾਰ ਰੁਪਏ ਜਮ੍ਹਾਂ ਹਨ। ਫਿਰ ਮੈਂ ਕਿਹਾ, 'ਵਾਈਫ ਤਾਂ ਹੈ ਨਾ ?' ਉਸ ਨੇ ਕਿਹਾ ਕਿ ਵਾਈਫ ਥੋੜ੍ਹੇ ਹੀ ਵੇਚੀ ਜਾਵੇਗੀ ? ਮੈਂ ਕਿਹਾ, 'ਨਹੀਂ, ਪਰ ਤੇਰੀਆਂ ਦੋ ਅੱਖਾਂ ਹਨ, ਉਹ ਤੂੰ ਦੋ ਲੱਖ ਵਿੱਚ ਵੇਚਣੀਆਂ ਹਨ ?' ਇਹ ਅੱਖਾਂ, ਇਹ ਹੱਥ, ਪੈਰ, ਦਿਮਾਗ ਇਸ ਮਲਕੀਅਤ ਦੀ ਤੂੰ ਕੀਮਤ ਤਾਂ ਲਗਾ। ਬੈਂਕ ਵਿੱਚ ਪੈਸਾ ਨਾ ਹੋਣ 'ਤੇ ਵੀ ਤੂੰ ਕਰੋੜਪਤੀ ਹੈਂ। ਤੇਰੀ ਕਿੰਨੀ ਸਾਰੀ ਮਲਕੀਅਤ ਹੈ, ਉਸ ਨੂੰ ਵੇਚ ਦੇ, ਚੱਲ। ਇਹ ਦੋ ਹੱਥ ਵੀ ਤੂੰ ਨਹੀਂ ਵੇਚੇਂਗਾ। ਬੇਸ਼ੁਮਾਰ ਮਲਕੀਅਤ ਹੈ ਤੇਰੀ। ਇਹਨਾਂ ਸਭ ਨੂੰ ਮਲਕੀਅਤ ਸਮਝ ਕੇ ਤੈਨੂੰ ਸੰਤੋਸ਼ ਰੱਖਣਾ ਚਾਹੀਦਾ ਹੈ। ਪੈਸੇ ਆਉਣ ਕਿ ਨਾ ਆਉਣ ਪਰ ਵਕਤ 'ਤੇ ਭੋਜਨ ਮਿਲਣਾ ਚਾਹੀਦਾ ਹੈ।

**ਪ੍ਰਸ਼ਨਕਰਤਾ** : ਜੀਵਨ ਵਿੱਚ ਆਰਥਿਕ ਪਰਿਸਥਿਤੀ ਕਮਜ਼ੋਰ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ ?

**ਦਾਦਾਸ੍ਰੀ** : ਇੱਕ ਸਾਲ ਬਰਸਾਤ ਨਾ ਹੋਵੇ ਤਾਂ ਕਿਸਾਨ ਕੀ ਕਹਿੰਦੇ ਹਨ ਕਿ ਸਾਡੀ ਆਰਥਿਕ ਸਥਿਤੀ ਖਤਮ ਹੋ ਗਈ। ਇੰਝ ਕਹਿੰਦੇ ਹਨ ਕਿ ਨਹੀਂ ਕਹਿੰਦੇ ? ਫਿਰ ਦੂਸਰੇ ਸਾਲ ਬਰਸਾਤ ਹੋਣ 'ਤੇ ਉਸ ਦਾ ਸੁਧਰ ਜਾਂਦਾ ਹੈ। ਅਰਥਾਤ ਆਰਥਿਕ ਸਥਿਤੀ ਕਮਜ਼ੋਰ ਹੋਵੇ ਉਦੋਂ ਧੀਰਜ ਰੱਖਣਾ ਚਾਹੀਦਾ ਹੈ। ਖਰਚ ਘੱਟ ਕਰ ਦੇਣਾ ਚਾਹੀਦਾ ਹੈ ਅਤੇ ਕਿਸੇ ਵੀ ਰਸਤੇ ਮਿਹਨਤ ਅਤੇ ਯਤਨ ਜ਼ਿਆਦਾ ਕਰਨੇ ਚਾਹੀਦੇ ਹਨ। ਅਰਥਾਤ ਕਮਜ਼ੋਰ ਪਰਿਸਥਿਤੀ ਹੋਣ 'ਤੇ ਇਹ ਸਭ ਕਰਨਾ ਹੈ, ਬਾਕੀ ਪਰਿਸਥਿਤੀ ਚੰਗੀ ਹੋਣ 'ਤੇ ਤਾਂ ਗੱਡੀ ਆਪਣੇ ਆਪ ਚੱਲਦੀ ਰਹੇਗੀ।

ਇਸ ਦੇਹ ਨੂੰ ਲੋੜੀਂਦੀ ਖੁਰਾਕ ਦੇਣ ਦੀ ਹੀ ਜ਼ਰੂਰਤ ਹੈ, ਉਸਨੂੰ ਹੋਰ ਕੁੱਝ ਜ਼ਰੂਰਤ ਨਹੀਂ ਹੈ। ਨਹੀਂ ਤਾਂ ਫਿਰ ਇਹ ਤ੍ਰਿਮੰਤਰ ਹਰ ਰੋਜ਼ ਘੰਟਾ ਭਰ ਬੋਲੋ ਨਾ! ਇਹ ਬੋਲਣ 'ਤੇ ਆਰਥਿਕ ਪਰਿਸਥਿਤੀ ਸੁਧਰ ਜਾਵੇਗੀ। ਉਸ ਦਾ ਉਪਾਅ ਕਰਨਾ ਚਾਹੀਦਾ ਹੈ। ਉਪਾਅ ਕਰਨ 'ਤੇ ਸੁਧਰ ਜਾਂਦਾ ਹੈ। ਤੁਹਾਨੂੰ ਇਹ ਉਪਾਅ ਪਸੰਦ ਆਵੇਗਾ ?

ਦਾਦਾ ਭਗਵਾਨ ਦਾ ਇੱਕ ਘੰਟਾ ਨਾਮ ਲੈਣ ਨਾਲ ਤਾਂ ਪੈਸਿਆਂ ਦੀ ਬਰਸਾਤ ਹੋਵੇਗੀ। ਪਰ ਇੰਝ ਕਰਦੇ ਨਹੀਂ ਨਾ, ਬਾਕੀ ਹਜ਼ਾਰਾਂ ਲੋਕਾਂ ਨੂੰ ਪੈਸੇ ਆਏ ਹਨ। ਹਜ਼ਾਰਾਂ ਲੋਕਾਂ ਦੀਆਂ ਅੜਚਨਾਂ ਗਈਆਂ। 'ਦਾਦਾ ਭਗਵਾਨ' ਦਾ ਨਾਮ ਲਵੇ ਅਤੇ ਪੈਸਾ ਨਾ ਆਵੇ ਤਾਂ ਉਹ 'ਦਾਦਾ' ਹੀ ਨਹੀਂ। ਪਰ ਇਹ ਲੋਕ ਇਸ ਤਰ੍ਹਾਂ ਨਾਮ ਲੈਂਦੇ ਨਹੀਂ ਨਾ!

ਲੱਛਮੀ ਤਾਂ ਕਿਹੋ ਜਿਹੀ ਹੈ ? ਕਮਾਉਣ ਵਿੱਚ ਦੁੱਖ, ਸੰਭਾਲਣ ਵਿੱਚ ਦੁੱਖ, ਰੱਖਿਆ ਕਰਦੇ ਹੋਏ ਦੁੱਖ ਅਤੇ ਖਰਚ ਕਰਨ ਵਿੱਚ ਵੀ ਦੁੱਖ। ਘਰ ਵਿੱਚ ਲੱਖ ਰੁਪਏ ਆਉਣ ਤਾਂ ਉਸ ਨੂੰ ਸੰਭਾਲਣ ਦੀ ਝੰਜਟ ਹੋਣ ਲੱਗ ਪੈਂਦੀ ਹੈ। ਕਿਸ ਬੈਂਕ ਵਿੱਚ ਇਸ ਦੀ ਸੇਫਸਾਈਡ (ਸਲਾਮਤੀ) ਹੈ ਇਹ ਲੱਭਣਾ ਪੈਂਦਾ ਹੈ ਅਤੇ ਸਗੇ-ਸਬੰਧੀਆਂ ਨੂੰ ਪਤਾ ਚੱਲਦੇ ਹੀ ਤੁਰੰਤ ਦੌੜੇ ਆਉਂਦੇ ਹਨ। ਮਿੱਤਰ ਸਭ ਦੌੜੇ ਆਉਂਦੇ, ਅਤੇ ਕਹਿੰਦੇ ਹਨ, 'ਓ ਯਾਰ! ਮੇਰੇ 'ਤੇ ਇੰਨਾ ਵੀ ਯਕੀਨ ਨਹੀਂ ? ਸਿਰਫ਼ ਦਸ ਹਜ਼ਾਰ ਦੀ ਜ਼ਰੂਰਤ ਹੈ', ਤਾਂ ਫਿਰ ਜ਼ਬਰਦਸਤੀ ਦੇਣੇ ਪੈਂਦੇ ਹਨ। ਇਹ ਤਾਂ, ਪੈਸਿਆਂ ਦਾ ਭਰਾਵ ਹੋਵੇ ਤਾਂ ਵੀ ਦੁੱਖ ਅਤੇ ਤੰਗੀ ਹੋਵੇ ਤਾਂ ਵੀ ਦੁੱਖ। ਇਹ ਤਾਂ ਨਾਰਮਲ ਹੋਵੇ ਉਹੀ ਚੰਗਾ ਹੈ, ਵਰਨਾ ਫਿਰ ਲੱਛਮੀ ਖਰਚ ਕਰਨ 'ਤੇ ਵੀ ਦੁੱਖ ਹੁੰਦਾ ਹੈ।

ਲੋਕਾਂ ਨੂੰ ਤਾਂ ਲੱਛਮੀ ਨੂੰ ਸੰਭਾਲਣਾ ਨਹੀਂ ਆਉਂਦਾ ਅਤੇ ਭੋਗਣਾ ਵੀ ਨਹੀਂ ਆਉਂਦਾ। ਭੋਗਦੇ ਸਮੇਂ ਕਹਿਣਗੇ ਕਿ ਇੰਨਾ ਮਹਿੰਗਾ ? ਇੰਨਾ ਮਹਿੰਗਾ ਕਿਵੇਂ ਲਈਏ ? ਓਏ ਚੁੱਪਚਾਪ ਭੋਗ ਲੈ ਨਾ! ਪਰ ਭੋਗਦੇ ਸਮੇਂ ਵੀ ਦੁੱਖ, ਕਮਾਉਂਦੇ ਸਮੇਂ ਵੀ ਦੁੱਖ। ਲੋਕ ਹੈਰਾਨ-ਪਰੇਸ਼ਾਨ ਕਰਦੇ ਹੋਣ ਉਸ ਸਥਿਤੀ ਵਿੱਚ ਕਮਾਉਣਾ, ਕਈ ਤਾਂ ਵਸੂਲੀ ਦੇ ਪੈਸੇ ਨਹੀਂ ਦਿੰਦੇ। ਇਸ ਲਈ ਕਮਾਉਂਦੇ ਹੋਏ ਵੀ ਦੁੱਖ ਅਤੇ ਸੰਭਾਲਦੇ ਹੋਏ ਵੀ ਦੁੱਖ। ਸੰਭਾਲ-ਸੰਭਾਲ ਕਰਦੇ ਹੋਏ ਵੀ ਬੈਂਕ ਵਿੱਚ ਰਹਿੰਦੇ ਹੀ ਨਹੀਂ ਨਾ! ਬੈਂਕ ਖਾਤੇ ਦਾ ਨਾਮ ਹੀ ਕ੍ਰੈਡਿਟ ਅਤੇ ਡੈਬਿਟ, ਪੂਰਨ (ਜਮ੍ਹਾਂ) ਅਤੇ ਗਲਨ (ਖਰਚ)! ਲੱਛਮੀ ਜਾਵੇ ਤਾਂ ਵੀ ਬਹੁਤ ਦੁੱਖ ਦਿੰਦੀ ਹੈ!

ਕਈ ਲੋਕ ਤਾਂ ਇਨਕਮ ਟੈਕਸ ਪਚਾ ਕੇ ਬੈਠੇ ਹੁੰਦੇ ਹਨ। ਪੱਚੀ-ਪੱਚੀ ਲੱਖ ਦਬਾ ਕੇ ਬੈਠੇ ਹੁੰਦੇ ਹਨ। ਪਰ ਉਹ ਜਾਣਦੇ ਨਹੀਂ ਕਿ ਸਾਰੇ ਰੁਪਏ ਚਲੇ ਜਾਣਗੇ। ਫਿਰ ਇਨਕਮ ਟੈਕਸ ਵਾਲੇ ਨੋਟਿਸ ਦੇਣਗੇ ਉਦੋਂ ਰੁਪਏ ਕਿੱਥੋਂ ਕੱਢਣਗੇ ? ਇਹ ਤਾਂ ਨਿਰਾ ਜੰਜਾਲ ਹੈ। ਇਸ ਤਰ੍ਹਾਂ ਉੱਪਰ ਚੜ੍ਹੇ ਹੋਏ ਨੂੰ ਇਸ ਦੀ ਭਾਰੀ ਜੋਖ਼ਿਮਦਾਰੀ ਹੈ ਪਰ ਉਹ ਜਾਣਦਾ ਹੀ ਨਹੀਂ ਨਾ! ਉਲਟਾ ਸਾਰਾ ਦਿਨ ਕਿਸ ਤਰ੍ਹਾਂ ਇਨਕਮ ਟੈਕਸ ਬਚਾਈਏ, ਇਹੀ ਧਿਆਨ। ਇਸ ਲਈ ਹੀ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਤਿਰਅੰਚ (ਜਾਨਵਰ ਗਤੀ) ਦਾ ਰਿਟਰਨ ਟਿਕਟ ਲੈ ਕੇ ਆਏ ਹਨ!

ਸਾਰੇ ਸੰਸਾਰ ਦੀ ਮਿਹਨਤ ਕੋਹਲੂ ਚਲਾ ਚਲਾ ਕੇ ਵਿਅਰਥ ਜਾਂਦੀ ਹੈ, ਜਿਵੇਂ ਬਲਦ ਨੂੰ ਖਲ਼ ਦਿੰਦੇ ਹਨ, ਉਸ ਤਰ੍ਹਾਂ ਇੱਥੇ ਪਤਨੀ ਰੋਟੀ ਦਾ ਟੁੱਕੜਾ ਦਿੰਦੀ ਹੈ, ਤਾਂ ਕਿ ਚੱਲੇ, ਸਾਰਾ ਦਿਨ ਬਲਦ ਦੀ ਤਰ੍ਹਾਂ ਘਾਣ ਪੇਲਦਾ (ਕੱਢਦਾ) ਰਹਿੰਦਾ ਹੈ।

ਅਹਿਮਦਾਬਾਦ ਦੇ ਸੇਠਾਂ ਦੀਆਂ ਦੋ-ਦੋ ਮਿੱਲਾਂ ਹਨ ਫਿਰ ਵੀ ਉਹਨਾਂ ਦੇ ਤਣਾਅ ਦਾ ਇੱਥੇ ਵਰਣਨ ਨਾ ਕਰ ਸਕੀਏ ਇਸ ਤਰ੍ਹਾਂ ਹੈ। ਦੋ-ਦੋ ਮਿੱਲਾਂ ਹੋਣ ਦੇ ਬਾਵਜੂਦ ਉਹ ਕਦੋਂ ਫੇਲ੍ਹ ਹੋ ਜਾਣ ਇਹ ਕਹਿ ਨਹੀਂ ਸਕਦੇ। ਸਕੂਲ ਵਿੱਚ ਤਾਂ ਪਹਿਲੇ ਦਰਜੇ ਵਿੱਚ ਪਾਸ ਹੋਏ ਸੀ ਪਰ ਇੱਥੇ ਫੇਲ੍ਹ ਹੋ ਜਾਂਦੇ ਹਨ। ਕਿਉਂਕਿ ਉਹਨਾਂ ਨੇ ਬੈਸਟ-ਫੂਲਿਸ਼ਨੈੱਸ ਸ਼ੁਰੂ ਕੀਤੀ ਹੋਈ ਹੈ। 'ਡਿਸਆਨੇਸਟੀ ਇਜ਼ ਦ ਬੈਸਟ ਫੂਲਿਸ਼ਨੈੱਸ'! (ਬੇਈਮਾਨੀ ਸਭ ਤੋਂ ਵੱਡੀ ਮੂਰਖਤਾ ਹੈ।) ਇਸ ਫੂਲਿਸ਼ਨੈੱਸ ਦੀ ਕੋਈ ਤਾਂ ਹੱਦ ਹੋਵੇਗੀ ਨਾ ? ਜਾਂ ਬੈਸਟ ਤੱਕ ਪਹੁੰਚਣਾ ਹੈ ? ਤਾਂ ਹੀ ਅੱਜ ਬੈਸਟ ਫੂਲਿਸ਼ਨੈੱਸ ਤੱਕ ਪਹੁੰਚੇ ਹਨ!

ਮੈਂ ਪੈਸਿਆਂ ਦਾ ਹਿਸਾਬ ਲਗਾਇਆ ਸੀ। ਜੇ ਅਸੀਂ ਪੈਸਾ ਵਧਾਇਆ ਕਰੀਏ ਤਾਂ ਕਿੱਥੇ ਤੱਕ ਪਹੁੰਚਾਂਗੇ ? ਇਸ ਦੁਨੀਆਂ ਵਿੱਚ ਹਮੇਸ਼ਾ ਕਿਸੇ ਦਾ ਪਹਿਲਾ ਨੰਬਰ ਨਹੀਂ ਰਿਹਾ ਹੈ। ਲੋਕ ਕਹਿੰਦੇ ਹਨ ਕਿ 'ਫੋਰਡ ਦਾ ਪਹਿਲਾ ਨੰਬਰ ਹੈ।' ਪਰ ਚਾਰ ਸਾਲ ਬਾਅਦ ਕਿਸੇ ਦੂਸਰੇ ਦਾ ਨਾਮ ਸੁਣਨ ਵਿੱਚ ਆਉਂਦਾ ਹੈ। ਅਰਥਾਤ ਕਿਸੇ ਦਾ ਨੰਬਰ ਟਿਕਦਾ ਨਹੀਂ ਹੈ। ਬਿਨਾਂ ਵਜ੍ਹਾ ਇੱਥੇ ਭੱਜ-ਦੌੜ ਕਰੀਏ, ਉਸਦਾ ਕੀ ਅਰਥ ਹੈ ? ਰੇਸ ਵਿੱਚ ਪਹਿਲੇ ਘੋੜੇ ਨੂੰ ਇਨਾਮ ਮਿਲਦਾ ਹੈ, ਦੂਸਰੇ-ਤੀਸਰੇ ਨੂੰ ਥੋੜ੍ਹੇ ਹੀ ਮਿਲਦਾ ਹੈ ਅਤੇ ਚੌਥੇ ਨੇ ਤਾਂ ਦੌੜ-ਦੌੜ ਕੇ ਮਰ ਜਾਣਾ ਹੈ! ਮੈਂ ਕਿਹਾ, "ਇਸ ਰੇਸਕੋਰਸ ਵਿੱਚ ਮੈਂ ਕਿਉਂ ਉਤਰਾਂ ?" ਇਹ ਲੋਕ ਤਾਂ ਮੈਨੂੰ ਚੌਥਾ, ਪੰਜਵਾਂ, ਬਾਹਰਵਾਂ ਜਾਂ ਸੌਵਾਂ ਨੰਬਰ ਦੇਣਗੇ। ਤਾਂ ਫਿਰ ਅਸੀਂ ਕਿਸ ਲਈ ਦੌੜ-ਦੌੜ ਕੇ ਸਾਹੋ-ਸਾਹੀ ਹੋ ਜਾਈਏ ? ਕੀ ਲੋਕ ਹਾਰਦੇ ਨਹੀਂ ? ਪਹਿਲਾ ਨੰਬਰ ਆਉਣ ਲਈ ਦੌੜਿਆ ਅਤੇ ਆਇਆ ਬਾਹਰਵਾਂ, ਫਿਰ ਕੋਈ ਚਾਹ ਵੀ ਨਹੀਂ ਪੁੱਛਦਾ। ਤੁਹਾਨੂੰ ਕੀ ਲੱਗਦਾ ਹੈ ?

ਲੱਛਮੀ ਲਿਮਿਟੇਡ ਹੈ ਅਤੇ ਲੋਕਾਂ ਦੀ ਮੰਗ 'ਅਨਲਿਮਿਟੇਡ ਹੈ!'

ਕਿਸੇ ਨੂੰ ਵਿਸ਼ੈ ਦੀ ਅਟਕਣ (ਜੋ ਬੰਧਨ ਰੂਪ ਹੋ ਜਾਏ, ਅੱਗੇ ਨਹੀਂ ਵਧਣ ਦੇਵੇ) ਹੁੰਦੀ ਹੈ, ਕਿਸੇ ਨੂੰ ਮਾਨ ਦੀ ਅਟਕਣ ਪਈ ਹੁੰਦੀ ਹੈ, ਇਸ ਤਰ੍ਹਾਂ ਭਾਂਤ-ਭਾਂਤ ਦੀਆਂ ਅਟਕਣਾਂ ਪਈਆਂ ਹੁੰਦੀਆਂ ਹਨ। ਅਰਥਾਤ ਪੈਸਿਆਂ ਦੀ ਅਟਕਣ ਇਸ ਤਰ੍ਹਾਂ ਪਈ ਹੁੰਦੀ ਹੈ, ਕਿ ਸਵੇਰੇ ਉੱਠਿਆ ਉਦੋਂ ਤੋਂ ਹੀ ਪੈਸਿਆਂ ਦਾ ਧਿਆਨ ਕਰਦਾ ਰਹਿੰਦਾ ਹੈ। ਇਹ ਵੀ ਵੱਡੀ ਅਟਕਣ ਕਹਾਉਂਦੀ ਹੈ।

**ਪ੍ਰਸ਼ਨਕਰਤਾ** : ਪਰ ਪੈਸੇ ਦੇ ਬਗੈਰ ਚੱਲਦਾ ਨਹੀਂ ਨਾ!

**ਦਾਦਾਸ਼੍ਰੀ** : ਚੱਲਦਾ ਨਹੀਂ, ਪਰ ਪੈਸੇ ਕਿਸ ਤਰ੍ਹਾਂ ਆਉਂਦੇ ਹਨ ਇਹ ਲੋਕ ਜਾਣਦੇ ਨਹੀਂ ਹਨ ਅਤੇ ਉਸ ਦੇ ਪਿੱਛੇ ਦੌੜਦੇ ਰਹਿੰਦੇ ਹਨ। ਪੈਸੇ ਤਾਂ ਪਸੀਨੇ ਦੀ ਤਰ੍ਹਾਂ ਆਉਂਦੇ ਹਨ। ਜਿਵੇਂ ਕਿਸੇ ਨੂੰ ਪਸੀਨਾ ਜ਼ਿਆਦਾ ਆਉਂਦਾ ਹੈ ਅਤੇ ਕਿਸੇ ਨੂੰ ਘੱਟ ਆਉਂਦਾ ਹੈ ਪਰ ਪਸੀਨਾ ਆਏ ਬਿਨਾਂ ਨਹੀਂ ਰਹਿੰਦਾ, ਇਸ ਤਰ੍ਹਾਂ ਇਹ ਪੈਸੇ ਵੀ ਲੋਕਾਂ ਕੋਲ ਆਉਂਦੇ ਹਨ।

ਮੈਨੂੰ ਤਾਂ ਸ਼ੁਰੂ ਤੋਂ ਪੈਸਿਆਂ ਦੀ ਅਟਕਣ ਹੀ ਨਹੀਂ ਸੀ। ਬਾਈ ਸਾਲ ਦਾ ਸੀ ਉਦੋਂ ਤੋਂ ਮੈਂ ਧੰਦਾ ਕਰਦਾ ਸੀ ਅਤੇ ਫਿਰ ਵੀ ਮੇਰੇ ਘਰ ਆਉਣ ਵਾਲਾ ਮੇਰੇ ਧੰਦੇ ਦੀ ਕੋਈ ਗੱਲ ਜਾਣਦਾ ਹੀ ਨਹੀਂ ਸੀ। ਉਲਟਾ ਮੈਂ ਹੀ ਉਹਨਾਂ ਤੋਂ ਪੁੱਛ-ਗਿੱਛ ਕਰਦਾ 'ਤੁਹਾਨੂੰ ਕੀ ਅੜਚਨ ਹੈ ?'

ਪੈਸਾ ਯਾਦ ਆਵੇ ਤਾਂ ਵੀ ਬਹੁਤ ਜੋਖ਼ਿਮ ਹੈ, ਤਾਂ ਫਿਰ ਪੈਸੇ ਦੀ ਭਜਨਾ ਕਰਨਾ ਉਸ ਵਿੱਚ ਕਿੰਨਾ ਵੱਡਾ ਜੋਖ਼ਿਮ ਹੋਵੇਗਾ ?

ਮਨੁੱਖ ਇੱਕ ਜਗ੍ਹਾ ਭਗਤੀ ਕਰ ਸਕਦਾ ਹੈ, ਜਾਂ ਤਾਂ ਪੈਸਿਆਂ ਦੀ ਭਗਤੀ ਕਰ ਸਕਦਾ ਹੈ ਜਾਂ ਫਿਰ ਆਤਮਾ ਦੀ। ਦੋ ਜਗ੍ਹਾ ਇੱਕ ਮਨੁੱਖ ਦਾ ਉਪਯੋਗ ਰਹਿੰਦਾ ਹੀ ਨਹੀਂ ਹੈ। ਦੋ ਜਗ੍ਹਾ 'ਤੇ ਉਪਯੋਗ ਕਿਸ ਤਰ੍ਹਾਂ ਰਹੇਗਾ ? ਇੱਕ ਹੀ ਜਗ੍ਹਾ 'ਤੇ ਉਪਯੋਗ ਰਹੇਗਾ। ਤੇ ਹੁਣ ਕੀ ਕਰੀਏ ?

ਇੱਕ ਸੇਠ ਜੀ ਮਿਲੇ ਸਨ। ਵੈਸੇ ਲਖਪਤੀ ਸਨ, ਮੇਰੇ ਤੋਂ ਪੰਦਰਾਂ ਸਾਲ ਵੱਡੇ ਸਨ, ਪਰ ਮੇਰੇ ਨਾਲ ਉੱਠਦੇ-ਬੈਠਦੇ ਸਨ। ਉਸ ਸੇਠ ਜੀ ਨੂੰ ਮੈਂ ਇੱਕ ਦਿਨ ਪੁੱਛਿਆ ਕਿ, 'ਸੇਠ ਜੀ, ਇਹ ਤੁਹਾਡੇ ਮੁੰਡੇ ਕੋਟ-ਪੈਂਟ ਪਹਿਨ ਕੇ ਘੁੰਮਦੇ ਹਨ ਅਤੇ ਤੁਸੀਂ ਇੱਕ ਐਨੀ ਕੁ ਧੋਤੀ, ਉਹ ਵੀ ਦੋਵੇਂ ਗੋਡੇ ਦਿਸਣ ਅਜਿਹੀ ਕਿਉਂ ਪਹਿਨਦੇ ਹੋ ?' ਉਹ ਸੇਠ ਜੀ ਮੰਦਰ ਦਰਸ਼ਨ ਕਰਨ ਲਈ ਜਾਂਦੇ ਹੋਏ ਇੰਝ ਨੰਗੇ ਦਿਸਦੇ ਸਨ। ਐਨੀ ਕੁ ਧੋਤੀ 'ਤੇ ਲੰਗੋਟੀ ਪਹਿਨੀ ਹੋਵੇ ਇੰਝ ਲੱਗਦਾ ਸੀ। ਐਨੀ ਕੁ ਫ਼ਤੂਹੀ ਅਤੇ ਸਫ਼ੈਦ ਟੋਪੀ, ਅਤੇ ਦਰਸ਼ਨ ਕਰਨ ਲਈ ਕਾਹਲੀ-ਕਾਹਲੀ ਭੱਜ-ਦੌੜ ਕਰਕੇ ਦਰਸ਼ਨ ਕਰਨ ਜਾਂਦੇ। ਮੈਂ ਕਿਹਾ ਕਿ, 'ਮੈਨੂੰ ਲੱਗਦਾ ਹੈ ਕਿ ਇਹ ਸਭ ਨਾਲ ਲੈ ਕੇ ਜਾਓਗੇ ? ਤਾਂ ਮੈਨੂੰ ਕਹਿਣ ਲੱਗੇ ਕਿ, 'ਨਹੀਂ ਲੈ ਜਾ ਸਕਦੇ ਅੰਬਾਲਾਲਭਾਈ, ਨਾਲ ਨਹੀਂ ਲੈ ਜਾ ਸਕਦੇ!' ਮੈਂ ਕਿਹਾ, 'ਤੁਸੀਂ ਤਾਂ ਅਕਲਮੰਦ ਹੋ, ਸਾਡੇ ਪਾਟੀਦਾਰਾਂ ਵਿੱਚ ਸਮਝ ਕਿੱਥੇ ਹੈ ਅਤੇ ਤੁਹਾਡੀ ਤਾਂ ਅਕਲਮੰਦ ਕੌਮ, ਕੁੱਝ ਖੋਜ ਲਿਆ ਹੋਵੇਗਾ!' ਤਾਂ ਕਹਿਣ ਲੱਗੇ ਕਿ, 'ਕੋਈ ਨਹੀਂ ਲੈ ਜਾ ਸਕਦਾ।' ਫਿਰ ਉਹਨਾਂ ਦੇ ਲੜਕੇ ਨੂੰ ਪੁੱਛਿਆ ਕਿ, 'ਪਿਤਾ ਜੀ ਤਾਂ ਇੰਝ ਕਹਿੰਦੇ ਸਨ', ਤਾਂ ਉਹ ਕਹਿੰਦਾ ਹੈ ਕਿ, 'ਉਹ ਤਾਂ ਚੰਗਾ ਹੈ ਕਿ ਨਾਲ ਨਹੀਂ ਲੈ ਜਾ ਸਕਦੇ। ਜੇ ਨਾਲ ਲੈ ਜਾ ਸਕਦੇ ਤਾਂ ਮੇਰੇ ਪਿਤਾ ਜੀ ਤਿੰਨ ਲੱਖ ਦਾ ਕਰਜ਼ ਸਾਡੇ ਸਿਰ ਛੱਡ ਕੇ ਜਾਣ, ਇਹੋ ਜਿਹੇ ਹਨ! ਮੇਰੇ ਪਿਤਾ ਜੀ ਤਾਂ ਬਹੁਤ ਪੱਕੇ ਹਨ। ਇਸ ਲਈ ਨਹੀਂ ਲੈ ਜਾ ਸਕਦੇ, ਇਹੀ ਚੰਗਾ ਹੈ ਵਰਨਾ ਪਿਤਾ ਜੀ ਤਿੰਨ ਲੱਖ ਦਾ ਕਰਜ਼ ਛੱਡ ਕੇ ਸਾਨੂੰ ਕਿਤੇ ਦਾ ਨਾ ਛੱਡਦੇ। ਮੇਰੇ ਲਈ ਤਾਂ ਕੋਟ-ਪੈਂਟ ਵੀ ਪਹਿਨਣ ਨੂੰ ਨਾ ਰਹਿੰਦੇ। ਜੇ ਨਾਲ ਲੈ ਜਾ ਸਕਦੇ ਨਾ ਤਾਂ ਸਾਡਾ ਤਾਂ ਕੰਮ ਹੀ ਤਮਾਮ ਕਰ ਦੇਣ, ਇਹੋ ਜਿਹੇ ਪੱਕੇ ਹਨ!'

**ਪ੍ਰਸ਼ਨਕਰਤਾ :** ਮੁੰਬਈ ਦੇ ਸੇਠ ਦੋ ਨੰਬਰੀ ਪੈਸੇ ਇਕੱਠੇ ਕਰਦੇ ਹਨ, ਉਸ ਦਾ ਕੀ 'ਇਫੈਕਟ' ਹੋਵੇਗਾ ?

**ਦਾਦਾਸ਼੍ਰੀ** : ਉਸ ਨਾਲ ਕਰਮ ਦਾ ਬੰਧ ਪੈਂਦਾ ਹੈ। ਉਹ ਤਾਂ ਦੋ ਨੰਬਰੀ ਜਾਂ ਇੱਕ ਨੰਬਰੀ ਹੋਵੇ, ਖਰੇ-ਖੋਟੇ ਪੈਸੇ ਸਭ ਕਰਮ ਦੇ ਬੰਧ ਪਾਉਂਦੇ ਹਨ। ਕਰਮਬੰਧ ਤਾਂ ਵੈਸੇ ਵੀ ਹੁੰਦਾ ਹੈ। ਜਿੱਥੇ ਤੱਕ ਆਤਮਗਿਆਨ ਨਹੀਂ ਹੁੰਦਾ ਉੱਥੇ ਤੱਕ ਕਰਮਬੰਧ ਪੈਂਦਾ ਹੈ। ਹੋਰ ਕੁੱਝ ਪੁੱਛਣਾ ਹੈ ? ਦੋ ਨੰਬਰੀ ਪੈਸਿਆਂ ਨਾਲ ਖਰਾਬ ਕਰਮਬੰਧ ਪੈਂਦਾ ਹੈ। ਇਸ ਨਾਲ ਜਾਨਵਰ ਗਤੀ ਵਿੱਚ ਜਾਣਾ ਪੈਂਦਾ ਹੈ, ਪਸ਼ੂ ਯੋਨੀ ਵਿੱਚ ਜਾਣਾ ਪੈਂਦਾ ਹੈ।

**ਪ੍ਰਸ਼ਨਕਰਤਾ** : ਇਹ ਲੋਕ ਪੈਸਿਆਂ ਪਿੱਛੇ ਪਏ ਹਨ ਤਾਂ ਸੰਤੋਖ ਕਿਉਂ ਨਹੀਂ ਰੱਖਦੇ ?

**ਦਾਦਾਸ਼੍ਰੀ** : ਸਾਨੂੰ ਕੋਈ ਕਹੇ ਕਿ ਸੰਤੋਖ ਰੱਖਣਾ ਤਾਂ ਅਸੀਂ ਕਹਾਂਗੇ ਕਿ ਭਾਈ, ਤੁਸੀਂ ਕਿਉਂ ਨਹੀਂ ਰੱਖਦੇ, ਅਤੇ ਮੈਨੂੰ ਕਹਿ ਰਹੇ ਹੋ ? ਅਸਲ ਵਿੱਚ ਸੰਤੋਖ ਰੱਖਿਆ ਜਾ ਸਕੇ ਇੰਝ ਨਹੀਂ ਹੈ। ਉਸ ਵਿੱਚ ਵੀ ਕਿਸੇ ਦੇ ਕਹਿਣ ਤੇ ਰਹੇ ਇੰਝ ਨਹੀਂ ਹੈ। ਜਿੰਨਾ ਗਿਆਨ ਹੋਵੇਗਾ ਉਸ ਮਾਤਰਾ ਵਿੱਚ ਆਪਣੇ ਆਪ ਸੁਭਾਵਿਕ ਰੂਪ ਨਾਲ ਸੰਤੋਖ ਰਹੇਗਾ ਹੀ। ਸੰਤੋਖ ਕਰਨ ਦੀ ਚੀਜ਼ ਨਹੀਂ ਹੈ, ਉਹ ਤਾਂ ਪਰਿਣਾਮ ਹੈ। ਜਿਸ ਤਰ੍ਹਾਂ ਦਾ ਤੁਸੀਂ ਇਮਤਿਹਾਨ ਦਿੱਤਾ ਹੋਵੇਗਾ ਉਸ ਤਰ੍ਹਾਂ ਦਾ ਪਰਿਣਾਮ ਆਵੇਗਾ। ਇਸ ਤਰ੍ਹਾਂ ਜਿੰਨਾ ਗਿਆਨ ਹੋਵੇਗਾ ਉਸਦੇ ਪਰਿਣਾਮ ਰੂਪ ਓਨਾ ਸੰਤੋਖ ਰਹੇਗਾ। ਸੰਤੋਖ ਰਹੇ ਇਸ ਲਈ ਤਾਂ ਇਹ ਲੋਕ ਇੰਨੀ ਮਿਹਨਤ ਕਰਦੇ ਹਨ! ਦੇਖੋ ਨਾ, ਸੰਡਾਸ ਵਿੱਚ ਵੀ ਦੋ ਕੰਮ ਕਰਦੇ ਹਨ, ਉੱਥੇ ਬੈਠੇ ਦਾਹੜੀ ਵੀ ਬਣਾਉਂਦੇ ਹਨ! ਇੰਨਾ ਸਾਰਾ ਲੋਭ ਹੁੰਦਾ ਹੈ! ਇਹ ਸਭ ਤਾਂ ਇੰਡੀਅਨ ਪਜ਼ਲ ਕਹਾਉਂਦਾ ਹੈ!

ਕਈ ਵਕੀਲ ਤਾਂ ਸੰਡਾਸ ਵਿੱਚ ਬੈਠ ਕੇ ਦਾਹੜੀ ਬਣਾਉਂਦੇ ਹਨ ਅਤੇ ਇੱਕ ਦੀ ਪਤਨੀ ਮੈਨੂੰ ਕਹਿੰਦੀ ਸੀ ਕਿ ਸਾਡੇ ਨਾਲ ਗੱਲ ਕਰਨ ਤੱਕ ਦੀ ਫ਼ੁਰਸਤ ਨਹੀਂ ਹੈ ਉਹ ਇੰਨੇ ਏਕਾਂਤਿਕ ਹੋ ਚੁੱਕੇ ਹਨ! ਇੱਕ ਹੀ ਤਰਫ਼ਾ, ਇੱਕ ਹੀ ਕੋਨਾ ਅਤੇ ਫਿਰ ਉਹ ਰੇਸਕੋਰਸ (ਘੋੜਿਆਂ ਦੀ ਦੌੜ) ਹੁੰਦੀ ਹੈ ਨਾ ? ਇੱਥੇ ਲੱਛਮੀ ਆਉਂਦੀ ਹੈ ਅਤੇ ਉੱਥੇ ਜਾ ਕੇ ਸੁੱਟ ਆਉਂਦੇ ਹਨ। ਲਓ! ਇੱਥੇ ਗਾਂ ਨੂੰ ਚੋਅ ਕੇ ਉੱਥੇ ਗਧੇ ਨੂੰ ਪਿਲਾ ਦਿੰਦੇ ਹਨ।

ਇਸ ਕਲਿਯੁੱਗ ਵਿੱਚ ਪੈਸਿਆਂ ਦਾ ਲੋਭ ਕਰਕੇ ਖੁਦ ਦਾ ਜਨਮ ਵਿਗਾੜਦੇ ਹਨ ਅਤੇ ਮਨੁੱਖਪਨ ਵਿੱਚ ਰੌਦਰਧਿਆਨ-ਆਰਤਧਿਆਨ ਹੁੰਦੇ ਰਹਿੰਦੇ ਹਨ, ਇਸ ਨਾਲ ਮਨੁੱਖਪਨ ਚਲਾ ਜਾਂਦਾ ਹੈ। ਵੱਡੇ-ਵੱਡੇ ਰਾਜ ਭੋਗ ਕੇ ਆਏ ਹਨ। ਇਹ ਕੁੱਝ ਭਿੱਖਮੰਗੇ ਨਹੀਂ ਸਨ, ਪਰ ਹੁਣ ਮਨ ਭਿਖਾਰੀ ਵਰਗਾ ਹੋ ਗਿਆ ਹੈ। ਇਸ ਲਈ ਇਹ ਚਾਹੀਦਾ ਹੈ, ਉਹ ਚਾਹੀਦਾ ਹੈ, ਕਹਿੰਦਾ ਹੀ ਰਹਿੰਦਾ ਹੈ।

ਵਰਨਾ ਜਿਸਦਾ ਮਨ ਸੰਤੁਸ਼ਟ ਹੋਵੇ ਉਸਨੂੰ ਕੁੱਝ ਵੀ ਨਾ ਮਿਲੇ ਤਾਂ ਵੀ ਉਹ ਰਾਜਸ਼੍ਰੀ ਵਰਗੇ ਹੁੰਦੇ ਹਨ। ਪੈਸਾ ਇਹੋ ਜਿਹੀ ਚੀਜ਼ ਹੈ ਕਿ ਮਨੁੱਖ ਨੂੰ ਲੋਭ ਦੇ ਪ੍ਰਤੀ ਦ੍ਰਿਸ਼ਟੀ ਕਰਵਾਉਂਦਾ ਹੈ। ਲੱਛਮੀ ਤਾਂ ਵੈਰ ਵਧਾਉਣ ਵਾਲੀ ਚੀਜ਼ ਹੈ। ਉਸ ਤੋਂ ਜਿੰਨਾ ਦੂਰ ਰਹਿ ਸਕੀਏ ਓਨਾ ਚੰਗਾ ਹੈ ਅਤੇ ਲੱਛਮੀ ਖਰਚ ਹੋਵੇ ਤਾਂ ਚੰਗੇ ਕੰਮ ਵਿੱਚ ਖਰਚ ਹੋ ਜਾਵੇ ਤਾਂ ਚੰਗੀ ਗੱਲ ਹੈ।

ਪੈਸੇ ਤਾਂ ਜਿੰਨੇ ਆਉਣ ਵਾਲੇ ਹੋਣਗੇ ਓਨੇ ਹੀ ਆਉਣਗੇ। ਧਰਮ ਵਿੱਚ ਪਵੋਗੇ ਤਾਂ ਵੀ ਓਨੇ ਹੀ ਆਉਣਗੇ ਅਤੇ ਅਧਰਮ ਵਿੱਚ ਪਵੋਗੇ ਤਾਂ ਵੀ ਓਨੇ ਹੀ ਆਉਣਗੇ। ਪਰ ਅਧਰਮ ਵਿੱਚ ਪੈਣ 'ਤੇ ਦੁਰਉਪਯੋਗ ਹੋਵੇਗਾ ਅਤੇ ਦੁਖੀ ਹੋਵੋਗੇ ਅਤੇ ਦੂਜੇ ਪਾਸੇ ਧਰਮ ਵਿੱਚ ਸਦਉਪਯੋਗ ਹੋਵੇਗਾ ਅਤੇ ਸੁਖੀ ਹੋਵੋਗੇ ਅਤੇ ਮੋਕਸ਼ ਵਿੱਚ ਜਾ ਸਕੋਗੇ, ਹੈ ਨਾ ਮੁਨਾਫ਼ਾ!! ਬਾਕੀ ਪੈਸੇ ਤਾਂ ਓਨੇ ਹੀ ਆਉਣ ਵਾਲੇ ਹਨ।

ਪੈਸਿਆਂ ਲਈ ਸੋਚਣਾ ਇਹ ਇੱਕ ਮਾੜੀ ਆਦਤ ਹੈ, ਉਹ ਕਿਵੇਂ ਮਾੜੀ ਆਦਤ ਹੈ ? ਕਿ ਇੱਕ ਆਦਮੀ ਨੂੰ ਤੇਜ਼ ਬੁਖਾਰ ਚੜ੍ਹਿਆ ਹੋਣ 'ਤੇ ਅਸੀਂ ਉਸਨੂੰ ਭਾਫ਼ ਦੇ ਕੇ ਉਸ ਦਾ ਬੁਖਾਰ ਉਤਾਰੀਏ। ਭਾਫ਼ ਦੇਣ 'ਤੇ ਪਸੀਨਾ ਬਹੁਤ ਆ ਜਾਂਦਾ ਹੈ ਅਤੇ ਉਸ ਦਾ ਬੁਖਾਰ ਉਤਰ ਜਾਂਦਾ ਹੈ। ਇੰਝ ਫਿਰ ਹਰ ਰੋਜ਼ ਭਾਫ਼ ਦੇ-ਦੇ ਕੇ ਪਸੀਨਾ ਕੱਢ-ਕੱਢ ਕੇ ਉਸ ਦਾ ਕੀ ਹਾਲ ਹੋਵੇਗਾ ? ਉਹ ਸਮਝਦਾ ਹੈ ਕਿ ਇਸ ਤਰ੍ਹਾਂ ਇੱਕ ਦਿਨ ਮੈਨੂੰ ਬਹੁਤ ਫ਼ਾਇਦਾ ਹੋਇਆ ਸੀ, ਮੇਰਾ ਸਰੀਰ ਹਲਕਾ ਹੋ ਗਿਆ ਸੀ, ਇਸ ਲਈ ਹੁਣ ਇਹ ਰੋਜ਼ ਦੀ ਆਦਤ ਬਣਾ ਹੀ ਲੈਣੀ ਹੈ। ਰੋਜ਼ਾਨਾ ਭਾਫ਼ ਲਵੇ ਅਤੇ ਫਿਰ ਪਸੀਨਾ ਕੱਢ-ਕੱਢ ਕੇ ਕੀ ਹੋਵੇਗਾ ?

ਲੱਛਮੀ ਤਾਂ ਬਾਇ-ਪ੍ਰੋਡਕਟ ਹੈ। ਜਿਵੇਂ, ਸਾਡਾ ਹੱਥ ਚੰਗਾ ਰਹੇਗਾ ਜਾਂ ਪੈਰ ਚੰਗਾ ਰਹੇਗਾ, ਕੀ ਉਸ ਦਾ ਰਾਤ-ਦਿਨ ਵਿਚਾਰ ਕਰਨਾ ਪੈਂਦਾ ਹੈ ? ਨਹੀਂ, ਕਿਉਂ ? ਕੀ ਸਾਨੂੰ ਹੱਥ-ਪੈਰ ਦੀ ਜ਼ਰੂਰਤ ਨਹੀਂ ਹੈ ? ਪਰ ਉਸ ਦਾ ਵਿਚਾਰ ਨਹੀਂ ਕਰਨਾ ਪੈਂਦਾ। ਇਸ ਤਰ੍ਹਾਂ ਲੱਛਮੀ ਦਾ ਵਿਚਾਰ ਵੀ ਨਹੀਂ ਕਰਨਾ ਹੈ। ਜਿਵੇਂ ਕਿ ਸਾਡਾ ਹੱਥ ਦੁਖ ਰਿਹਾ ਹੋਵੇ ਤਾਂ ਉਸ ਦੇ ਇਲਾਜ ਕਰਵਾਉਣ ਬਾਰੇ ਜਿੰਨਾ ਵਿਚਾਰ ਕਰਨਾ ਪੈਂਦਾ ਹੈ, ਇੰਝ ਹੀ ਕਦੇ ਵਿਚਾਰ ਕਰਨਾ ਪਵੇ ਤਾਂ ਉਸ ਸਮੇਂ ਤੱਕ ਹੀ, ਬਾਅਦ ਵਿੱਚ ਵਿਚਾਰ ਨਹੀਂ ਕਰਨਾ, ਦੂਸਰੇ ਝੰਜਟ ਵਿੱਚ ਨਹੀਂ ਪੈਣਾ। ਕੀ ਲੱਛਮੀ ਦਾ ਸੁਤੰਤਰ ਧਿਆਨ ਕਰਨਾ ਚਾਹੀਦਾ ਹੈ ? ਲੱਛਮੀ ਦਾ ਸੁਤੰਤਰ ਧਿਆਨ ਨਹੀਂ ਕਰਦੇ। ਲੱਛਮੀ ਦਾ ਧਿਆਨ ਇੱਕ ਪਾਸੇ ਹੈ ਤਾਂ ਦੂਸਰੇ ਪਾਸੇ ਦੂਸਰਾ ਧਿਆਨ ਖੁੰਝ ਜਾਂਦੇ ਹਾਂ। ਸੁਤੰਤਰ ਧਿਆਨ ਵਿੱਚ ਤਾਂ, ਲੱਛਮੀ ਹੀ ਨਹੀਂ ਪ੍ਰੰਤੂ ਕਿਸੇ ਇਸਤਰੀ ਦਾ ਧਿਆਨ ਵੀ ਨਹੀਂ

ਕਰ ਸਕਦੇ। ਇਸਤਰੀ ਦੇ ਧਿਆਨ ਵਿੱਚ ਉਤਰਨ ’ਤੇ ਇਸਤਰੀ ਦੇ ਸਮਾਨ ਹੋ ਜਾਵੇਗਾ! ਲੱਛਮੀ ਦੇ ਧਿਆਨ ਵਿੱਚ ਉਤਰਨ ’ਤੇ ਚੰਚਲ ਹੋ ਜਾਵੇਗਾ। ਲੱਛਮੀ ਭਟਕਦੀ ਹੋਵੇ ਅਤੇ ਧਿਆਨ ਕਰਨ ਵਾਲਾ ਵੀ ਭਟਕਦਾ ਹੈ! ਲੱਛਮੀ ਤਾਂ ਸਭ ਜਗ੍ਹਾ ਭਟਕਦੀ ਰਹਿੰਦੀ ਹੈ ਨਿਰੰਤਰ, ਇਸ ਤਰ੍ਹਾਂ ਉਹ ਵੀ ਖ਼ੁਦ ਸਭ ਜਗ੍ਹਾ ਭਟਕਦਾ ਰਹਿੰਦਾ ਹੈ। ਲੱਛਮੀ ਦਾ ਧਿਆਨ ਹੀ ਨਹੀਂ ਕਰਨਾ ਚਾਹੀਦਾ। ਉਹ ਤਾਂ ਵੱਡੇ ਤੋਂ ਵੱਡਾ ਰੌਦਰਧਿਆਨ ਹੈ, ਉਹ ਆਰਤਧਿਆਨ ਨਹੀਂ, ਰੌਦਰਧਿਆਨ ਹੈ! ਕਿਉਂਕਿ ਖ਼ੁਦ ਦੇ ਘਰ ਖਾਣ-ਪੀਣ ਦਾ ਹੈ, ਸਭ ਕੁੱਝ ਹੈ, ਫਿਰ ਵੀ ਲੱਛਮੀ ਵੱਲ ਜ਼ਿਆਦਾ ਆਸ਼ਾ ਰੱਖਦਾ ਹੈ, ਅਰਥਾਤ ਓਨਾ ਹਿੱਸਾ ਦੂਸਰੇ ਕੋਲ ਘੱਟ ਹੋ ਜਾਵੇਗਾ। ਦੂਸਰੇ ਕੋਲ ਘੱਟ ਹੋਵੇ, ਇਸ ਤਰ੍ਹਾਂ ਪ੍ਰਮਾਣ ਭੰਗ ਨਾ ਕਰੋ। ਵਰਨਾ ਤੁਸੀਂ ਗੁਨਾਹਗਾਰ ਹੋ! ਆਪਣੇ ਆਪ ਸਹਿਜ ਆਵੇ ਉਸ ਦੇ ਗੁਨਾਹਗਾਰ ਤੁਸੀਂ ਨਹੀਂ ਹੋ! ਸਹਿਜ ਤਾਂ ਪੰਜ ਲੱਖ ਆਉਣ ਕਿ ਪੰਜਾਹ ਲੱਖ ਆਉਣ। ਪਰ ਫਿਰ ਆਉਣ ਤੋਂ ਬਾਅਦ ਲੱਛਮੀ ਨੂੰ ਰੋਕ ਕੇ ਨਹੀਂ ਰੱਖਣਾ ਚਾਹੀਦਾ। ਲੱਛਮੀ ਤਾਂ ਕੀ ਕਹਿੰਦੀ ਹੈ ? ਮੈਨੂੰ ਰੋਕਣਾ ਨਹੀਂ, ਜਿੰਨੀ ਆਵੇ ਓਨੀ ਦੇ ਦੇਵੋ।

ਧਨ ਦੇ ਅੰਤਰਾਏ ਕਦੋਂ ਤੱਕ ? ਜਿੱਥੇ ਤੱਕ ਕਮਾਉਣ ਦੀ ਇੱਛਾ ਹੋਵੇ ਉਦੋਂ ਤੱਕ। ਧਨ ਪ੍ਰਤੀ ਦੁਰਲਕਸ਼ (ਨਜ਼ਰਅੰਦਾਜ਼) ਹੋਇਆ ਕਿ ਢੇਰ ਸਾਰਾ ਆਉਂਦਾ ਹੈ।

ਕੀ ਖਾਣ ਦੀ ਜ਼ਰੂਰਤ ਨਹੀਂ ਹੈ ? ਕੀ ਸੰਡਾਸ ਜਾਣ ਦੀ ਜ਼ਰੂਰਤ ਨਹੀਂ ਹੈ ? ਉਦਾਂ ਹੀ ਲੱਛਮੀ ਦੀ ਵੀ ਜ਼ਰੂਰਤ ਹੈ। ਸੰਡਾਸ, ਜਿਵੇਂ ਯਾਦ ਕੀਤੇ ਬਿਨਾਂ ਹੁੰਦਾ ਹੈ, ਉਵੇਂ ਲੱਛਮੀ ਵੀ ਯਾਦ ਕੀਤੇ ਬਗੈਰ ਆਉਂਦੀ ਹੈ।

ਇੱਕ ਜ਼ਿਮੀਂਦਾਰ ਮੇਰੇ ਕੋਲ ਆਇਆ ਅਤੇ ਮੈਨੂੰ ਪੁੱਛਣ ਲੱਗਾ ਕਿ ‘ਜੀਵਨ ਜਿਊਣ ਲਈ ਕਿੰਨਾ ਚਾਹੀਦਾ ਹੈ ? ਮੇਰੇ ਕੋਲ ਹਜ਼ਾਰ ਕਿੱਲੇ ਜ਼ਮੀਨ ਹੈ, ਬੰਗਲਾ ਹੈ, ਦੋ ਕਾਰਾਂ ਹਨ ਅਤੇ ਬੈਂਕ ਬੈਲੇਂਸ ਵੀ ਕਾਫ਼ੀ ਹੈ। ਤਾਂ ਮੈਨੂੰ ਕਿੰਨਾ ਰੱਖਣਾ ਚਾਹੀਦਾ ਹੈ ?’

ਮੈਂ ਕਿਹਾ, ‘ਦੇਖ ਭਾਈ, ਹਰੇਕ ਦੀ ਜ਼ਰੂਰਤ ਕਿੰਨੀ ਹੋਣੀ ਚਾਹੀਦੀ ਹੈ ਉਸਦਾ ਅੰਦਾਜ਼ਾ, ਉਸ ਦੇ (ਖ਼ੁਦ ਦੇ) ਜਨਮ ਦੇ ਸਮੇਂ ਕੀ ਸ਼ਾਨੋ-ਸ਼ੌਕਤ ਸੀ, ਉਸ ਤੋਂ ਲੱਗਦਾ ਹੈ ਤਾਂ ਉਸ ਅੰਦਾਜ਼ੇ ਨਾਲ ਸਾਰੀ ਜ਼ਿੰਦਗੀ ਲਈ ਤੂੰ ਆਪਣਾ ਪ੍ਰਮਾਣ ਨਿਸ਼ਚਿਤ ਕਰ। ਉਹੀ ਦਰਅਸਲ ਨਿਯਮ ਹੈ। ਇਹ ਤਾਂ ਸਭ ਐਕਸੈਸ (ਅਤੀ) ਵਿੱਚ ਜਾਂਦਾ ਹੈ ਅਤੇ ਐਕਸੈਸ ਤਾਂ ਜ਼ਹਿਰ ਹੈ, ਮਰ ਜਾਵੇਂਗਾ!’

ਹਰੇਕ ਮਨੁੱਖ ਨੂੰ ਆਪਣੇ ਘਰ ਵਿੱਚ ਹੀ ਆਨੰਦ ਆਉਂਦਾ ਹੈ। ਝੌਂਪੜੀ ਵਾਲੇ ਨੂੰ ਬੰਗਲੇ ਵਿੱਚ ਆਨੰਦ ਨਹੀਂ ਆਉਂਦਾ ਅਤੇ ਬੰਗਲੇ ਵਾਲੇ ਨੂੰ ਝੌਂਪੜੀ ਵਿੱਚ ਆਨੰਦ ਨਹੀਂ ਆਉਂਦਾ। ਉਸ ਦਾ ਕਾਰਣ ਹੈ, ਉਸ ਦੀ ਬੁੱਧੀ ਦਾ ਆਸ਼ਯ। ਬੁੱਧੀ ਦੇ ਆਸ਼ਯ ਵਿੱਚ ਜਿਵੇਂ ਦਾ ਭਰ ਕੇ ਲਿਆਇਆ ਹੋਵੇ, ਉਵੇਂ ਦਾ ਹੀ ਉਸ ਨੂੰ ਮਿਲਦਾ ਹੈ। ਬੁੱਧੀ ਦੇ ਆਸ਼ਯ ਵਿੱਚ ਜੋ ਭਰਿਆ ਹੋਵੇ ਉਸ ਦੇ ਦੋ ਫੋਟੋ ਨਿਕਲਦੇ ਹਨ : (1) ਪਾਪਫ਼ਲ ਅਤੇ (2) ਪੁੰਨਫ਼ਲ। ਬੁੱਧੀ ਦੇ ਆਸ਼ਯ ਮੁਤਾਬਿਕ ਹਰੇਕ ਨੇ ਜਦੋਂ ਵਿਭਾਜਨ ਕੀਤਾ ਤਾਂ 100 ਪ੍ਰਤੀਸ਼ਤ ਵਿੱਚੋਂ ਜ਼ਿਆਦਾਤਰ ਪ੍ਰਤੀਸ਼ਤ ਮੋਟਰ, ਬੰਗਲਾ, ਲੜਕੇ-ਲੜਕੀਆਂ ਅਤੇ ਵਹੁਟੀ, ਇਹਨਾਂ ਸਭ ਦੇ ਲਈ ਭਰੇ। ਤਾਂ ਉਹ ਸਭ ਪ੍ਰਾਪਤ ਕਰਨ ਵਿੱਚ ਉਹਨਾਂ ਦਾ ਪੁੰਨ ਖਰਚ ਹੋ ਗਿਆ ਅਤੇ ਧਰਮ ਲਈ ਮੁਸ਼ਕਿਲ ਨਾਲ ਇੱਕ ਜਾਂ ਦੋ ਪ੍ਰਤੀਸ਼ਤ ਹੀ ਬੁੱਧੀ ਦੇ ਆਸ਼ਯ ਵਿੱਚ ਭਰੇ।

ਜੇ ਕੋਈ ਬੁੱਧੀ ਦੇ ਆਸ਼ਯ ਵਿੱਚ ਇਹ ਭਰ ਕੇ ਲਿਆਇਆ ਹੈ ਕਿ ਲੱਛਮੀ ਪ੍ਰਾਪਤ ਕਰਨੀ ਹੈ। ਇਸ ਵਿੱਚ ਉਸ ਦਾ ਪੁੰਨ ਖਰਚ ਹੋ ਕੇ ਲੱਛਮੀ ਦੇ ਢੇਰ ਲੱਗ ਜਾਂਦੇ ਹਨ। ਦੂਸਰਾ (ਵਿਅਕਤੀ) ਬੁੱਧੀ ਦੇ ਆਸ਼ਯ ਵਿੱਚ ਲੱਛਮੀ ਪ੍ਰਾਪਤ ਕਰਨਾ ਇੰਝ ਲੈ ਕੇ ਤਾਂ ਆਇਆ ਪਰ ਉਸ ਵਿੱਚ ਪੁੰਨ ਦੀ ਕਮਾਈ ਘੱਟ ਹੋਣ ਕਰਕੇ ਪਾਪਫ਼ਲ ਸਾਹਮਣੇ ਆਇਆ। ਇਸ ਲਈ ਲੱਛਮੀ ਜੀ ਮੂੰਹ ਹੀ ਨਹੀਂ ਦਿਖਾਉਂਦੀ। ਓਏ! ਇਹ ਤਾਂ ਇੰਨਾ ਸਪਸ਼ਟ ਹਿਸਾਬ ਹੈ ਕਿ ਕਿਸੇ ਦਾ ਜ਼ਰਾ ਵੀ ਚੱਲੇ ਇੰਝ ਨਹੀਂ ਹੈ। ਤਾਂ ਇਹ ਅਭਾਗੇ ਇੰਝ ਮੰਨ ਲੈਂਦੇ ਹਨ ਕਿ ਮੈਂ ਦਸ ਲੱਖ ਰੁਪਏ ਕਮਾਏ। ਓਏ, ਇਹ ਤਾਂ ਪੁੰਨ ਖਰਚ ਹੋਇਆ ਹੈ ਅਤੇ ਉਹ ਵੀ ਉਲਟੇ ਰਸਤੇ 'ਤੇ। ਇਸ ਦੇ ਬਜਾਏ ਤੂੰ ਆਪਣਾ ਬੁੱਧੀ ਦਾ ਆਸ਼ਯ ਬਦਲ। ਧਰਮ ਲਈ ਹੀ ਬੁੱਧੀ ਦਾ ਆਸ਼ਯ ਬੰਨ੍ਹਣਯੋਗ ਹੈ। ਇਹ ਜੜ ਵਸਤੂਆਂ ਮੋਟਰ, ਬੰਗਲਾ, ਰੇਡੀਓ ਇਹਨਾਂ ਸਭ ਦੀ ਭਜਨਾ ਕਰਕੇ ਉਹਨਾਂ ਲਈ ਹੀ ਬੁੱਧੀ ਦਾ ਆਸ਼ਯ, ਬੰਨ੍ਹਣਯੋਗ ਨਹੀਂ ਹੈ। ਧਰਮ ਦੇ ਲਈ ਹੀ, ਆਤਮਧਰਮ ਦੇ ਲਈ ਹੀ ਬੁੱਧੀ ਦਾ ਆਸ਼ਯ ਰੱਖਣਾ। ਵਰਤਮਾਨ ਵਿੱਚ ਤੁਹਾਨੂੰ ਜੋ ਪ੍ਰਾਪਤ ਹੈ ਉਹ ਬੇਸ਼ੱਕ ਹੋਵੇ, ਪਰ ਹੁਣ ਤਾਂ ਆਸ਼ਯ ਬਦਲ ਕੇ ਕੇਵਲ ਸੰਪੂਰਨ ਸ਼ਤ-ਪ੍ਰਤੀਸ਼ਤ ਧਰਮ ਦੇ ਲਈ ਹੀ ਰੱਖਣਾ।

ਅਸੀਂ ਆਪਣੇ ਬੁੱਧੀ ਦੇ ਆਸ਼ਯ ਵਿੱਚ ਸ਼ਤ-ਪ੍ਰਤੀਸ਼ਤ ਧਰਮ ਅਤੇ ਜਗਤ ਕਲਿਆਣ ਦੀ ਭਾਵਨਾ ਲੈ ਕੇ ਆਏ ਹਾਂ। ਹੋਰ ਕਿਸੇ ਜਗ੍ਹਾ ਸਾਡਾ ਪੁੰਨ ਖਰਚ ਹੋਇਆ ਹੀ ਨਹੀਂ। ਪੈਸੇ, ਮੋਟਰ, ਬੰਗਲੇ, ਲੜਕਾ, ਲੜਕੀ, ਕਿਤੇ ਵੀ ਨਹੀਂ।

ਸਾਨੂੰ ਜੋ-ਜੋ ਮਿਲੇ ਅਤੇ ਗਿਆਨ ਲੈ ਗਏ, ਉਹਨਾਂ ਨੇ ਦੋ-ਪੰਜ ਪ੍ਰਤੀਸ਼ਤ ਧਰਮ ਲਈ, ਮੁਕਤੀ ਲਈ ਪਾਏ ਸਨ, ਤਾਂ ਹੀ ਅਸੀਂ (ਦਾਦਾਸ੍ਰੀ) ਮਿਲੇ। ਅਸੀਂ ਸ਼ਤ-ਪ੍ਰਤੀਸ਼ਤ ਧਰਮ ਵਿੱਚ ਪਾਏ, ਇਸ ਲਈ ਸਭ ਜਗ੍ਹਾ ਤੋਂ ਹੀ ਸਾਨੂੰ ਧਰਮ ਲਈ 'ਨੋ ਆਬਜੈਕਸ਼ਨ ਸਰਟੀਫ਼ਿਕੇਟ' ਪ੍ਰਾਪਤ ਹੋਇਆ ਹੈ।

ਕੋਈ ਬਾਹਰ ਦਾ ਆਦਮੀ ਮੇਰੇ ਕੋਲ ਵਿਹਾਰ ਦੇ ਤੌਰ 'ਤੇ ਸਲਾਹ ਲੈਣ ਲਈ ਆਵੇ ਕਿ 'ਮੈਂ ਕਿੰਨੀ ਵੀ ਸਿਰ-ਖਪਾਈ ਕਰਾਂ ਪਰ ਕੁੱਝ ਪਰਿਣਾਮ ਨਹੀਂ ਨਿਕਲਦਾ।' ਤਾਂ ਮੈਂ ਕਹਿੰਦਾ ਹਾਂ, 'ਅਜੇ ਤੇਰੇ ਪਾਪ ਦਾ ਉਦੈ ਹੈ। ਇਸ ਲਈ ਕਿਸੇ ਤੋਂ ਜੇ ਉਧਾਰ ਪੈਸੇ ਵੀ ਲਿਆਵੇਂਗਾ ਤਾਂ ਰਸਤੇ ਵਿੱਚ ਤੇਰੀ ਜੇਬ ਕੱਟ ਜਾਵੇਗੀ। ਹੁਣ ਤੂੰ ਘਰ ਬੈਠ ਕੇ ਆਰਾਮ ਨਾਲ ਜੋ ਵੀ ਸ਼ਾਸਤਰ ਪੜ੍ਹਦਾ ਹੋਵੇਂ ਉਹ ਪੜ੍ਹ ਅਤੇ ਭਗਵਾਨ ਦਾ ਨਾਮ ਲੈਂਦਾ ਰਹਿ।'

ਪਾਪ ਦਾ ਪੂਰਨ ਕਰ ਰਿਹਾ ਹੈ (ਬੀਜ ਬੀਜਦਾ ਹੈ), ਉਹ ਜਦੋਂ ਗਲਨ ਹੋਵੇਗਾ (ਫ਼ਲ ਆਵੇਗਾ) ਉਦੋਂ ਪਤਾ ਚੱਲੇਗਾ! ਉਦੋਂ ਤੇਰੇ ਛੱਕੇ ਛੁੱਟ ਜਾਣਗੇ! ਅੱਗ ਦੇ ਉੱਪਰ ਬੈਠੇ ਹਾਂ, ਇੰਝ ਲੱਗੇਗਾ!! ਪੁੰਨ ਦਾ ਪੂਰਨ ਕਰੇਂਗਾ (ਬੀਜ ਬੀਜੇਂਗਾ) ਤਾਂ ਪਤਾ ਚੱਲੇਗਾ ਕਿ ਕੁੱਝ ਨਿਰਾਲਾ ਹੀ ਆਨੰਦ ਆ ਰਿਹਾ ਹੈ! ਇਸ ਲਈ ਜਿਸ ਦਾ ਵੀ ਪੂਰਨ ਕਰੋ ਉਹ ਸੋਚ-ਸਮਝ ਕੇ ਕਰਨਾ, ਕਿ ਗਲਨ ਹੁੰਦੇ ਸਮੇਂ ਪਰਿਣਾਮ ਕੀ ਆਵੇਗਾ। ਪੂਰਨ ਕਰਦੇ ਸਮੇਂ ਲਗਾਤਾਰ ਚੌਕੰਨੇ ਰਹਿਣਾ, ਪਾਪ ਕਰਦੇ ਸਮੇਂ, ਕਿਸੇ ਨਾਲ ਧੋਖਾ ਕਰਕੇ ਪੈਸੇ ਜਮ੍ਹਾਂ ਕਰਦੇ ਸਮੇਂ, ਲਗਾਤਾਰ ਧਿਆਨ ਰੱਖਣਾ ਕਿ ਉਹ ਵੀ ਗਲਨ ਹੋਣ ਵਾਲਾ ਹੈ। ਉਹ ਪੈਸਾ ਬੈਂਕ ਵਿੱਚ ਰੱਖੋਗੇ ਤਾਂ ਵੀ ਉਹ ਜਾਣ ਵਾਲਾ ਤਾਂ ਹੈ ਹੀ। ਉਸ ਦਾ ਵੀ ਗਲਨ ਤਾਂ ਹੋਵੇਗਾ ਹੀ ਅਤੇ ਉਹ ਪੈਸਾ ਜਮ੍ਹਾਂ ਕਰਦੇ ਸਮੇਂ ਜੋ ਪਾਪ ਕੀਤਾ, ਜੋ ਰੌਦਰਧਿਆਨ ਕੀਤਾ, ਉਹ ਉਸ ਦੀਆਂ ਧਾਰਾਵਾਂ ਦੇ ਨਾਲ ਆਵੇਗਾ, ਉਦੋਂ ਮੁਨਾਫ਼ਾ ਤਾਂ ਲੱਗੇਗਾ ਪਰ ਬਾਅਦ ਵਿੱਚ ਜਦੋਂ ਉਸਦਾ ਗਲਨ ਹੋਵੇਗਾ ਉਦੋਂ ਤੇਰੀ ਕੀ ਹਾਲਤ ਹੋਵੇਗੀ ?

ਕੁਦਰਤ ਕੀ ਕਹਿੰਦੀ ਹੈ ? ਉਸ ਨੇ ਕਿੰਨੇ ਰੁਪਏ ਖਰਚ ਕੀਤੇ ਉਹ ਸਾਡੇ ਇੱਥੇ ਨਹੀਂ ਦੇਖਿਆ ਜਾਂਦਾ। ਇੱਥੇ ਤਾਂ, ਵੇਦਨੀਯ ਕਰਮ ਕੀ ਭੁਗਤਿਆ ? ਸ਼ਾਤਾ (ਸੁੱਖ) ਜਾਂ ਅਸ਼ਾਤਾ (ਦੁੱਖ) ਓਨਾ ਹੀ ਸਾਡੇ ਇੱਥੇ ਦੇਖਣ ਵਿੱਚ ਆਉਂਦਾ ਹੈ। ਰੁਪਏ ਨਾ ਹੋਣ 'ਤੇ ਵੀ ਸ਼ਾਤਾ ਭੋਗੇਗਾ ਅਤੇ ਰੁਪਏ ਹੋਣ 'ਤੇ ਵੀ ਅਸ਼ਾਤਾ ਭੁਗਤੇਗਾ। ਅਰਥਾਤ ਉਹ ਜੋ ਸ਼ਾਤਾ ਜਾਂ ਅਸ਼ਾਤਾ ਵੇਦਨੀਯ ਕਰਮ ਭੁਗਤਦਾ ਹੈ, ਉਸਦਾ ਆਧਾਰ ਪੈਸਾ ਨਹੀਂ ਹੈ।

ਹੁਣ ਤੁਹਾਡੀ ਥੋੜ੍ਹੀ ਆਮਦਨ ਹੋਵੇ, ਬਿਲਕੁਲ ਸ਼ਾਂਤੀ ਹੋਵੇ, ਕੁੱਝ ਝੰਜਟ ਨਾ ਹੋਵੇ, ਤਾਂ ਕਹਿਣਾ ਕਿ 'ਚਲੋ, ਭਗਵਾਨ ਦੇ ਦਰਸ਼ਨ ਕਰ ਆਈਏ!' ਅਤੇ ਇਹ ਸਾਰੇ, ਜੋ ਪੈਸੇ ਕਮਾਉਣ ਵਿੱਚ ਲੱਗੇ ਰਹੇ, ਉਹ ਗਿਆਰਾਂ ਲੱਖ ਦੀ ਕਮਾਈ ਕਰਨ ਇਸ ਵਿੱਚ ਹਰਜ਼ ਨਹੀਂ ਹੈ, ਪਰ ਪੰਜਾਹ ਹਜ਼ਾਰ ਦਾ ਘਾਟਾ ਹੋਣ 'ਤੇ ਉਸ ਨੂੰ ਅਸ਼ਾਤਾ ਵੇਦਨੀਯ ਖੜ੍ਹੀ ਹੋ ਜਾਏਗੀ। 'ਓਏ, ਗਿਆਰਾਂ ਲੱਖ ਵਿੱਚੋਂ ਪੰਜਾਹ ਹਜ਼ਾਰ ਘੱਟ ਕਰ ਦੇ ਨਾ!' ਤਾਂ ਕਹੇਗਾ ਕਿ 'ਨਹੀਂ, ਉਸ ਨਾਲ ਤਾਂ ਫਿਰ ਰਕਮ ਘੱਟ ਜਾਵੇਗੀ ਨਾ!' ਤਾਂ, ਰਕਮ ਤੂੰ ਕਿਸ ਨੂੰ ਕਹਿੰਦਾ ਹੈਂ ? ਕਿੱਥੋਂ ਆਈ ਇਹ ਰਕਮ ? ਉਹ ਤਾਂ ਜ਼ਿੰਮੇਦਾਰੀ ਵਾਲੀ ਰਕਮ ਸੀ, ਇਸ ਲਈ ਘੱਟ ਹੋਣ 'ਤੇ ਰੌਲਾ ਨਾ ਪਾ। ਰਕਮ ਵਧਣ 'ਤੇ ਤੂੰ ਖੁਸ਼ ਹੁੰਦਾ ਹੈਂ ਅਤੇ ਘੱਟ ਹੋਣ 'ਤੇ ? ਓਏ, ਸੱਚੀ ਪੂੰਜੀ ਤਾਂ 'ਅੰਦਰ' ਬੈਠੀ ਹੈ, ਕਿਉਂ ਹਾਰਟ 'ਫੇਲ੍ਹ' ਕਰਕੇ ਉਸ ਪੂੰਜੀ ਨੂੰ ਬਰਬਾਦ ਕਰਨ ਵਿੱਚ ਲੱਗਿਆ ਹੈਂ! ਹਾਰਟ 'ਫੇਲ੍ਹ' ਹੋਵੇ, ਤਾਂ ਸਾਰੀ ਪੂੰਜੀ ਖਤਮ ਹੋ ਜਾਵੇਗੀ ਕਿ ਨਹੀਂ ?

ਦਸ ਲੱਖ ਰੁਪਏ ਬਾਪ ਨੇ ਆਪਣੇ ਲੜਕੇ ਨੂੰ ਦਿੱਤੇ ਹੋਣ ਅਤੇ ਬਾਪ ਕਹੇਗਾ ਕਿ 'ਹੁਣ ਮੈਂ ਅਧਿਆਤਮਿਕ ਜੀਵਨ ਜੀਵਾਂਗਾ!' ਤਾਂ ਉਹ ਲੜਕਾ ਰੋਜ਼ਾਨਾ ਸ਼ਰਾਬ, ਮਾਸਾਹਾਰ ਅਤੇ ਸ਼ੇਅਰ ਬਾਜ਼ਾਰ ਆਦਿ ਵਿੱਚ ਉਹ ਪੈਸਾ ਗਵਾ ਦਿੰਦਾ ਹੈ। ਕਿਉਂਕਿ ਜੋ ਪੈਸੇ ਗਲਤ ਰਸਤਿਆਂ ਤੋਂ ਜਮ੍ਹਾਂ ਹੋਏ ਹਨ, ਉਹ ਖੁਦ ਦੇ ਕੋਲ ਨਹੀਂ ਰਹਿੰਦੇ। ਅੱਜ-ਕੱਲ੍ਹ ਤਾਂ ਖਰਾ ਧਨ ਵੀ, ਖਰੀ ਮਿਹਨਤ ਦੀ ਕਮਾਈ ਵੀ ਨਹੀਂ ਰਹਿੰਦੀ, ਤਾਂ ਖੋਟਾ ਧਨ ਕਿਵੇਂ ਰਹੇਗਾ ? ਅਰਥਾਤ ਪੁੰਨ ਦਾ ਧਨ ਚਾਹੀਦਾ ਹੈ, ਜਿਸ ਵਿੱਚ ਅਪ੍ਰਮਾਣਿਕਤਾ ਨਾ ਹੋਵੇ, ਨੀਅਤ ਸਾਫ਼ ਹੋਵੇ, ਇਹੋ ਜਿਹਾ ਧਨ ਹੋਵੇਗਾ ਤਾਂ ਉਹੀ ਸੁੱਖ ਦੇਵੇਗਾ। ਨਹੀਂ ਤਾਂ ਹੁਣ ਦੂਸ਼ਮਕਾਲ ਦਾ ਧਨ, ਪੁੰਨ ਦਾ ਹੀ ਕਹਾਉਂਦਾ ਹੈ, ਪਰ ਪਾਪਾਨੁਬੰਧੀ ਪੁੰਨ ਦਾ, ਉਹ ਤਾਂ ਨਿਰੇ ਪਾਪ ਹੀ ਬੰਧਾਵੇ।

ਇੱਕ ਮਿੰਟ ਵੀ ਜਿੱਥੇ ਨਾ ਰਹਿ ਸਕੀਏ, ਇਹੋ ਜਿਹਾ ਇਹ ਸੰਸਾਰ ਹੈ। ਜ਼ਬਰਦਸਤ ਪੁੰਨ ਹੋਣ ਦੇ ਬਾਵਜੂਦ ਅੰਦਰ ਅੰਤਰਦਾਹ ਸ਼ਾਂਤ ਨਹੀਂ ਹੁੰਦਾ, ਅੰਤਰਦਾਹ ਨਿਰੰਤਰ ਚੱਲਦਾ ਹੀ ਰਹਿੰਦਾ ਹੈ! ਚਾਰੇ ਪਾਸੇ ਤੋਂ ਸਾਰੇ ਫਸਟ ਕਲਾਸ ਸੰਜੋਗ ਹੋਣ ਤੇ ਵੀ ਅੰਤਰਦਾਹ ਚੱਲਦਾ ਰਹਿੰਦਾ ਹੈ, ਹੁਣ ਉਹ ਕਿਵੇਂ ਮਿਟੇ ? ਪੁੰਨ ਵੀ ਆਖ਼ਰ ਖਤਮ ਹੋ ਜਾਂਦਾ ਹੈ। ਦੁਨੀਆਂ ਦਾ ਕਾਨੂੰਨ ਹੈ ਕਿ ਪੁੰਨ ਦੇ ਖਤਮ ਹੋਣ 'ਤੇ ਪਾਪ ਦਾ ਉਦੈ ਹੁੰਦਾ ਹੈ। ਇਹ ਤਾਂ ਅੰਤਰਦਾਹ ਹੈ। ਪਾਪ ਦੇ ਉਦੈ ਸਮੇਂ ਜਦੋਂ ਬਾਹਰ ਦਾ ਦਾਹ ਪੈਦਾ ਹੋਵੇਗਾ ਉਸ ਸਮੇਂ ਤੇਰੀ ਕੀ ਦਸ਼ਾ ਹੋਵੇਗੀ ? ਇਸ ਲਈ ਸੰਭਲੋ, ਇੰਝ ਭਗਵਾਨ ਕਹਿੰਦੇ ਹਨ।

ਇਹ ਤਾਂ ਪੂਰਨ-ਗਲਨ ਦਾ ਸੁਭਾਅ ਹੈ। ਜਿੰਨਾ ਪੂਰਨ ਹੋਇਆ ਓਨਾ ਫਿਰ ਗਲਨ ਹੋਣ ਵਾਲਾ ਹੈ ਅਤੇ ਜੇ ਗਲਨ ਨਾ ਹੁੰਦਾ, ਤਾਂ ਵੀ ਮੁਸੀਬਤ ਹੋ ਜਾਂਦੀ। ਪਰ ਜਿੰਨਾ ਗਲਨ ਹੁੰਦਾ ਹੈ ਓਨਾ ਹੀ ਫਿਰ ਖਾਧਾ ਜਾਂਦਾ ਹੈ। ਇਹ ਸਾਹ ਲਿਆ ਉਹ ਪੂਰਨ ਹੈ ਅਤੇ ਸਾਹ ਛੱਡਿਆ ਉਹ ਗਲਨ ਹੈ। ਸਭ ਪੂਰਨ-ਗਲਨ ਸੁਭਾਅ ਦਾ ਹੈ, ਇਸ ਲਈ ਅਸੀਂ ਖੋਜਬੀਨ ਕੀਤੀ ਹੈ ਕਿ 'ਤੰਗੀ ਨਹੀਂ ਅਤੇ ਭਰਾਵ ਵੀ ਨਹੀਂ! ਸਾਡੇ ਕੋਲ ਕਦੇ ਵੀ ਲੱਛਮੀ ਦੀ ਤੰਗੀ ਵੀ ਨਹੀਂ ਅਤੇ ਭਰਾਵ ਵੀ ਨਹੀਂ!' ਤੰਗੀ ਵਾਲਾ, ਸੁੱਕ ਜਾਂਦਾ ਹੈ ਅਤੇ ਭਰਾਵ ਵਾਲੇ ਨੂੰ ਸੋਜ ਚੜ੍ਹ ਜਾਂਦੀ ਹੈ। ਭਰਾਵ ਯਾਨੀ ਕੀ ? ਕਿ ਲੱਛਮੀ ਜੀ ਦੋ-ਤਿੰਨ ਸਾਲ ਤੱਕ ਖਿਸਕੇ ਹੀ ਨਾ। ਲੱਛਮੀ ਜੀ ਤਾਂ ਚੱਲਦੀ ਭਲੀ, ਵਰਨਾ ਦੁੱਖਦਾਈ ਹੋ ਜਾਂਦੀ ਹੈ।

ਮੈਨੂੰ ਕਦੇ ਵੀ ਤੰਗੀ ਨਹੀਂ ਆਈ ਅਤੇ ਨਾ ਹੀ ਭਰਾਵ ਹੋਇਆ। ਲੱਖ ਆਉਣ ਤੋਂ ਪਹਿਲਾਂ ਤਾਂ ਕਿਤੇ ਨਾ ਕਿਤੇ ਤੋਂ ਬੰਬ (ਖਰਚਾ) ਆ ਜਾਂਦਾ ਹੈ ਅਤੇ ਉਸ ਵਿੱਚ ਖਰਚ ਹੋ ਜਾਂਦੇ ਹਨ ਇਸ ਲਈ ਭਰਾਵ ਤਾਂ ਹੁੰਦਾ ਹੀ ਨਹੀਂ ਕਦੇ ਅਤੇ ਤੰਗੀ ਵੀ ਨਹੀਂ ਆਈ।

**ਪ੍ਰਸ਼ਨਕਰਤਾ** : ਲੱਛਮੀ ਕਿਉਂ ਘੱਟ ਹੋ ਜਾਂਦੀ ਹੈ ?

**ਦਾਦਾਸ਼੍ਰੀ** : ਚੋਰੀਆਂ ਨਾਲ। ਜਿੱਥੇ ਮਨ-ਵਚਨ-ਕਾਇਆ ਤੋਂ ਚੋਰੀ ਨਹੀਂ ਹੁੰਦੀ ਉੱਥੇ ਲੱਛਮੀ ਜੀ ਦੀ ਕਿਰਪਾ ਹੁੰਦੀ ਹੈ। ਲੱਛਮੀ ਦਾ ਅੰਤਰਾਏ ਚੋਰੀ ਨਾਲ ਹੈ। ਟ੍ਰਿਕ (ਚਲਾਕੀ) ਅਤੇ ਲੱਛਮੀ ਦਾ ਵੈਰ ਹੈ। ਸਥੂਲ ਚੋਰੀ ਬੰਦ ਹੁੰਦੀ ਹੈ ਤਾਂ ਜਾ ਕੇ ਉੱਚੀ ਜਾਤੀ ਵਿੱਚ ਜਨਮ ਹੁੰਦਾ ਹੈ, ਪਰ ਸੂਖ਼ਮ ਚੋਰੀ ਅਰਥਾਤ ਟ੍ਰਿਕ ਕਰੇ ਉਹ ਤਾਂ ਹਾਰਡ (ਭਾਰੀ) ਰੌਦਰਧਿਆਨ ਹੈ ਅਤੇ ਉਸਦਾ ਫ਼ਲ ਨਰਕ ਗਤੀ ਹੈ। ਇਹ ਕੱਪੜਾ ਖਿੱਚ ਕੇ ਨਾਪਦੇ ਹਨ ਉਹ ਹਾਰਡ ਰੌਦਰਧਿਆਨ ਹੈ। ਟ੍ਰਿਕਾਂ ਤਾਂ ਹੋਣੀਆਂ ਹੀ ਨਹੀਂ ਚਾਹੀਦੀਆਂ। ਟ੍ਰਿਕਾਂ ਕਰਨੀਆਂ ਕਿਸ ਨੂੰ ਕਹਿੰਦੇ ਹਨ ? 'ਬਹੁਤ ਚੋਖਾ ਮਾਲ ਹੈ' ਕਹਿ ਕੇ ਮਿਲਾਵਟ ਵਾਲਾ ਮਾਲ ਦੇ ਕੇ ਖੁਸ਼ ਹੁੰਦਾ ਹੈ ਅਤੇ ਜੇ ਅਸੀਂ ਕਹੀਏ ਕਿ, ਕੀ ਕੋਈ ਇੰਝ ਕਰਦਾ ਹੈ ਭਲਾ ? ਤਾਂ ਉਹ ਕਹੇਗਾ ਕਿ, 'ਇੰਝ ਤਾਂ ਕਰਨਾ ਹੀ ਪੈਂਦਾ ਹੈ।' ਪਰ ਇਮਾਨਦਾਰੀ ਦੀ ਇੱਛਾ ਵਾਲੇ ਨੂੰ ਕੀ ਕਹਿਣਾ ਚਾਹੀਦਾ ਹੈ ਕਿ 'ਮੇਰੀ ਇੱਛਾ ਤਾਂ ਚੰਗਾ ਮਾਲ ਦੇਣ ਦੀ ਹੈ, ਪਰ ਮਾਲ ਅਜਿਹਾ ਹੈ, ਠੀਕ ਲੱਗੇ ਤਾਂ ਲੈ ਜਾਓ।' ਇੰਨਾ ਕਹਿਣ 'ਤੇ ਜ਼ਿੰਮੇਦਾਰੀ ਸਾਡੀ ਨਹੀਂ ਰਹਿੰਦੀ!

ਇਹ ਸਭ ਲੋਕ ਕਦੋਂ ਤੱਕ ਇਮਾਨਦਾਰ ਹਨ ? ਕਿ ਜਦੋਂ ਤੱਕ ਕਾਲ਼ੇ ਬਾਜ਼ਾਰ ਦਾ ਅਧਿਕਾਰ ਉਹਨਾਂ ਨੂੰ ਪ੍ਰਾਪਤ ਨਹੀਂ ਹੋਇਆ।

**ਪ੍ਰਸ਼ਨਕਰਤਾ** : ਲੱਛਮੀ ਕਿੰਨੀ ਮਾਤਰਾ ਵਿੱਚ ਕਮਾਉਣੀ ਚਾਹੀਦੀ ਹੈ ?

**ਦਾਦਾਸ਼੍ਰੀ** : ਇਹੋ ਜਿਹਾ ਕੁੱਝ ਨਹੀਂ। ਸਵੇਰੇ ਰੋਜ਼ਾਨਾ ਨਹਾਉਣਾ ਪੈਂਦਾ ਹੈ ਨਾ ? ਤਾਂ ਕੀ ਕੋਈ ਸੋਚਦਾ ਹੈ ਕਿ ਇੱਕ ਲੋਟਾ (ਪਾਣੀ) ਹੀ ਮਿਲੇਗਾ ਤਾਂ ਕੀ ਕਰਾਂਗਾ ? ਇਸ ਤਰ੍ਹਾਂ ਲੱਛਮੀ ਦਾ ਵਿਚਾਰ ਨਹੀਂ ਆਉਣਾ ਚਾਹੀਦਾ ? ਡੇਢ ਬਾਲਟੀ ਮਿਲੇਗੀ ਓਨਾ ਨਿਸ਼ਚਿਤ ਹੀ ਹੈ ਅਤੇ ਦੋ ਲੋਟੇ, ਉਹ ਵੀ ਨਿਸ਼ਚਿਤ ਹੀ ਹੈ। ਉਸ ਵਿੱਚ ਕੋਈ ਘੱਟ-ਵੱਧ ਨਹੀਂ ਕਰ ਸਕਦਾ। ਇਸ ਲਈ ਮਨ-ਵਚਨ-ਕਾਇਆ ਤੋਂ ਲੱਛਮੀ ਲਈ ਤੂੰ ਯਤਨ ਕਰੀਂ, ਪਰ ਇੱਛਾ ਨਾ ਰੱਖੀਂ, ਇਹ ਲੱਛਮੀ ਜੀ ਤਾਂ ਬੈਂਕ-ਬੈਲੇਂਸ ਹੈ, ਇਸ ਲਈ ਬੈਂਕ ਵਿੱਚ ਜਮ੍ਹਾਂ ਹੋਵੇਗੀ ਤਾਂ ਮਿਲੇਗੀ ਨਾ ? ਕੋਈ ਲੱਛਮੀ ਦੀ ਇੱਛਾ ਕਰੇ ਤਾਂ ਲੱਛਮੀ ਜੀ ਕਹਿੰਦੇ ਹਨ ਕਿ 'ਇਸ ਜੁਲਾਈ ਵਿੱਚ ਤੇਰੇ ਪੈਸੇ ਆਉਣ ਵਾਲੇ ਸਨ, ਪਰ ਹੁਣ ਉਹ ਅਗਲੀ ਜੁਲਾਈ ਵਿੱਚ ਮਿਲਣਗੇ।' ਅਤੇ ਜੇ ਕਹੇ ਕਿ, 'ਮੈਨੂੰ ਪੈਸੇ ਨਹੀਂ ਚਾਹੀਦੇ' ਤਾਂ ਉਹ ਵੀ ਵੱਡਾ ਗੁਨਾਹ ਹੈ। ਲੱਛਮੀ ਜੀ ਦਾ ਤਿਰਸਕਾਰ ਵੀ ਨਹੀਂ ਅਤੇ ਇੱਛਾ ਵੀ ਨਹੀਂ ਕਰਨੀ ਚਾਹੀਦੀ। ਉਹਨਾਂ ਨੂੰ ਤਾਂ ਨਮਸਕਾਰ ਕਰਨਾ ਚਾਹੀਦਾ ਹੈ। ਉਹਨਾਂ ਦਾ ਤਾਂ ਵਿਨੈ ਕਰਨਾ ਚਾਹੀਦਾ ਹੈ, ਕਿਉਂਕਿ ਉਹ ਤਾਂ ਹੈੱਡ ਆਫ਼ਿਸ ਵਿੱਚ ਹਨ। ਲੱਛਮੀ ਤਾਂ ਜਦੋਂ ਉਸ ਦਾ ਟਾਈਮ, ਕਾਲ ਪੱਕੇਗਾ, ਤਾਂ ਉਦੋਂ ਆਉਣ ਵਾਲੀ ਹੀ ਹੈ। ਇਹ ਤਾਂ, ਇੱਛਾ ਨਾਲ ਅੰਤਰਾਏ ਪੈਂਦਾ ਹੈ। ਲੱਛਮੀ ਜੀ ਕਹਿੰਦੇ ਹਨ ਕਿ, 'ਜਿਸ ਟਾਈਮ 'ਤੇ ਜਿਸ ਮੁਹੱਲੇ ਵਿੱਚ ਰਹਿਣਾ ਹੋਵੇ ਉਸ ਟਾਈਮ 'ਤੇ ਹੀ ਰਹਿਣਾ ਚਾਹੀਦਾ ਹੈ ਅਤੇ ਅਸੀਂ ਟਾਈਮ-ਟਾਈਮ 'ਤੇ ਭੇਜ ਹੀ ਦਿੰਦੇ ਹਾਂ। ਤੇਰੇ ਸਾਰੇ ਡਰਾਫ਼ਟ ਆਦਿ ਟਾਈਮ 'ਤੇ ਆ ਹੀ ਜਾਣਗੇ, ਪਰ ਮੇਰੀ ਇੱਛਾ ਨਾ ਕਰੀਂ। ਕਿਉਂਕਿ ਜਿਨ੍ਹਾਂ ਕਾਯਦੇ ਸਰ ਹੈ, ਉਹ ਵਿਆਜ ਸਮੇਤ ਭੇਜ ਦਿੰਦੇ ਹਾਂ। ਜੋ ਇੱਛਾ ਨਹੀਂ ਕਰਦਾ ਉਸਨੂੰ ਸਮੇਂ 'ਤੇ ਭੇਜਦੇ ਹਾਂ।' ਦੂਸਰਾ, ਲੱਛਮੀ ਜੀ ਕੀ ਕਹਿੰਦੇ ਹਨ ? ਕਿ ਜੇ ਤੂੰ ਮੋਕਸ਼ ਵਿੱਚ ਜਾਣਾ ਹੋਵੇ ਤਾਂ ਹੱਕ ਦੀ ਲੱਛਮੀ ਹੀ ਲਈਂ, ਕਿਸੇ ਦਾ ਵੀ ਖੋਹ ਕੇ, ਧੋਖਾ ਦੇ ਕੇ ਨਾ ਲਈਂ।

ਲੱਛਮੀ ਜਦੋਂ ਸਾਨੂੰ (ਦਾਦਾਸ਼੍ਰੀ ਨੂੰ) ਮਿਲਦੀ ਹੈ, ਉਦੋਂ ਅਸੀਂ ਉਹਨਾਂ ਨੂੰ ਕਹਿ ਦਿੰਦੇ ਹਾਂ ਕਿ ਬੜੌਦਾ ਵਿੱਚ 'ਮਾਮਾ ਕੀ ਪੋਲ' (ਮੁਹੱਲਾ) ਦਾ ਛੇਵਾਂ ਘਰ, ਜਦੋਂ ਅਨੁਕੂਲਤਾ ਹੋਵੇ, ਪਧਾਰਨਾ ਅਤੇ ਜਦੋਂ ਜਾਣਾ ਹੋਵੇ ਚਲੇ ਜਾਣਾ। ਤੁਹਾਡਾ ਹੀ ਘਰ ਹੈ, ਪਧਾਰਨਾ। ਇੰਨਾ ਅਸੀਂ ਕਹਿੰਦੇ ਹਾਂ। ਅਸੀਂ ਵਿਨੈ ਨਹੀਂ ਤੋੜਦੇ।

ਦੂਸਰੀ ਗੱਲ, ਲੱਛਮੀ ਜੀ ਨੂੰ ਦੁਤਕਾਰਨਾ ਨਹੀਂ ਚਾਹੀਦਾ। ਕਈ ਲੋਕ ਇੰਝ ਕਹਿੰਦੇ ਹਨ ਕਿ, 'ਸਾਨੂੰ ਨਹੀਂ ਚਾਹੀਦੀ, ਲੱਛਮੀ ਜੀ ਨੂੰ ਤਾਂ ਅਸੀਂ ਟਚ (ਛੂਹਣਾ)

ਵੀ ਨਹੀਂ ਕਰਦੇ', ਉਹ ਲੱਛਮੀ ਜੀ ਨੂੰ ਨਾ ਛੂਹਣ ਉਸ ਵਿੱਚ ਹਰਜ ਨਹੀਂ, ਪਰ ਇਸ ਤਰ੍ਹਾਂ ਜੋ ਬਾਣੀ ਦੁਆਰਾ ਬੋਲਦੇ ਹਨ ਨਾ, ਇਹੋ ਜਿਹਾ ਜੋ ਭਾਵ ਕਰਦੇ ਹਨ ਉਹ ਜੋਖ਼ਿਮ ਹੈ। ਅਗਲੇ ਕਈ ਜਨਮਾਂ ਤੱਕ ਲੱਛਮੀ ਜੀ ਦੇ ਬਗੈਰ ਭਟਕਣਾ ਪਵੇਗਾ। ਲੱਛਮੀ ਜੀ ਤਾਂ 'ਵੀਤਰਾਗ' ਹਨ, 'ਅਚੇਤਨ ਵਸਤੂ ਹੈ'। ਉਸ ਨੂੰ ਦੁਤਕਾਰਨਾ ਨਹੀਂ ਚਾਹੀਦਾ। ਕਿਸੇ ਨੂੰ ਵੀ ਦੁਤਕਾਰ ਕੇ, ਚਾਹੇ ਉਹ ਚੇਤਨ ਹੋਵੇ ਜਾਂ ਅਚੇਤਨ ਹੋਵੇ, ਉਸਦਾ ਸੰਜੋਗ ਦੁਬਾਰਾ ਪ੍ਰਾਪਤ ਨਹੀਂ ਹੋਵੇਗਾ। ਅਸੀਂ 'ਅਪਰਿਗ੍ਰਹੀ' ਹਾਂ ਇੰਝ ਕਹੀਏ ਪਰ 'ਲੱਛਮੀ ਜੀ ਨੂੰ ਕਦੇ ਵੀ ਨਹੀਂ ਛੂਹਾਂਗਾ' ਇੰਝ ਨਹੀਂ ਕਹਿਣਾ ਚਾਹੀਦਾ। ਲੱਛਮੀ ਜੀ ਤਾਂ ਸਾਰੀ ਦੁਨੀਆਂ ਦੇ ਵਿਹਾਰ ਦੀ 'ਨੱਕ' ਕਹਾਉਂਦੀ ਹੈ। 'ਵਿਵਸਥਿਤ' ਦੇ ਨਿਯਮ ਦੇ ਆਧਾਰ 'ਤੇ ਸਾਰੇ ਦੇਵ-ਦੇਵੀਆਂ ਪ੍ਰਸਥਾਪਿਤ ਹਨ, ਇਸ ਲਈ ਕਦੇ ਵੀ ਤਰਛੋੜ (ਤਿਰਸਕਾਰ ਨਾਲ ਦੁਤਕਾਰਨਾ) ਨਹੀਂ ਚਾਹੀਦਾ।

ਲੱਛਮੀ ਦਾ ਤਿਆਗ ਨਹੀਂ ਕਰਨਾ ਹੈ, ਪਰ ਅਗਿਆਨਤਾ ਦਾ ਤਿਆਗ ਕਰਨਾ ਹੈ। ਕੁੱਝ ਲੋਕ ਲੱਛਮੀ ਦਾ ਤਿਰਸਕਾਰ ਕਰਦੇ ਹਨ। ਜੇ ਕਿਸੇ ਵੀ ਵਸਤੂ ਦਾ ਤਿਰਸਕਾਰ ਕਰੀਏ ਤਾਂ ਉਹ ਕਦੇ ਵੀ ਫਿਰ ਮਿਲੇਗੀ ਹੀ ਨਹੀਂ, ਕੇਵਲ ਨਿਃਸਪ੍ਰਹ ਹੋ ਜਾਣਾ ਉਹ ਤਾਂ ਬਹੁਤ ਵੱਡਾ ਪਾਗਲਪਨ ਹੈ।

ਸੰਸਾਰੀ ਭਾਵ ਵਿੱਚ ਅਸੀਂ ਨਿਃਸਪ੍ਰਹੀ ਹਾਂ ਅਤੇ ਆਤਮਿਕ ਭਾਵ ਵਿੱਚ ਸਸਪ੍ਰਹੀ ਹਾਂ। ਸਸਪ੍ਰਹੀ-ਨਿਃਸਪ੍ਰਹੀ ਹੋਵੇਗਾ ਤਾਂ ਹੀ ਮੋਕਸ਼ ਵਿੱਚ ਜਾ ਸਕੇਗਾ। ਇਸ ਲਈ ਹਰ ਪ੍ਰਸੰਗ ਦਾ ਸਵਾਗਤ ਕਰਨਾ।

ਕਾਲਾ ਧਨ ਕਿਸ ਤਰ੍ਹਾਂ ਦਾ ਹੁੰਦਾ ਹੈ ਇਹ ਸਮਝਾਉਂਦਾ ਹਾਂ। ਹੜ੍ਹ ਦਾ ਪਾਣੀ ਸਾਡੇ ਘਰ ਵਿੱਚ ਘੁਸ ਜਾਵੇ ਤਾਂ ਕੀ ਸਾਨੂੰ ਖੁਸ਼ੀ ਹੋਵੇਗੀ ਕਿ ਘਰ ਬੈਠੇ ਪਾਣੀ ਆਇਆ ? ਫਿਰ ਜਦੋਂ ਉਹ ਹੜ੍ਹ ਉੱਤਰੇਗਾ ਅਤੇ ਪਾਣੀ ਚਲਾ ਜਾਵੇਗਾ, ਤਾਂ ਜੋ ਚਿੱਕੜ ਰਹਿ ਜਾਵੇਗਾ ਉਸ ਨੂੰ ਧੋ ਕੇ ਕੱਢਦੇ-ਕੱਢਦੇ ਤਾਂ ਤੇਰਾ ਸਾਹ ਨਿਕਲ ਜਾਵੇਗਾ। ਇਹ ਕਾਲਾ ਧਨ ਹੜ੍ਹ ਦੇ ਪਾਣੀ ਦੇ ਸਮਾਨ ਹੈ। ਉਹ ਰੋਮ-ਰੋਮ ਕੱਟ ਕੇ (ਦੁੱਖ ਦੇ ਕੇ) ਜਾਵੇਗਾ। ਇਸ ਲਈ ਮੈਨੂੰ ਸੇਠਾਂ ਨੂੰ ਕਹਿਣਾ ਪਿਆ ਕਿ ਸੰਭਲ ਕੇ ਚੱਲਣਾ।

ਜਦੋਂ ਤੱਕ ਉਲਟਾ ਧੰਦਾ ਸ਼ੁਰੂ ਨਹੀਂ ਹੁੰਦਾ ਉਦੋਂ ਤੱਕ ਲੱਛਮੀ ਜੀ ਜਾਵੇਗੀ ਨਹੀਂ। ਉਲਟਾ ਧੰਦਾ ਲੱਛਮੀ ਜੀ ਦੇ ਜਾਣ ਦਾ ਨਿਮਿਤ ਹੈ!

ਇਹ ਕਾਲ ਕਿਹੋ ਜਿਹਾ ਹੈ ? ਹੁਣ ਇਸ ਕਾਲ ਦੇ ਲੋਕਾਂ ਨੂੰ ਤਾਂ ਕਿੱਥੋਂ ਮਾਲ ਮਿਲ ਜਾਵੇ, ਦੂਸਰਿਆਂ ਤੋਂ ਕਿਵੇਂ ਝਪਟ ਲਵਾਂ, ਕਿਸ ਤਰ੍ਹਾਂ ਮਿਲਾਵਟ ਵਾਲਾ

ਮਾਲ ਦੂਸਰਿਆਂ ਨੂੰ ਦੇਣਾ, ਬਿਨਾਂ ਹੱਕ ਦੇ ਵਿਸ਼ੈ ਭੋਗਣਾ, ਇਸ ਵਿੱਚੋਂ ਫੁਰਸਤ ਮਿਲੇ ਤਾਂ ਹੋਰ ਕਿਸੇ ਚੀਜ਼ ਦੀ ਖੋਜ ਕਰਨਗੇ ਨਾ ? ਇਸ ਨਾਲ ਸੁੱਖ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ। ਸੁੱਖ ਤਾਂ ਕਦੋਂ ਕਹਾਉਂਦਾ ਹੈ ? 'ਮੇਨ ਪ੍ਰੋਡਕਸ਼ਨ' ਕਰੇਗਾ ਉਦੋਂ। ਇਹ ਸੰਸਾਰ ਤਾਂ 'ਬਾਇ ਪ੍ਰੋਡਕਟ' ਹੈ, ਪਿਛਲੇ ਜਨਮ ਵਿੱਚ ਕੁੱਝ ਕੀਤਾ ਹੋਵੇਗਾ ਉਸ ਨਾਲ ਦੇਹ ਮਿਲੀ, ਭੌਤਿਕ ਚੀਜ਼ਾਂ ਮਿਲੀਆਂ, ਔਰਤ ਮਿਲੀ, ਬੰਗਲੇ ਮਿਲੇ। ਜੇ ਮਿਹਨਤ ਨਾਲ ਮਿਲਦਾ ਹੋਵੇ ਤਾਂ ਮਜ਼ਦੂਰ ਨੂੰ ਵੀ ਮਿਲੇ, ਪਰ ਅਜਿਹਾ ਨਹੀਂ ਹੈ। ਅੱਜ ਦੇ ਲੋਕਾਂ ਦੀ ਸਮਝ ਵਿੱਚ ਫ਼ਰਕ ਆਇਆ ਹੈ। ਇਸ ਲਈ ਇਹ ਬਾਇ-ਪ੍ਰੋਡਕਸ਼ਨ ਦੇ ਕਾਰਖ਼ਾਨੇ ਖੋਲ੍ਹੇ ਹਨ। ਪਰ ਬਾਇ-ਪ੍ਰੋਡਕਸ਼ਨ ਦੇ ਨਹੀਂ ਖੋਲ੍ਹਣੇ ਚਾਹੀਦੇ। ਮੇਨ ਪ੍ਰੋਡਕਸ਼ਨ, ਯਾਨੀ ਮੋਕਸ਼ ਦਾ ਸਾਧਨ, 'ਗਿਆਨੀ ਪੁਰਖ' ਤੋਂ ਪ੍ਰਾਪਤ ਕਰ ਲਵੋ, ਫਿਰ ਸੰਸਾਰ ਦਾ ਬਾਇ-ਪ੍ਰੋਡਕਸ਼ਨ ਤਾਂ ਆਪਣੇ ਆਪ ਮੁਫ਼ਤ ਵਿੱਚ ਹੀ ਮਿਲੇਗਾ! ਬਾਇ-ਪ੍ਰੋਡਕਟ ਲਈ ਤਾਂ ਅਨੰਤ ਅਵਤਾਰ ਵਿਗਾੜੇ, ਦੁਰਧਿਆਨ ਕਰਕੇ! ਇੱਕ ਵਾਰੀ ਮੋਕਸ਼ ਪ੍ਰਾਪਤ ਕਰ ਲਵੋ ਤਾਂ ਸਾਰਾ ਫ਼ਸਾਦ ਖਤਮ ਹੋ ਜਾਵੇ!

ਇਸ ਭੌਤਿਕ ਸੁੱਖ ਦੇ ਬਜਾਏ ਅਲੌਕਿਕ ਸੁੱਖ ਹੋਣਾ ਚਾਹੀਦਾ ਹੈ ਕਿ ਜਿਸ ਸੁੱਖ ਨਾਲ ਸਾਨੂੰ ਤ੍ਰਿਪਤੀ ਹੋਵੇ। ਇਹ ਲੌਕਿਕ ਸੁੱਖ ਤਾਂ ਉਲਟਾ ਬੇਚੈਨੀ ਵਧਾਉਂਦਾ ਹੈ! ਜਿਸ ਦਿਨ ਪੰਜਾਹ ਹਜ਼ਾਰ ਦੀ ਆਮਦਨੀ ਹੋਵੇ ਉਸ ਦਿਨ ਗਿਣ-ਗਿਣ ਕੇ ਹੀ ਦਿਮਾਗ ਥੱਕ ਜਾਂਦਾ ਹੈ। ਦਿਮਾਗ ਤਾਂ ਇੰਨਾ ਵਿਆਕੁਲ ਹੋ ਜਾਂਦਾ ਹੈ ਕਿ ਖਾਣਾ-ਪੀਣਾ ਵੀ ਚੰਗਾ ਨਹੀਂ ਲੱਗਦਾ। ਕਿਉਂਕਿ ਮੈਨੂੰ ਵੀ ਆਮਦਨੀ ਆਉਂਦੀ ਸੀ, ਉਹ ਮੈਂ ਵੀ ਦੇਖੀ ਸੀ, ਉਦੋਂ ਇਹ ਦਿਮਾਗ ਕਿਹੋ ਜਿਹਾ ਹੋ ਜਾਂਦਾ ਸੀ! ਇਹ ਕੁੱਝ ਵੀ ਮੇਰੇ ਅਨੁਭਵ ਤੋਂ ਬਾਹਰ ਨਹੀਂ ਹੈ ਨਾ ? ਮੈਂ ਤਾਂ ਇਹ ਸਮੁੰਦਰ ਤੈਰ ਕੇ ਬਾਹਰ ਨਿਕਲਿਆ ਹਾਂ, ਇਸ ਲਈ ਮੈਨੂੰ ਸਭ ਪਤਾ ਹੈ ਕਿ ਤੁਹਾਨੂੰ ਕੀ ਹੁੰਦਾ ਹੋਵੇਗਾ ? ਜ਼ਿਆਦਾ ਪੈਸਾ ਆਉਂਦਾ ਹੈ ਤਾਂ ਜ਼ਿਆਦਾ ਵਿਆਕੁਲਤਾ ਹੁੰਦੀ ਹੈ। ਦਿਮਾਗ ਡਲ (ਬੁੱਝ) ਹੋ ਜਾਂਦਾ ਹੈ ਅਤੇ ਕੁੱਝ ਵੀ ਯਾਦ ਨਹੀਂ ਰਹਿੰਦਾ। ਬੇਚੈਨੀ, ਬੇਚੈਨੀ ਅਤੇ ਬੇਚੈਨੀ ਹੀ ਰਿਹਾ ਕਰਦੀ ਹੈ। ਨੋਟ ਹੀ ਗਿਣਦਾ ਰਹਿੰਦਾ ਹੈ, ਪਰ ਉਹ ਨੋਟ ਇੱਥੇ ਦੇ ਇੱਥੇ ਹੀ ਰਹਿ ਗਏ ਅਤੇ ਗਿਣਨ ਵਾਲੇ ਚੱਲ ਵਸੇ! ਪੈਸਾ ਤਾਂ ਕਹਿੰਦਾ ਹੈ ਕਿ, 'ਤੂੰ ਸਮਝ ਸਕੇਂ ਤਾਂ ਸਮਝ ਲੈ, ਅਸੀਂ ਰਹਾਂਗੇ ਅਤੇ ਤੂੰ ਜਾਵੇਂਗਾ!' ਇਸ ਲਈ ਸਾਨੂੰ ਉਸਦੇ ਨਾਲ ਕੋਈ ਵੈਰ ਨਹੀਂ ਕਰਨਾ। ਪੈਸੇ ਨੂੰ ਕਹਿਣਾ ਕਿ, 'ਆਓ ਜੀ,' ਕਿਉਂਕਿ ਉਸਦੀ ਜ਼ਰੂਰਤ ਹੈ! ਸਭ ਦੀ ਜ਼ਰੂਰਤ ਹੈ ਨਾ ? ਪਰ ਜੇ ਉਸ ਦੇ ਪਿੱਛੇ ਤਨਮਯਾਕਾਰ ਰਹੀਏ, ਤਾਂ ਗਿਣਨ ਵਾਲੇ ਚਲੇ ਗਏ ਅਤੇ ਪੈਸੇ ਰਹਿ ਗਏ। ਫਿਰ ਵੀ ਗਿਣਨੇ ਤਾਂ ਪੈਂਦੇ ਹਨ ਨਾ, ਉਸ ਤੋਂ ਬਚ ਨਹੀਂ ਸਕਦੇ ਨਾ!

ਸ਼ਾਇਦ ਹੀ ਕੋਈ ਸੇਠ ਇਹੋ ਜਿਹਾ ਹੋਵੇਗਾ ਜੋ ਮੁਨੀਮ ਨੂੰ ਕਹੇ ਕਿ 'ਭਾਈ, ਮੈਨੂੰ ਖਾਂਦੇ ਵੇਲੇ ਪਰੇਸ਼ਾਨ ਨਾ ਕਰਨਾ, ਪੈਸੇ ਆਉਣ ਤਾਂ ਆਰਾਮ ਨਾਲ ਗਿਣ ਕੇ ਤਿਜੌਰੀ ਵਿੱਚ ਰੱਖਣਾ ਅਤੇ ਤਿਜੌਰੀ ਵਿੱਚੋਂ ਲੈ ਲੈਣ।' ਇੰਝ ਦਖਲ ਨਾ ਕਰੇ ਇਹੋ ਜਿਹਾ ਸ਼ਾਇਦ ਹੀ ਕੋਈ ਸੇਠ ਹੋਵੇਗਾ! ਹਿੰਦੁਸਤਾਨ ਵਿੱਚ ਇਹੋ ਜਿਹੇ ਦੋ-ਚਾਰ ਸੇਠ ਹੋਣਗੇ ਜਿਹੜੇ ਨਿਰਲੇਪ ਰਹਿ ਸਕਣ! ਮੇਰੇ ਵਰਗੇ!! ਮੈਂ ਕਦੇ ਪੈਸੇ ਨਹੀਂ ਗਿਣਦਾ!! ਇਹ ਕੀ ਝੰਜਟ! ਅੱਜ ਵੀਹ-ਵੀਹ ਸਾਲਾਂ ਤੋਂ ਮੈਂ ਲੱਛਮੀ ਜੀ ਨੂੰ ਹੱਥ ਵਿੱਚ ਨਹੀਂ ਫੜਿਆ ਹੈ ਤਾਂ ਹੀ ਇੰਨਾ ਆਨੰਦ ਰਹਿੰਦਾ ਹੈ ਨਾ!

ਜਦੋਂ ਤੱਕ ਵਿਹਾਰ ਹੈ, ਉਦੋਂ ਤੱਕ ਲੱਛਮੀ ਜੀ ਦੀ ਜ਼ਰੂਰਤ ਰਹੇਗੀ ਹੀ। ਉਸ ਲਈ ਮਨਾਹੀ ਨਹੀਂ ਹੈ। ਪਰ ਉਸ ਵਿੱਚ ਤਨਮਯਾਕਾਰ ਨਾ ਹੋਣਾ, ਤਨਮਯਾਕਾਰ ਨਾਰਾਇਣ ਵਿੱਚ ਹੋਣਾ ਹੈ। ਇਕੱਲੇ ਲੱਛਮੀ ਜੀ ਦੇ ਪਿੱਛੇ ਪਵਾਂਗੇ ਤਾਂ ਨਾਰਾਇਣ ਗੁੱਸਾ ਕਰਨਗੇ। ਲੱਛਮੀ-ਨਾਰਾਇਣ ਦਾ ਤਾਂ ਮੰਦਰ ਹੈ ਨਾ! ਲੱਛਮੀ ਜੀ ਕੋਈ ਐਸੀ-ਵੈਸੀ ਚੀਜ਼ ਹੈ ?

ਰੁਪਏ ਕਮਾਉਂਦੇ ਸਮੇਂ ਜੋ ਆਨੰਦ ਹੁੰਦਾ ਹੈ ਉਦਾਂ ਦਾ ਹੀ ਆਨੰਦ ਖਰਚ ਕਰਦੇ ਸਮੇਂ ਹੋਣਾ ਚਾਹੀਦਾ ਹੈ। ਪਰ ਉਦੋਂ ਤਾਂ ਕਹਿ ਉੱਠਦਾ ਹੈ, 'ਐਨੇ ਸਾਰੇ ਖਰਚ ਹੋ ਗਏ!!'

ਪੈਸੇ ਖਰਚ ਹੋ ਜਾਣਗੇ ਇਹੋ ਜਿਹੀ ਜਾਗ੍ਰਿਤੀ ਰੱਖਣੀ ਹੀ ਨਹੀਂ ਚਾਹੀਦੀ। ਇਸ ਲਈ ਖਰਚ ਕਰਨ ਨੂੰ ਕਿਹਾ ਹੈ ਤਾਂ ਜੋ ਲੋਭ ਛੁੱਟੇ ਅਤੇ ਬਾਰ-ਬਾਰ ਦੇ ਸਕੀਏ।

ਭਗਵਾਨ ਨੇ ਕਿਹਾ ਹੈ ਕਿ ਹਿਸਾਬ ਨਾ ਲਗਾਉਣਾ। ਭਵਿੱਖ ਕਾਲ ਦਾ ਗਿਆਨ ਹੋਵੇ ਤਾਂ ਹਿਸਾਬ ਲਗਾਉਣਾ। ਓਏ, ਹਿਸਾਬ ਲਗਾਉਣਾ ਹੋਵੇ ਤਾਂ ਕੱਲ੍ਹ ਮਰ ਜਾਵਾਂਗਾ, ਅਜਿਹਾ ਹਿਸਾਬ ਲਗਾ ਨਾ ?!

ਪੈਸਿਆਂ ਦਾ ਨਿਯਮ ਇਹੋ ਜਿਹਾ ਹੈ ਕਿ ਕੁੱਝ ਦਿਨ ਟਿਕਣਗੇ ਅਤੇ ਫਿਰ ਚਲੇ ਜਾਣਗੇ ਅਤੇ ਜਾਣਗੇ ਹੀ। ਉਹ ਪੈਸਾ ਫਿਰਦਾ ਜ਼ਰੂਰ ਹੈ, ਫਿਰ ਉਹ ਮੁਨਾਫ਼ਾ ਲੈ ਕੇ ਆਵੇ, ਘਾਟਾ ਲੈ ਕੇ ਆਵੇ ਚਾਹੇ ਵਿਆਜ ਲੈ ਕੇ ਆਵੇ, ਪਰ ਫਿਰੇਗਾ ਜ਼ਰੂਰ। ਉਹ ਬੈਠਾ ਨਹੀਂ ਰਹਿੰਦਾ, ਉਹ ਸੁਭਾਅ ਤੋਂ ਹੀ ਚੰਚਲ ਹੈ। ਇਸ ਲਈ ਜਦੋਂ ਕੋਈ ਉੱਪਰ ਚੜ੍ਹਿਆ ਹੋਵੇ (ਧਨਵਾਨ, ਅਮੀਰ ਹੋਇਆ ਹੋਵੇ) ਉਦੋਂ ਫਿਰ ਉਸਨੂੰ ਫਸਾਵ (ਝੰਜਟ) ਲੱਗਦਾ ਹੈ। ਉਤਰਦੇ ਸਮੇਂ ਉੱਤਰ ਨਹੀਂ ਪਾਉਂਦਾ। ਚੜ੍ਹਦੇ ਸਮੇਂ ਤਾਂ ਹੋਸ਼ ਵਿੱਚ ਚੜ੍ਹ ਜਾਂਦਾ ਹੈ। ਚੜ੍ਹਦੇ ਸਮੇਂ ਤਾਂ ਇੰਝ ਫੜ-ਫੜ ਕੇ ਜੋਸ਼ ਵਿੱਚ ਚੜ੍ਹ ਜਾਂਦਾ ਹੈ। ਪ੍ਰੰਤੂ ਉਤਰਦੇ ਸਮੇਂ ਤਾਂ ਜਿਵੇਂ ਬਿੱਲੀ ਚਾਟੀ ਵਿੱਚ ਮੂੰਹ ਪਾਉਂਦੀ ਹੈ,

ਜ਼ੋਰ ਲਗਾ ਕੇ ਪਾਉਂਦੀ ਹੈ ਤੇ ਫਿਰ ਕੱਢਦੇ ਸਮੇਂ ਕਿਹੋ ਜਿਹਾ ਹੁੰਦਾ ਹੈ ? ਉਸ ਤਰ੍ਹਾਂ ਦਾ ਹੋ ਜਾਂਦਾ ਹੈ।

ਅਨਾਜ ਤਿੰਨ-ਪੰਜ ਸਾਲ ਵਿੱਚ ਨਿਰਜੀਵ ਹੋ ਜਾਂਦਾ ਹੈ, ਫਿਰ ਨਹੀਂ ਉੱਗਦਾ।

ਪਹਿਲਾਂ ਲੱਛਮੀ ਪੰਜ ਪੀੜ੍ਹੀਆਂ ਤੱਕ ਟਿਕਦੀ ਸੀ, ਤਿੰਨ ਪੀੜ੍ਹੀਆਂ ਤੱਕ ਤਾਂ ਟਿਕਦੀ ਹੀ ਸੀ। ਹੁਣ ਤਾਂ ਇਹ ਇੱਕ ਪੀੜ੍ਹੀ ਤੱਕ ਵੀ ਨਹੀਂ ਟਿਕਦੀ। ਇਹ ਲੱਛਮੀ ਇਹੋ ਜਿਹੀ ਹੈ ਕਿ ਇੱਕ ਪੀੜ੍ਹੀ ਵੀ ਨਹੀਂ ਟਿਕਦੀ। ਉਸਦੀ ਹਯਾਤੀ (ਹਾਜ਼ਰੀ) ਵਿੱਚ ਹੀ ਆਉਂਦੀ ਹੈ ਅਤੇ ਹਯਾਤੀ (ਹਾਜ਼ਰੀ) ਵਿੱਚ ਹੀ ਚਲੀ ਜਾਂਦੀ ਹੈ, ਇਹੋ ਜਿਹੀ ਇਹ ਲੱਛਮੀ ਹੈ। ਇਹ ਤਾਂ ਪਾਪਾਨੁਬੰਧੀ ਪੁੰਨ ਦੀ ਲੱਛਮੀ ਹੈ। ਉਸ ਵਿੱਚ ਥੋੜ੍ਹੀ ਬਹੁਤ ਪੁੰਨਿਆਨੁਬੰਧੀ ਪੁੰਨ ਦੀ ਲੱਛਮੀ ਹੋਵੇ ਤਾਂ ਉਹ ਤੁਹਾਨੂੰ ਇੱਥੇ (ਦਾਦਾਜੀ ਦੇ ਕੋਲ) ਆਉਣ ਦੀ ਪ੍ਰੇਰਣਾ ਦਿੰਦੀ ਹੈ, ਇੱਥੇ ਮਿਲਾਪ ਕਰਵਾਏ ਅਤੇ ਤੁਹਾਡੇ ਤੋਂ ਇੱਥੇ ਖਰਚ ਕਰਵਾਏ। ਚੰਗੇ ਰਸਤੇ 'ਤੇ ਲੱਛਮੀ ਖਰਚ ਹੁੰਦੀ ਹੈ। ਵਰਨਾ ਇਹ ਤਾਂ ਮਟੀਆਮੇਟ ਹੋ ਜਾਵੇਗਾ। ਸਭ ਗਟਰ ਵਿੱਚ ਹੀ ਚਲਾ ਜਾਵੇਗਾ। ਇਹ ਸਾਡੀਆਂ ਸੰਤਾਨਾਂ ਆਪਣੀ ਹੀ ਲੱਛਮੀ ਭੋਗਦੀਆਂ ਹਨ ਨਾ, ਜਦੋਂ ਅਸੀਂ ਉਹਨਾਂ ਨੂੰ ਕਹੀਏ ਕਿ ਤੁਸੀਂ ਮੇਰੀ ਲੱਛਮੀ ਖਰਚ ਕੀਤੀ ਤਾਂ ਉਹ ਕਹਿਣਗੇ, 'ਤੁਹਾਡੀ ਕਿੱਥੋਂ ? ਅਸੀਂ ਆਪਣੀ ਹੀ ਭੋਗਦੇ ਹਾਂ।' ਇੰਝ ਕਹਿਣਗੇ। ਅਰਥਾਤ ਗਟਰ ਵਿੱਚ ਹੀ ਗਿਆ ਨਾ ਸਭ!

ਇਸ ਦੁਨੀਆਂ ਨੂੰ ਯਥਾਰਥ 'ਜਿਵੇਂ ਹੈ ਉਵੇਂ', ਸਮਝੀਏ ਤਾਂ ਜੀਵਨ ਜਿਊਣ ਯੋਗ ਹੈ, ਅਸਲੀਅਤ ਸਮਝੀਏ ਤਾਂ ਸੰਸਾਰੀ-ਚਿੰਤਾ ਅਤੇ ਉਪਾਧੀ ਨਹੀਂ ਹੋਵੇਗੀ, ਤਾਂ ਫਿਰ ਜੀਵਨ ਜਿਊਣ ਯੋਗ ਲੱਗੇਗਾ!

## (2) ਲੱਛਮੀ ਦੇ ਨਾਲ ਸੰਕਲਿਤ ਵਿਹਾਰ

ਕੀ ਕੀਤਾ ਹੋਵੇ ਤਾਂ ਅਮੀਰੀ ਆਵੇਗੀ ? ਲੋਕਾਂ ਦੀ ਅਨੇਕ ਤਰ੍ਹਾਂ ਨਾਲ ਹੈਲਪ (ਮਦਦ) ਕੀਤੀ ਹੋਵੇਗੀ ਤਾਂ ਲੱਛਮੀ ਸਾਡੇ ਕੋਲ ਆਵੇਗੀ! ਵਰਨਾ ਲੱਛਮੀ ਨਹੀਂ ਆਵੇਗੀ। ਲੱਛਮੀ ਤਾਂ ਦੇਣ ਦੀ ਇੱਛਾ ਰੱਖਣ ਵਾਲੇ ਦੇ ਕੋਲ ਹੀ ਆਉਂਦੀ ਹੈ। ਜੋ ਨੁਕਸਾਨ ਸਹਿੰਦਾ ਹੈ, (ਜਾਣ-ਬੁੱਝ ਕੇ) ਠੱਗਿਆ ਜਾਂਦਾ ਹੈ, ਨੋਬਿਲਿਟੀ ਰੱਖਦਾ ਹੈ, ਉੱਥੇ ਲੱਛਮੀ ਆਉਂਦੀ ਹੈ। ਚਲੀ ਗਈ ਇੰਝ ਲੱਗਦਾ ਹੈ, ਪਰ ਫਿਰ ਉੱਥੇ ਹੀ ਆ ਕੇ ਖੜ੍ਹੀ ਰਹਿੰਦੀ ਹੈ ।

ਪੈਸਾ ਕਮਾਉਣ ਲਈ ਪੁੰਨ ਦੀ ਜ਼ਰੂਰਤ ਹੈ। ਬੁੱਧੀ ਨਾਲ ਤਾਂ ਪਾਪ ਬੰਨ੍ਹਦੇ ਹਨ। ਬੁੱਧੀ ਨਾਲ ਪੈਸੇ ਕਮਾਉਣ ਜਾਵਾਂਗੇ ਤਾਂ ਪਾਪ ਬੰਨ੍ਹਿਆ ਜਾਵੇਗਾ। ਮੇਰੇ ਕੋਲ ਬੁੱਧੀ

ਨਹੀਂ ਹੈ ਇਸ ਲਈ ਪਾਪ ਨਹੀਂ ਬੰਨ੍ਹੇ ਜਾਂਦੇ। ਸਾਡੇ ਵਿੱਚ (ਦਾਦਾਸ੍ਰੀ ਕੋਲ) ਇੱਕ ਪਰਸੈਂਟ ਵੀ ਬੁੱਧੀ ਨਹੀਂ ਹੈ।

ਮੇਰਾ ਸੁਭਾਅ ਦਿਆਲੂ, ਭਾਵ ਪ੍ਰਧਾਨ ਹੈ! ਵਸੂਲੀ ਕਰਨ ਗਿਆ ਹੋਵਾਂ ਤਾਂ ਵੀ ਹੱਥੀਂ ਦੇ ਕੇ ਆਉਂਦਾ ਹਾਂ! ਵੈਸੇ ਵਸੂਲੀ ਕਰਨ ਤਾਂ ਜਾਂਦਾ ਹੀ ਨਹੀਂ ਸੀ ਕਦੇ। ਵਸੂਲੀ ਕਰਨ ਕਦੇ ਗਿਆ ਹੋਵਾਂ ਅਤੇ ਉਸ ਨੂੰ ਕੋਈ ਤੰਗੀ ਹੁੰਦੀ ਤਾਂ ਉਲਟੇ ਦੇ ਕੇ ਆਉਂਦਾ! ਮੇਰੀ ਜੇਬ ਵਿੱਚ ਅਗਲੇ ਦਿਨ ਜੋ ਖਰਚ ਕਰਨ ਲਈ ਹੁੰਦੇ, ਉਹ ਵੀ ਦੇ ਕੇ ਆ ਜਾਂਦਾ। ਫਿਰ ਦੂਸਰੇ ਦਿਨ ਦੇ ਖਰਚ ਦੇ ਲਈ ਪਰੇਸ਼ਾਨ ਹੁੰਦਾ ਸੀ! ਇਸ ਤਰ੍ਹਾਂ ਮੇਰਾ ਜੀਵਨ ਬਤੀਤ ਹੋਇਆ ਹੈ।

**ਪ੍ਰਸ਼ਨਕਰਤਾ** : ਜ਼ਿਆਦਾ ਪੈਸਾ ਹੁੰਦਾ ਹੈ ਤਾਂ ਮੋਹ ਹੋ ਜਾਂਦਾ ਹੈ, ਅਜਿਹਾ ਹੈ ? ਜ਼ਿਆਦਾ ਪੈਸਾ ਹੋਣਾ ਤਾਂ ਸ਼ਰਾਬ (ਨਸ਼ੇ) ਦੇ ਸਮਾਨ ਹੀ ਹੈ ਨਾ ?

**ਦਾਦਾਸ੍ਰੀ** : ਹਰ ਇੱਕ ਚੀਜ਼ ਦਾ ਕੈਫ਼ (ਨਸ਼ਾ) ਚੜ੍ਹਦਾ ਹੈ। ਜੇ ਕੈਫ਼ ਨਾ ਚੜ੍ਹੇ ਤਾਂ ਪੈਸੇ ਜ਼ਿਆਦਾ ਹੋਣ ਤਾਂ ਵੀ ਹਰਜ਼ ਨਹੀਂ। ਪਰ ਕੈਫ਼ ਚੜ੍ਹਿਆ ਤਾਂ ਸ਼ਰਾਬੀ ਹੋ ਗਿਆ, ਫਿਰ ਉਸੇ ਖੁਮਾਰੀ ਵਿੱਚ ਰਹਿੰਦੇ ਹਨ ਲੋਕ! ਲੋਕਾਂ ਦਾ ਤਿਰਸਕਾਰ ਕਰਦਾ ਹੈ, 'ਇਹ ਗਰੀਬ ਹੈ, ਅਜਿਹਾ ਹੈ।' ਆਇਆ ਵੱਡਾ ਧੰਨਾ ਸੇਠ, ਲੋਕਾਂ ਨੂੰ ਗਰੀਬ ਕਹਿਣ ਵਾਲਾ! ਖੁਦ ਧੰਨਾ ਸੇਠ! ਮਨੁੱਖ ਨੂੰ ਗਰੀਬੀ ਕਦੋਂ ਆਵੇਗੀ, ਇਹ ਕਹਿ ਨਹੀਂ ਸਕਦੇ। ਤੁਸੀਂ ਕਹਿੰਦੇ ਹੋ ਇੰਝ ਹੀ! ਬਹੁਤ ਕੈਫ਼ ਚੜ੍ਹ ਜਾਂਦਾ ਹੈ।

ਸਾਰੀ ਜ਼ਿੰਦਗੀ ਸੰਸਾਰ ਦੇ ਲੋਕ ਪੈਸਿਆਂ ਪਿੱਛੇ ਲੱਗੇ ਰਹਿੰਦੇ ਹਨ ਅਤੇ ਪੈਸਿਆਂ ਨਾਲ ਤ੍ਰਿਪਤ ਹੋਇਆ ਹੋਵੇ, ਇਹੋ ਜਿਹਾ ਮਨੁੱਖ ਮੈਂ ਕਿਤੇ ਨਹੀਂ ਦੇਖਿਆ। ਤਾਂ ਗਿਆ ਕਿੱਥੇ ਇਹ ਸਭ ?

ਅਰਥਾਤ ਇਹ ਸਭ ਇੰਝ ਗੱਪ ਚੱਲ ਹੀ ਰਹੀ ਹੈ। ਧਰਮ ਦੇ ਨਾਮ 'ਤੇ ਇੱਕ ਅੱਖਰ ਵੀ ਸਮਝਦੇ ਨਹੀਂ ਅਤੇ ਸਭ ਚੱਲਦਾ ਰਹਿੰਦਾ ਹੈ। ਇਸ ਲਈ ਮੁਸੀਬਤ ਆਉਣ 'ਤੇ ਕੀ ਕਰਨਾ ਇਸ ਦੀ ਸਮਝ ਨਹੀਂ ਹੈ। ਡਾਲਰ (ਪੈਸਾ) ਆਉਣ ਲੱਗੇ ਉਦੋਂ ਟੱਪਦਾ ਹੈ। ਪਰ ਫਿਰ ਮੁਸੀਬਤ ਆਉਣ 'ਤੇ ਨਿਪਟਾਰਾ ਕਿਵੇਂ ਕਰਨਾ ਹੈ ਇਹ ਨਹੀਂ ਜਾਣਦਾ, ਇਸ ਲਈ ਨਿਰੇ ਪਾਪ ਹੀ ਬੰਨ੍ਹ ਲੈਂਦਾ ਹੈ। ਉਸ ਸਮੇਂ ਕਿਸ ਤਰ੍ਹਾਂ ਪਾਪ ਨਾ ਬੰਨ੍ਹੇ ਅਤੇ ਵਕਤ ਗੁਜ਼ਾਰ ਦੇਵੇ, ਇੰਨਾ ਹੀ ਸਮਝ ਲਵੇ, ਉਹ ਹੀ ਧਰਮ ਹੈ।

ਅਰਥਾਤ ਹਮੇਸ਼ਾ ਸੂਰਜ ਉਦੈ ਅਤੇ ਅਸਤ ਹੋਵੇਗਾ ਹੀ, ਇਹ ਸੰਸਾਰ ਦਾ ਨਿਯਮ ਹੈ। ਕਰਮ ਦੇ ਉਦੈ ਨਾਲ ਪੈਸੇ ਵਧਦੇ ਹੀ ਜਾਂਦੇ ਹਨ ਆਪਣੇ ਆਪ। ਹਰ

ਪਾਸੇ ਤੋਂ ਗੱਡੀਆਂ, ਮਕਾਨ ਵਧਦੇ ਹੀ ਰਹਿੰਦੇ ਹਨ। ਸਭ ਵਧਦਾ ਰਹਿੰਦਾ ਹੈ। ਪਰ ਜਦੋਂ ਚੇਂਜ (ਪਰਿਵਰਤਨ) ਆਉਂਦਾ ਹੈ, ਫਿਰ ਬਿਖਰਦਾ ਰਹਿੰਦਾ ਹੈ। ਪਹਿਲਾਂ ਜਮ੍ਹਾਂ ਹੁੰਦਾ ਰਹਿੰਦਾ ਹੈ ਫਿਰ ਬਿਖਰਦਾ ਰਹਿੰਦਾ ਹੈ। ਬਿਖਰਦੇ ਸਮੇਂ ਸ਼ਾਂਤੀ ਰਹੇ, ਇਹੀ ਸਭ ਤੋਂ ਵੱਡਾ ਪੁਰਸ਼ਾਰਥ!

ਸਗਾ ਭਰਾ ਪੰਜਾਹ ਹਜ਼ਾਰ ਡਾਲਰ ਨਾ ਮੋੜੇ, ਫਿਰ ਉੱਥੇ ਜੀਵਨ ਕਿਵੇਂ ਬਤੀਤ ਕਰੀਏ, ਇਹ ਪੁਰਸ਼ਾਰਥ ਹੈ। ਸਗੇ ਭਰਾ ਨੇ ਪੰਜਾਹ ਹਜ਼ਾਰ ਡਾਲਰ ਨਹੀਂ ਦਿੱਤੇ ਅਤੇ ਉੱਪਰੋਂ ਗਾਲ਼ਾਂ ਕੱਢੇ, ਉੱਥੇ ਜੀਵਨ ਕਿਸ ਤਰ੍ਹਾਂ ਜਿਊਣਾ, ਉਹ ਪੁਰਸ਼ਾਰਥ ਹੈ।

ਜਦੋਂ ਕੋਈ ਨੌਕਰ ਆਫਿਸ ਵਿੱਚੋਂ ਦਸ ਹਜ਼ਾਰ ਦਾ ਮਾਲ ਚੋਰੀ ਕਰ ਕੇ ਲੈ ਜਾਵੇ, ਉੱਥੇ ਕਿਵੇਂ ਵਰਤਣਾ (ਵਿਹਾਰ ਕਰਨਾ) ਉਹ ਪੁਰਸ਼ਾਰਥ ਹੈ। ਵਰਨਾ ਇਹੋ ਜਿਹੇ ਸਮੇਂ 'ਚ ਨਾਸਮਝੀ ਨਾਲ ਸਾਰਾ ਜੀਵਨ ਵਿਗਾੜ ਦਿੰਦੇ ਹਨ।

**ਪ੍ਰਸ਼ਨਕਰਤਾ** : ਇਹ ਤਾਂ ਆਪਤਬਾਣੀ ਵਿੱਚ ਕਿਹਾ ਹੀ ਗਿਆ ਹੈ ਕਿ, ਤੂੰ ਜੇ ਕਿਸੇ ਨੂੰ ਹਜ਼ਾਰ-ਦੋ ਹਜ਼ਾਰ ਦਿੰਦਾ ਹੈਂ ਤਾਂ ਉਹ ਕਿਉਂ ਦਿੰਦਾ ਹੈਂ ? ਇਹ ਤੂੰ ਆਪਣੇ ਅਹੰਕਾਰ ਅਤੇ ਮਾਨ ਦੇ ਖਾਤਰ ਦਿੰਦਾ ਹੈਂ।

**ਦਾਦਾਸ਼੍ਰੀ** : ਮਾਨ ਵੇਚਿਆ ਉਸ ਨੇ। 'ਅਹੰਕਾਰ' ਵੇਚਿਆ ਤਾਂ ਸਾਨੂੰ ਲੈ ਲੈਣਾ ਚਾਹੀਦਾ ਹੈ। ਖਰੀਦ ਲੈਣਾ ਚਾਹੀਦਾ ਹੈ। ਮੈਂ ਤਾਂ ਸਾਰੀ ਜ਼ਿੰਦਗੀ ਖਰੀਦਦਾ ਆਇਆ ਹਾਂ। ਯਾਨੀ 'ਅਹੰਕਾਰ' ਖਰੀਦਣਾ।

**ਪ੍ਰਸ਼ਨਕਰਤਾ** : ਇਸ ਦਾ ਮਤਲਬ ਕੀ ਦਾਦਾ ?!

**ਦਾਦਾਸ਼੍ਰੀ** : ਤੁਹਾਡੇ ਕੋਲ ਪੰਜਾਹ ਹਜ਼ਾਰ ਲੈਣ ਆਇਆ, ਉਸ ਦੀਆਂ ਅੱਖਾਂ ਵਿੱਚ ਕੀ ਸ਼ਰਮਿੰਦਗੀ ਨਹੀਂ ਹੋਵੇਗੀ ?!

**ਪ੍ਰਸ਼ਨਕਰਤਾ** : ਹਾਂ।

**ਦਾਦਾਸ਼੍ਰੀ** : ਉਹ ਮੰਗੇ ਉਦੋਂ ਸ਼ਰਮ ਛੱਡ ਕੇ, 'ਅਹੰਕਾਰ' ਵੇਚਦਾ ਹੈ ਸਾਨੂੰ। ਤਾਂ ਸਾਨੂੰ ਖਰੀਦ ਲੈਣਾ ਚਾਹੀਦਾ ਹੈ। ਜੇ ਸਾਡੇ ਕੋਲ ਪੂੰਜੀ ਹੋਵੇ ਤਾਂ!

ਪੈਸੇ ਮੰਗਣ ਜਾਣਾ ਕਿਸ ਨੂੰ ਚੰਗਾ ਲੱਗਦਾ ਹੈ ? ਸਗੇ ਚਾਚੇ ਤੋਂ ਮੰਗਣਾ ਚੰਗਾ ਲੱਗਦਾ ਹੈ ? ਕਿਉਂ ਚੰਗਾ ਨਹੀਂ ਲੱਗਦਾ ? ਓਏ, ਸਬੰਧੀ ਕੋਲੋਂ ਲੈਣਾ ਵੀ ਕਿਸੇ ਨੂੰ ਚੰਗਾ ਨਹੀਂ ਲੱਗਦਾ। ਬਾਪ ਕੋਲੋਂ ਲੈਣਾ ਵੀ ਚੰਗਾ ਨਹੀਂ ਲੱਗਦਾ। ਹੱਥ ਫੈਲਾਉਣਾ ਚੰਗਾ ਨਹੀਂ ਲੱਗਦਾ।

**ਪ੍ਰਸ਼ਨਕਰਤਾ** : ਉਸਦਾ ਅਹੰਕਾਰ ਖਰੀਦ ਲਿਆ, ਪਰ ਸਾਨੂੰ ਉਸਦਾ ਅਹੰਕਾਰ ਕਿਸ ਕੰਮ ਆਵੇਗਾ ?

**ਦਾਦਾਸ਼੍ਰੀ** : ਓ..ਹੋ..ਹੋ! ਉਸਦਾ ਅਹੰਕਾਰ ਖਰੀਦ ਲਿਆ ਯਾਨੀ ਉਸ ਵਿੱਚ ਜੋ ਸ਼ਕਤੀਆਂ ਹਨ ਉਹ ਸਾਡੇ ਵਿੱਚ ਪ੍ਰਗਟ ਹੋ ਗਈਆਂ! ਉਹ ਅਹੰਕਾਰ ਵੇਚਣ ਆਇਆ ਵਿਚਾਰਾ!

**ਪ੍ਰਸ਼ਨਕਰਤਾ** : ਹੱਥ-ਪੈਰ ਸਲਾਮਤ ਹੋਣ, ਫਿਰ ਵੀ ਭੀਖ ਮੰਗੇ ਤਾਂ ਉਸ ਨੂੰ ਦਾਨ ਦੇਣ ਤੋਂ ਮਨ੍ਹਾ ਕਰਨਾ ਗੁਨਾਹ ਹੈ ?

**ਦਾਦਾਸ਼੍ਰੀ** : ਦਾਨ ਨਹੀਂ ਦਿੰਦੇ, ਉਸ ਵਿੱਚ ਹਰਜ਼ ਨਹੀਂ ਹੈ ਪਰ ਉਸ ਨੂੰ ਇੰਝ ਕਹੀਏ ਕਿ 'ਹੱਟਾ-ਕੱਟਾ ਝੋਟੇ ਵਰਗਾ ਹੋ ਕੇ ਇੰਝ ਕਿਉਂ ਕਰਦਾ ਹੈਂ ?' ਇੰਝ ਸਾਨੂੰ ਨਹੀਂ ਕਹਿਣਾ ਚਾਹੀਦਾ। ਤੁਸੀਂ ਕਹੋ ਕਿ 'ਭਾਈ, ਮੈਂ ਨਹੀਂ ਦੇ ਸਕਦਾ।'

ਸਾਹਮਣੇ ਵਾਲੇ ਨੂੰ ਦੁੱਖ ਹੋਵੇ ਇੰਝ ਸਾਨੂੰ ਨਹੀਂ ਬੋਲਣਾ ਚਾਹੀਦਾ। ਬਾਣੀ ਇਹੋ ਜਿਹੀ ਚੰਗੀ ਰੱਖੋ ਕਿ ਸਾਹਮਣੇ ਵਾਲੇ ਨੂੰ ਸੁੱਖ ਹੋਵੇ। ਬਾਣੀ ਤਾਂ ਸਭ ਤੋਂ ਵੱਡਾ ਧਨ ਹੈ ਤੁਹਾਡੇ ਕੋਲ। ਉਹ ਦੂਸਰਾ ਧਨ ਤਾਂ ਟਿਕੇ ਜਾਂ ਨਾ ਵੀ ਟਿਕੇ, ਪਰ ਬਾਣੀ ਤਾਂ ਸਦਾ ਦੇ ਲਈ ਟਿਕੇਗੀ। ਤੁਸੀਂ ਚੰਗੇ ਸ਼ਬਦ ਬੋਲੋਗੇ ਤਾਂ ਸਾਹਮਣੇ ਵਾਲੇ ਨੂੰ ਆਨੰਦ ਹੋਵੇਗਾ। ਤੁਸੀਂ ਉਸ ਨੂੰ ਪੈਸੇ ਨਾ ਦੇਵੋ ਤਾਂ ਕੋਈ ਹਰਜ਼ ਨਹੀਂ ਪਰ ਚੰਗੇ ਬੋਲ ਬੋਲੋ ਨਾ!

ਤੁਸੀਂ ਵੱਡਾ ਬੰਗਲਾ ਬਣਾਓਗੇ ਤਾਂ ਜਗਤ ਦੇ ਭਿਖਾਰੀ ਬਣੋਗੇ। ਜੇ ਛੋਟਾ ਘਰ ਤਾਂ ਜਗਤ ਦੇ ਤੁਸੀਂ ਰਾਜਾ! ਕਿਉਂਕਿ ਇਹ ਪੁਦਗਲ (ਜੋ ਪੂਰਣ ਅਤੇ ਗਲਨ ਹੁੰਦਾ ਹੈ) ਹੈ, ਪੁਦਗਲ ਵਧਣ 'ਤੇ ਤਾਂ ਆਤਮਾ (ਪ੍ਰਤਿਸ਼ਠਿਤ ਆਤਮਾ) ਹਲਕਾ ਹੋ ਜਾਂਦਾ ਹੈ ਅਤੇ ਪੁਦਗਲ ਘੱਟ ਹੋਇਆ ਤਾਂ ਆਤਮਾ (ਪ੍ਰਤਿਸ਼ਠਿਤ ਆਤਮਾ) ਭਾਰੀ ਹੋ ਜਾਂਦਾ ਹੈ। ਅਰਥਾਤ ਸੰਸਾਰ ਦੇ ਦੁੱਖ, ਆਤਮਾ ਦਾ ਵਿਟਾਮਿਨ ਹਨ। ਇਹ ਜੋ ਦੁੱਖ ਹਨ ਉਹ ਆਤਮਾ ਦਾ ਵਿਟਾਮਿਨ ਹਨ ਅਤੇ ਜੋ ਸੁੱਖ ਹਨ ਉਹ ਦੇਹ ਦੇ ਵਿਟਾਮਿਨ ਹਨ।

ਪੈਸਿਆਂ ਦਾ ਸੁਭਾਅ ਹਮੇਸ਼ਾ ਤੋਂ ਕਿਹੋ ਜਿਹਾ ਹੈ ? ਚੰਚਲ, ਇਸ ਲਈ ਦੁਰਉਪਯੋਗ ਨਾ ਹੋਵੇ ਉਸ ਤਰ੍ਹਾਂ ਉਸ ਦਾ ਸਦਉਪਯੋਗ ਕਰਨਾ। ਉਸ ਨੂੰ ਸਥਿਰ ਨਾ ਰੱਖਣਾ। ਸੰਪੱਤੀ (ਜਾਇਦਾਦ) ਦੇ ਕਿੰਨੇ ਪ੍ਰਕਾਰ ਹਨ ? ਤਾਂ ਕਹੀਏ, ਸਥਾਵਰ (ਅਚਲ) ਅਤੇ ਜੰਗਮ (ਚਲ)। ਜੰਗਮ ਯਾਨੀ ਇਹ ਡਾਲਰ ਆਦਿ ਅਤੇ ਸਥਾਵਰ

ਯਾਨੀ ਇਹ ਮਕਾਨ ਆਦਿ! ਉਹਨਾਂ ਵਿੱਚੋਂ ਇਹ ਸਥਾਵਰ ਜ਼ਿਆਦਾ ਟਿਕੇਗੀ ਅਤੇ ਜੰਗਮ ਯਾਨੀ ਨਕਦ ਡਾਲਰ ਆਦਿ ਜੋ ਹੋਣ ਉਹ ਤਾਂ ਚੱਲੇ ਹੀ ਸਮਝੋ ਨਾ! ਅਰਥਾਤ ਨਕਦ ਦਾ ਸੁਭਾਅ ਕਿਹੋ ਜਿਹਾ ਹੈ ? ਦਸ ਸਾਲ ਤੋਂ ਜ਼ਿਆਦਾ ਯਾਨੀ ਗਿਆਰਵੇਂ ਸਾਲ ਨਹੀਂ ਟਿਕਦੇ। ਫਿਰ ਸੋਨੇ ਦਾ ਸੁਭਾਅ ਚਾਲੀ-ਪੰਜਾਹ ਸਾਲ ਟਿਕਣ ਦਾ ਹੈ ਅਤੇ ਸਥਾਵਰ ਮਲਕੀਅਤ ਦਾ ਸੁਭਾਅ ਸੌ ਸਾਲ ਟਿਕਣ ਦਾ। ਅਰਥਾਤ ਮੁੱਦਤਾਂ ਸਭ ਦੀਆਂ ਅਲੱਗ-ਅਲੱਗ ਹੋਣਗੀਆਂ ਪਰ ਅਖੀਰ ਵਿੱਚ ਤਾਂ ਸਭ ਜਾਣ ਵਾਲਾ ਹੀ ਹੈ। ਇਸ ਲਈ ਸਾਨੂੰ ਇਹ ਸਭ ਸਮਝ ਕੇ ਚੱਲਣਾ ਚਾਹੀਦਾ ਹੈ। ਇਹ ਬਾਣੀਏ ਪਹਿਲਾਂ ਕੀ ਕਰਦੇ ਸਨ ? ਨਕਦ ਪੱਚੀ ਪ੍ਰਤੀਸ਼ਤ ਵਪਾਰ ਲਈ ਰੱਖਦੇ ਸਨ, ਪੱਚੀ ਪ੍ਰਤੀਸ਼ਤ ਵਿਆਜ 'ਤੇ ਦੇਣ ਲਈ ਰੱਖਦੇ ਸਨ। ਪੱਚੀ ਪ੍ਰਤੀਸ਼ਤ ਸੋਨੇ ਵਿੱਚ ਅਤੇ ਪੱਚੀ ਪ੍ਰਤੀਸ਼ਤ ਮਕਾਨ 'ਤੇ ਲਾਉਂਦੇ ਸਨ, ਇਸ ਤਰ੍ਹਾਂ ਪੂੰਜੀ ਦੀ ਵਿਵਸਥਾ ਕਰਦੇ ਸਨ। ਬੜੇ ਪੱਕੇ ਲੋਕ ਸਨ! ਹੁਣ ਤਾਂ ਲੜਕੇ ਨੂੰ ਇਹੋ ਜਿਹਾ ਕੁੱਝ ਸਿਖਾਇਆ ਵੀ ਨਹੀਂ ਜਾਂਦਾ! ਕਿਉਂਕਿ ਹੁਣ ਪੂੰਜੀ ਹੀ ਨਹੀਂ ਰਹੀ ਉੱਨੀ, ਤਾਂ ਕੀ ਸਿਖਾਉਣ ?

ਇਹ ਪੈਸੇ ਦਾ ਕੰਮ ਕਿਹੋ ਜਿਹਾ ਹੈ ਕਿ ਹਮੇਸ਼ਾ ਗਿਆਰਵੇਂ ਸਾਲ ਉਸਦਾ ਨਾਸ਼ ਹੋ ਜਾਂਦਾ ਹੈ। ਦਸ ਸਾਲ ਤੱਕ ਚੱਲਦਾ ਹੈ। ਇਹ ਗੱਲ ਸੱਚੇ ਪੈਸੇ ਦੀ ਹੈ, ਆਇਆ ਸਮਝ ਵਿੱਚ ? ਖੋਟੇ ਪੈਸੇ ਦੀ ਤਾਂ ਗੱਲ ਹੀ ਅਲੱਗ ਹੈ। ਸੱਚੇ ਪੈਸੇ ਗਿਆਰਵੇਂ ਸਾਲ ਖਤਮ ਹੋ ਜਾਂਦੇ ਹਨ।

**ਪ੍ਰਸ਼ਨਕਰਤਾ** : ਸ਼ੇਅਰ ਬਾਜ਼ਾਰ ਵਿੱਚ ਸੱਟੇਬਾਜ਼ੀ ਕਰਨਾ ਜਾਂ ਸੋਨਾ ਖਰੀਦਣਾ, ਕੀ ਚੰਗਾ ਹੈ ?

**ਦਾਦਾਸ਼੍ਰੀ** : ਸ਼ੇਅਰ ਬਾਜ਼ਾਰ ਵਿੱਚ ਤਾਂ ਜਾਣਾ ਹੀ ਨਹੀਂ ਚਾਹੀਦਾ। ਸ਼ੇਅਰ ਬਾਜ਼ਾਰ ਤਾਂ ਖਿਡਾਰੀ ਦਾ ਕੰਮ ਹੈ। ਸਧਾਰਨ ਲੋਕ ਤਾਂ ਬਰਬਾਦ ਹੋ ਜਾਂਦੇ ਹਨ! ਖਿਡਾਰੀ ਲੋਕਾਂ ਨੂੰ ਇਸ ਵਿੱਚ ਮਜ਼ਾ ਆ ਜਾਂਦਾ ਹੈ। ਪੰਜ-ਸੱਤ ਖਿਡਾਰੀ ਮਿਲ ਕੇ ਭਾਅ ਤੈਅ ਕਰ ਦਿੰਦੇ ਹਨ। ਉਸ ਵਿੱਚ ਇਹ ਸਧਾਰਨ ਲੋਕ ਤਾਂ ਖਤਮ ਹੋ ਜਾਂਦੇ ਹਨ! ਇਸ ਵਿੱਚ ਕਿਸੇ ਨੂੰ ਤਾਂ ਫਾਇਦਾ ਹੁੰਦਾ ਹੈ ਨਾ। ਇਸ ਵਿੱਚ ਵੱਡੇ ਖਿਡਾਰੀਆਂ ਨੂੰ ਮੁਨਾਫ਼ਾ ਹੁੰਦਾ ਹੈ ਕਿਉਂਕਿ ਉਹ ਦਿਨ-ਰਾਤ ਇਹ ਹੀ ਕਰਦੇ ਹਨ ਨਾ। ਇਹ ਸਧਾਰਨ ਲੋਕ ਜੋ ਇੱਧਰੋਂ ਕਮਾ ਕੇ ਉੱਧਰ ਲਗਾਉਂਦੇ ਹਨ, ਉਹ ਮਾਰੇ ਜਾਂਦੇ ਹਨ। ਅਤੇ ਜੋ ਗਰੀਬ ਲੋਕ ਹਨ ਇਹ ਵਿਚਾਰੇ ਮੁਸ਼ਕਿਲ ਨਾਲ ਆਪਣਾ ਖਰਚਾ ਕੱਢਦੇ ਹਨ। ਇਸ ਲਈ ਜਦੋਂ ਮੇਰੇ ਇਕ ਰਿਸ਼ਤੇਦਾਰ ਨੇ ਮੈਨੂੰ ਪੁੱਛਿਆ ਤਾਂ ਮੈਂ ਉਸ ਨੂੰ ਕਿਹਾ ਕੀ ਇਹ ਨਾ ਕਰੀਂ।

**ਪ੍ਰਸ਼ਨਕਰਤਾ** : ਦਾਦਾਜੀ ਅਮਰੀਕਾ ਵਿੱਚ ਰਹਿਣ ਵਾਲੇ ਮਹਾਤਮਾ ਪੁੱਛਦੇ ਹਨ ਕਿ ਅਸੀਂ ਜੋ ਕੁੱਝ ਥੋੜ੍ਹਾ-ਬਹੁਤ ਕਮਾਇਆ ਹੈ ਉਸਨੂੰ ਲੈ ਕੇ ਇੰਡੀਆ ਆ ਜਾਈਏ ? ਬੱਚਿਆਂ ਦਾ ਵਿਸ਼ੇਸ਼ ਖਿਆਲ ਆਉਂਦਾ ਹੈ ਕਿ ਅਮਰੀਕਾ ਵਿੱਚ ਚੰਗੇ ਸੰਸਕਾਰ ਨਹੀਂ ਮਿਲਦੇ।

**ਦਾਦਾਸ੍ਰੀ** : ਹਾਂ, ਇਹ ਠੀਕ ਹੈ। ਇੱਥੇ ਜੇ ਪੈਸੇ ਕਮਾ ਲਏ ਹੋਣ ਤਾਂ ਆਪਣੇ ਘਰ ਇੰਡੀਆ ਚਲੇ ਜਾਣਾ। ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾਉਣਾ।

**ਪ੍ਰਸ਼ਨਕਰਤਾ** : ਤੁਸੀਂ ਕਿਹਾ ਕਿ ਕਮਾ ਲਿਆ ਹੋਵੇ ਤਾਂ ਚਲੇ ਜਾਣਾ, ਪਰ ਪੈਸਿਆਂ ਦੀ ਕੋਈ ਲਿਮਟ ਨਹੀਂ ਹੁੰਦੀ, ਇਸ ਲਈ ਤੁਸੀਂ ਕੋਈ ਲਿਮਟ ਦੱਸੋ। ਤੁਸੀ ਕੋਈ ਇਹੋ ਜਿਹੀ ਲਿਮਟ ਦੱਸੋ ਕਿ ਓਨਾ ਪੈਸਾ ਲੈ ਕੇ ਅਸੀਂ ਇੰਡੀਆ ਚਲੇ ਜਾਈਏ।

**ਦਾਦਾਸ੍ਰੀ** : ਹਾਂ, ਤੁਹਾਨੂੰ ਹਿੰਦੁਸਤਾਨ ਵਿੱਚ ਕੋਈ ਰੋਜ਼ਗਾਰ ਕਰਨਾ ਹੋਵੇ ਤਾਂ ਉਸ ਦੇ ਲਈ ਜੋ ਰਕਮ ਚਾਹੀਦੀ ਹੈ ਉਹ ਵਿਆਜ 'ਤੇ ਨਾ ਲੈਣੀ ਪਵੇ ਇੰਝ ਕਰਨਾ। ਥੋੜ੍ਹਾ-ਬਹੁਤ ਬੈਂਕ ਤੋਂ ਲੈਣਾ ਪਵੇ ਤਾਂ ਠੀਕ ਹੈ। ਬਾਕੀ ਕੋਈ ਉਧਾਰ ਨਹੀਂ ਦਿੰਦਾ, ਉੱਥੇ ਤਾਂ ਕੋਈ ਉਧਾਰ ਨਹੀਂ ਦਿੰਦਾ ਹੈ। ਇੱਥੇ (ਅਮਰੀਕਾ ਵਿੱਚ) ਵੀ ਕੋਈ ਉਧਾਰ ਨਹੀਂ ਦਿੰਦਾ। ਬੈਂਕ ਹੀ ਉਧਾਰ ਦੇਵੇਗਾ। ਇਸ ਲਈ ਓਨਾ ਕੁ ਨਾਲ ਲਿਆਉਣਾ। ਬਿਜਨਸ ਤਾਂ ਕਰਨਾ ਹੀ ਪਵੇਗਾ ਨਾ। ਉੱਥੇ ਖਰਚ ਤਾਂ ਕੱਢਣਾ ਪਵੇਗਾ ਨਾ ? ਪਰ ਉੱਥੇ ਬੱਚੇ ਬਹੁਤ ਚੰਗੇ ਹੋਣਗੇ। ਇੱਥੇ ਡਾਲਰ ਮਿਲਦੇ ਹਨ ਪਰ ਬੱਚਿਆਂ ਦੇ ਸੰਸਕਾਰ ਦੀ ਪਰੇਸ਼ਾਨੀ ਹੈ ਨਾ!

ਅਮਰੀਕਾ ਵਿੱਚ ਸਾਨੂੰ ਸਟੋਰ ਵਿੱਚ ਲੈ ਜਾਂਦੇ ਸਨ। ਕਹਿੰਦੇ, ਚਲੋ ਦਾਦਾਜੀ। ਤਾਂ ਸਟੋਰ ਵਿਚਾਰਾ ਸਾਡੇ ਪੈਰ ਛੂੰਹਦਾ ਰਹਿੰਦਾ ਹੈ ਕਿ ਧੰਨ ਹਨ! ਜ਼ਰਾ ਵੀ ਨਜ਼ਰ ਨਹੀਂ ਵਿਗਾੜੀ ਸਾਡੇ ਉੱਤੇ! ਸਾਰੇ ਸਟੋਰ ਵਿੱਚ ਦ੍ਰਿਸ਼ਟੀ ਵਿਗਾੜੀ ਹੀ ਨਹੀਂ ਕਿਤੇ ਵੀ। ਸਾਡੀ ਦ੍ਰਿਸ਼ਟੀ ਵਿਗੜੇ ਹੀ ਨਾ ਉਸ ਉੱਤੇ। ਅਸੀਂ ਦੇਖਦੇ ਜ਼ਰੂਰ ਹਾਂ ਪਰ ਦ੍ਰਿਸ਼ਟੀ ਨਹੀਂ ਵਿਗੜਦੀ। ਸਾਨੂੰ ਕੀ ਜ਼ਰੂਰਤ ਕਿਸੇ ਦੀ ਚੀਜ਼ ਦੀ! ਮੈਨੂੰ ਕੋਈ ਚੀਜ਼ ਕੰਮ ਨਹੀਂ ਆਉਂਦੀ! ਤੁਹਾਡੀ ਦ੍ਰਿਸ਼ਟੀ ਵਿਗੜ ਜਾਂਦੀ ਹੈ ਨਾ ?

**ਪ੍ਰਸ਼ਨਕਰਤਾ** : ਜ਼ਰੂਰਤ ਹੋਵੇ, ਉਹ ਚੀਜ਼ ਖਰੀਦਣੀ ਪੈਂਦੀ ਹੈ।

**ਦਾਦਾਸ੍ਰੀ** : ਸਾਡੀ ਦ੍ਰਿਸ਼ਟੀ ਵਿਗੜਦੀ ਨਹੀਂ! ਸਟੋਰ ਸਾਨੂੰ ਹੱਥ ਜੋੜ ਕੇ ਨਮਸਕਾਰ ਕਰਦਾ ਹੈ ਕਿ ਇਹੋ ਜਿਹੇ ਪੁਰਸ਼ ਦੇਖੇ ਨਹੀਂ ਕਦੇ! ਅਤੇ ਤਿਰਸਕਾਰ ਵੀ ਨਹੀਂ। ਫਸਟ ਕਲਾਸ! ਰਾਗ ਵੀ ਨਹੀਂ, ਦਵੇਸ਼ ਵੀ ਨਹੀਂ। ਕੀ ਕਿਹਾ ? ਵੀਤਰਾਗ! ਆਏ ਵੀਤਰਾਗ ਭਗਵਾਨ!

ਇੱਕ ਮਹਾਤਮਾ ਨੇ ਪੁੱਛਿਆ ਕਿ 'ਸ਼ੇਅਰ ਬਾਜ਼ਾਰ ਦਾ ਕੰਮ ਮੈਂ ਜਾਰੀ ਰੱਖਾਂ ਕਿ ਬੰਦ ਕਰ ਦੇਵਾਂ ?' ਮੈਂ ਕਿਹਾ, 'ਬੰਦ ਕਰ ਦੇਣਾ।' ਅੱਜ ਤੱਕ ਜੋ ਕੀਤਾ ਓਨਾ ਧਨ

ਵਾਪਿਸ ਖਿੱਚ ਲਓ। ਹੁਣ ਬੰਦ ਕਰ ਦੇਣਾ ਚਾਹੀਦਾ ਹੈ। ਵਰਨਾ ਅਮਰੀਕਾ ਆਏ ਉਹ, ਨਾ ਆਏ ਦੇ ਬਰਾਬਰ ਹੋ ਜਾਵੇਗਾ। ਜਿਵੇਂ ਸੀ ਉਵੇਂ! ਕੋਰਾ ਭਾਂਡਾ ਲੈ ਕੇ ਘਰ ਜਾਣਾ ਪਵੇਗਾ।

ਵਿਆਜ ਦਾ ਵਪਾਰ ਕਰਨ ਵਾਲਾ ਮਨੁੱਖ, ਮਨੁੱਖ ਵਿੱਚੋਂ ਮਿਟ ਕੇ ਕੀ ਹੋ ਜਾਵੇ ਇਹ ਭਗਵਾਨ ਹੀ ਜਾਣੇ! ਤੁਸੀਂ ਬੈਂਕ ਵਿੱਚ ਪੈਸਾ ਰੱਖੋ ਉਸ ਵਿੱਚ ਹਰਜ਼ ਨਹੀਂ। ਹੋਰ ਕਿਸੇ ਨੂੰ ਉਧਾਰ ਦੇਵੋ ਤਾਂ ਉਸ ਵਿੱਚ ਹਰਜ਼ ਨਹੀਂ। ਪਰ ਵਿਆਜਖੋਰੀ ਵਿੱਚ ਪਿਆ ਮਨੁੱਖ, ਦੋ ਪ੍ਰਤੀਸ਼ਤ, ਡੇਢ ਪ੍ਰਤੀਸ਼ਤ, ਸਵਾ ਪ੍ਰਤੀਸ਼ਤ, ਢਾਈ ਪ੍ਰਤੀਸ਼ਤ, ਉਹ ਲਾਲਚ ਵਿੱਚ ਪਿਆ ਹੈ, ਉਸਦਾ ਕੀ ਹੋਵੇਗਾ ਇਹ ਕਹਿ ਨਹੀਂ ਸਕਦੇ। ਹੁਣ ਮੁੰਬਈ ਵਿੱਚ ਸਭ ਨੂੰ ਇੰਝ ਹੋ ਗਿਆ ਹੈ।

ਵਿਆਜ ਲੈਣ ਵਿੱਚ ਹਰਜ਼ ਨਹੀਂ ਹੈ। ਪਰ ਇਹ ਤਾਂ ਵਿਆਜ ਲੈਣ ਦਾ ਵਪਾਰ ਸ਼ੁਰੂ ਕਰ ਦਿੱਤਾ, ਧੰਦਾ, ਵਿਆਜ-ਦਲਾਲੀ ਦਾ। ਤੁਹਾਨੂੰ ਕੀ ਕਰਨਾ ਚਾਹੀਦਾ ਹੈ ? ਜਿਸ ਨੂੰ ਉਧਾਰ ਦਿੱਤਾ ਹੋਵੇ ਉਸ ਨੂੰ ਕਹਿਣਾ ਕਿ ਬੈਂਕ ਦਾ ਵਿਆਜ ਜੋ ਹੈ ਉਹ ਤੁਹਾਨੂੰ ਮੈਨੂੰ ਦੇਣਾ ਪਵੇਗਾ। ਪਰ ਫਿਰ ਇੱਕ ਮਨੁੱਖ ਕੋਲ ਵਿਆਜ ਵੀ ਨਹੀਂ ਹੈ, ਮੂਲ ਧਨ ਵੀ ਨਹੀਂ ਹੈ ਤਾਂ ਉੱਥੇ ਮੌਨ ਰਹਿਣਾ। ਉਸ ਨੂੰ ਦੁੱਖ ਹੋਵੇ ਇਹੋ ਜਿਹਾ ਵਰਤਾਓ ਨਹੀਂ ਕਰਨਾ। ਅਰਥਾਤ ਸਾਡੇ ਪੈਸੇ ਡੁੱਬ ਗਏ ਹਨ, ਇੰਝ ਮੰਨ ਕੇ ਚਲਾ ਲੈਣਾ। ਦਰਿਆ ਵਿੱਚ ਡਿੱਗ ਗਏ ਹੋਣ ਤਾਂ ਉਸਦਾ ਕੀ ਕਰਦੇ ਹੋ ?

**ਪ੍ਰਸ਼ਨਕਰਤਾ** : ਜੇ ਸਰਕਾਰ ਅਬੱਵ ਨਾਰਮਲ ਟੈਕਸ ਲਗਾਵੇ ਤਾਂ ਨਾਰਮੈਲਿਟੀ ਲਿਆਉਣ ਲਈ ਲੋਕ ਟੈਕਸ ਦੀਆਂ ਚੋਰੀਆਂ ਕਰਨ ਤਾਂ ਉਸ ਵਿੱਚ ਗਲਤ ਕੀ ਹੈ ?

**ਦਾਦਾਸ਼੍ਰੀ** : ਲੋਭੀ ਮਨੁੱਖ ਦਾ ਲੋਭ ਘੱਟ ਕਰਨ ਲਈ ਟੈਕਸ ਬਹੁਤ ਵਧੀਆ ਚੀਜ਼ ਹੈ।

ਲੋਭੀ ਮਨੁੱਖ ਮਰਦੇ ਦਮ ਤੱਕ, ਪੰਜ ਕਰੋੜ ਕੋਲ ਹੋਣ ਤਾਂ ਵੀ ਉਹ ਸੰਤੁਸ਼ਟ ਨਹੀਂ ਹੁੰਦਾ। ਤਾਂ ਫਿਰ ਇਹੋ ਜਿਹੀ ਸਜ਼ਾ ਮਿਲੇ ਨਾ ਬਾਰ-ਬਾਰ, ਤਦੇ ਉਹ ਪਿੱਛੇ ਹਟੇਗਾ, ਇਸ ਲਈ ਇਹ ਤਾਂ ਵਧੀਆ ਚੀਜ਼ ਹੈ। ਇਨਕਮ ਟੈਕਸ ਤਾਂ ਕਿਸ ਨੂੰ ਕਹਾਂਗੇ ? ਜੇ ਪੰਦਰਾਂ ਹਜ਼ਾਰ ਤੋਂ ਜ਼ਿਆਦਾ ਲੈ (ਕਮਾ) ਰਿਹਾ ਹੋਵੇ ਤਾਂ। ਪੰਦਰਾਂ ਹਜ਼ਾਰ ਤੱਕ ਤਾਂ ਉਹ ਛੱਡ ਦਿੰਦੇ ਹਨ ਵਿਚਾਰੇ, ਫਿਰ ਉਹ ਪੰਦਰਾਂ ਹਜ਼ਾਰ ਵਿੱਚ ਇੱਕ ਪਰਿਵਾਰ ਨੂੰ ਪ੍ਰਭਾਉ ਨਾਲ ਖਾਣ-ਪੀਣ ਵਿੱਚ ਦਿੱਕਤ ਨਹੀਂ ਹੁੰਦੀ ਛੋਟੇ ਪਰਿਵਾਰਾਂ ਨੂੰ। ਛੋਟੇ ਪਰਿਵਾਰਾਂ ਉੱਤੇ ਵੀ ਅਫਰੀਕਾ 'ਚ ਬਹੁਤ ਟੈਕਸ ਨਹੀਂ ਹੈ ਨਾ!

**ਪ੍ਰਸ਼ਨਕਰਤਾ** : ਭਗਵਾਨ ਦੀ ਭਗਤੀ ਕਰਨ ਵਾਲੇ ਗਰੀਬ ਕਿਉਂ ਹੁੰਦੇ ਹਨ ਅਤੇ ਦੁਖੀ ਕਿਉਂ ਹੁੰਦੇ ਹਨ ?

**ਦਾਦਾਸ਼੍ਰੀ** : ਭਗਤੀ ਕਰਨ ਵਾਲੇ ? ਇੰਝ ਹੈ ਨਾ, ਭਗਤੀ ਕਰਨ ਵਾਲੇ ਦੁਖੀ ਹੁੰਦੇ ਹਨ ਇਹੋ ਜਿਹਾ ਕੁੱਝ ਹੈ ਨਹੀਂ, ਪਰ ਕੁੱਝ ਲੋਕ ਤੁਹਾਨੂੰ ਦੁਖੀ ਨਜ਼ਰ ਆਉਂਦੇ ਹਨ। ਬਾਕੀ ਭਗਤੀ ਕਰਨ ਦੀ ਵਜ੍ਹਾ ਨਾਲ ਹੀ ਇਹਨਾਂ ਲੋਕਾਂ ਕੋਲ ਬੰਗਲੇ ਹਨ। ਅਰਥਾਤ ਭਗਵਾਨ ਦੀ ਭਗਤੀ ਕਰਦੇ-ਕਰਦੇ ਮਨੁੱਖ ਦੁਖੀ ਹੋਵੇ ਇੰਝ ਨਹੀਂ ਹੁੰਦਾ, ਪਰ ਇਹ ਦੁੱਖ ਤਾਂ ਉਸ ਦਾ ਪਿਛਲਾ ਹਿਸਾਬ ਹੈ। ਅਤੇ ਹੁਣ ਜੋ ਭਗਤੀ ਕਰ ਰਿਹਾ ਹੈ ਇਹ ਨਵਾਂ ਹਿਸਾਬ ਹੈ। ਉਸਦਾ ਤਾਂ ਜਦੋਂ ਫ਼ਲ ਆਵੇਗਾ, ਉਦੋਂ। ਤੁਹਾਡੀ ਸਮਝ ਵਿੱਚ ਆਇਆ ? ਜੋ ਪਿੱਛੇ ਜਮ੍ਹਾਂ ਕੀਤਾ ਸੀ ਉਸਦਾ ਫ਼ਲ ਅੱਜ ਆਇਆ ਹੈ। ਹੁਣ ਅੱਜ ਜੋ ਇਹ ਕਰ ਰਿਹਾ ਹੈਂ, ਜੋ ਚੰਗਾ ਕਰ ਰਿਹਾ ਹੈਂ, ਉਸ ਦਾ ਫ਼ਲ ਅੱਗੇ ਆਉਣਾ ਬਾਕੀ ਹੈ। ਸਮਝ ਵਿੱਚ ਆਇਆ ? ਇਹ ਗੱਲ ਤੁਹਾਡੀ ਸਮਝ ਵਿੱਚ ਆਉਂਦੀ ਹੈ ? ਸਮਝ ਨਾ ਆਉਂਦੀ ਹੋਵੇ ਤਾਂ ਰਹਿਣ ਦੇਵੋ ਇਸ ਗੱਲ ਨੂੰ।

**ਪ੍ਰਸ਼ਨਕਰਤਾ** : ਮਾਨਸਿਕ ਸ਼ਾਂਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਕਿਸੇ ਗਰੀਬ ਦੀ ਸੇਵਾ ਕਰਨੀ ਚਾਹੀਦੀ ਹੈ ਜਾਂ ਫਿਰ ਭਗਵਾਨ ਦੀ ਭਜਨਾ ਕਰਨੀ ਚਾਹੀਦੀ ਹੈ ? ਜਾਂ ਕਿਸੇ ਨੂੰ ਦਾਨ ਕਰਨਾ ਚਾਹੀਦਾ ਹੈ ? ਕੀ ਕਰਨਾ ਚਾਹੀਦਾ ਹੈ ?

**ਦਾਦਾਸ਼੍ਰੀ** : ਮਾਨਸਿਕ ਸ਼ਾਂਤੀ ਚਾਹੀਦੀ ਹੈ ਤਾਂ ਆਪਣੀ ਚੀਜ਼ ਦੂਸਰਿਆਂ ਨੂੰ ਖਿਲਾ ਦੇਣਾ। ਕੱਲ੍ਹ ਆਈਸਕ੍ਰੀਮ ਦਾ ਡੱਬਾ ਭਰ ਕੇ ਲਿਆਉਣਾ ਅਤੇ ਇਹਨਾਂ ਸਭ ਨੂੰ ਖਿਲਾਉਣਾ। ਉਸ ਸਮੇਂ ਕਿੰਨਾ ਆਨੰਦ ਹੁੰਦਾ ਹੈ, ਇਹ ਤੂੰ ਮੈਨੂੰ ਦੱਸੀਂ। ਇਹਨਾਂ ਕਬੂਤਰਾਂ ਨੂੰ ਤੂੰ ਦਾਣਾ ਪਾਵੇਂਗਾ ਉਸ ਤੋਂ ਪਹਿਲਾਂ ਤਾਂ ਉਹ ਉੱਛਲ-ਕੁੱਦ ਕਰਨ ਲੱਗਦੇ ਹਨ। ਤੂੰ ਦਾਣਾ ਪਾਇਆ, ਤੇਰੀ ਆਪਣੀ ਵਸਤੂ ਤੂੰ ਦੂਸਰਿਆਂ ਨੂੰ ਦਿੱਤੀ ਤਾਂ ਅੰਦਰ ਆਨੰਦ ਸ਼ੁਰੂ ਹੋ ਜਾਂਦਾ ਹੈ। ਹੁਣ ਰਸਤੇ ਵਿੱਚ ਕੋਈ ਮਨੁੱਖ ਡਿੱਗ ਗਿਆ, ਉਸ ਦੀ ਲੱਤ ਟੁੱਟ ਗਈ ਅਤੇ ਲਹੂ ਵਗ ਰਿਹਾ ਹੋਵੇ ਉੱਥੇ ਤੂੰ ਆਪਣੀ ਧੋਤੀ ਫਾੜ ਕੇ ਪੱਟੀ ਬੰਨ੍ਹੇਗਾ ਤਾਂ ਉਸ ਵਕਤ ਤੈਨੂੰ ਆਨੰਦ ਹੋਵੇਗਾ।

ਲੜਕੇ-ਲੜਕੀਆਂ ਦੇ ਵਿਆਹ ਕਿਵੇਂ ਹੁੰਦੇ ਹੋਣਗੇ ? ਇਸ ਤਰ੍ਹਾਂ ਹੈ ਨਾ, ਲੜਕੀਆਂ ਲਈ ਪੈਸਿਆਂ ਦਾ ਜ਼ਿਆਦਾ ਖਰਚ ਹੁੰਦਾ ਹੈ। ਲੜਕੀਆਂ ਆਪਣਾ ਲੈ ਕੇ ਆਈਆਂ ਹਨ। ਉਹ ਹੀ ਬੈਂਕ ਵਿੱਚ ਜਮ੍ਹਾਂ ਕਰਵਾਉਂਦੀਆਂ ਹਨ। ਲੜਕੀਆਂ ਦੇ ਪੈਸੇ ਬੈਂਕ ਵਿੱਚ ਜਮ੍ਹਾਂ ਹੁੰਦੇ ਹਨ ਅਤੇ ਬਾਪ ਖੁਸ਼ ਹੁੰਦਾ ਹੈ। ਕਿ ਦੇਖੋ ਮੈਂ ਸੱਤਰ

ਹਜ਼ਾਰ ਖਰਚ ਕਰਕੇ ਵਿਆਹੀ, ਉਸ ਜ਼ਮਾਨੇ ਵਿੱਚ! ਉਸ ਜ਼ਮਾਨੇ ਦੀ ਗੱਲ ਕਰਦਾ ਹਾਂ। ਓਏ, ਤੂੰ ਕੀ ਕੀਤਾ ? ਉਸ ਦੇ ਪੈਸੇ ਬੈਂਕ ਵਿੱਚ ਸਨ। ਤੂੰ ਤਾਂ ਉਹੀ ਦਾ ਉਹੀ ਹੈਂ, ਪਾਵਰ ਆਫ ਅਟਾਰਨੀ ਹੈਂ। ਤੈਨੂੰ ਉਸ ਵਿੱਚ ਕੀ ? ਪਰ ਉਹ ਰੌਅਬ ਜਮਾਉਂਦਾ ਹੈ ਅਤੇ ਕੋਈ ਲੜਕੀ (ਆਪਣੇ ਭਾਗ ਵਿੱਚ) ਤਿੰਨ ਹਜ਼ਾਰ ਲੈ ਕੇ ਆਈ ਹੋਵੇ, ਤਾਂ ਉਸ ਸਮੇਂ ਉਸਦੇ ਬਾਪ ਦਾ ਧੰਦਾ-ਪਾਣੀ ਸਭ ਠੰਡਾ ਪੈ ਜਾਂਦਾ ਹੈ। ਉਦੋਂ ਤਿੰਨ ਹਜ਼ਾਰ ਵਿੱਚ ਹੀ ਵਿਆਹੀ ਜਾਵੇਗੀ, ਕਿਉਂਕਿ ਉਹ ਜਿੰਨਾ ਲਿਆਈ ਹੈ ਓਨਾ ਖਰਚ ਹੋਵੇਗਾ।

ਇਹ ਲੜਕੇ-ਲੜਕੀਆਂ ਦੇ, ਸਭ ਦੇ ਆਪਣੇ ਪੈਸੇ ਹਨ। ਅਸੀਂ ਜੋ ਜੋੜ ਕੇ ਰੱਖਦੇ ਹਾਂ ਨਾ, ਉਹ ਤਾਂ ਉਸ ਦੀ ਵਿਵਸਥਾ (ਪ੍ਰਬੰਧ) ਸਾਡੇ ਹੱਥਾਂ ਵਿੱਚ ਰਹਿੰਦੀ ਹੈ, ਬੱਸ ਓਨਾ ਹੀ ਹੈ।

ਸਾਡੇ ਲੋਕ ਕਹਿਣਗੇ ਕਿ ਅਸੀਂ ਦੁੱਧ ਨਾਲ ਧੋ ਕੇ ਦੇਣੇ ਹਨ। ਓਏ, ਆਏ ਵੱਡੇ ਦੁੱਧ ਨਾਲ ਧੋ ਕੇ ਦੇਣ ਵਾਲੇ, ਇਹ ਖੋਟਾ ਅਹੰਕਾਰ ਹੈ। ਮੈਂ ਪੈਸੇ ਮੋੜਨੇ ਹਨ ਇਹ ਭਾਵ ਰੱਖਣਾ, ਤਾਂ ਮੋੜ ਸਕੇਂਗਾ! ਲੈਂਦੇ ਸਮੇਂ, 'ਮੋੜਨੇ ਹਨ' ਇੰਝ ਜੋ ਤੈਅ (ਨਿਸ਼ਚਾ) ਕਰਦਾ ਹੈ, ਉਸਦਾ ਵਿਵਹਾਰ ਮੈਂ ਬਹੁਤ ਸੋਹਣਾ ਦੇਖਿਆ ਹੈ! ਕੁੱਝ ਤਾਂ ਤੈਅ ਹੋਣਾ ਚਾਹੀਦਾ ਹੈ ਨਾ! ਬਾਅਦ ਵਿੱਚ ਵਿਪਰੀਤ (ਵਿਰੁੱਧ) ਸੰਜੋਗ ਆ ਮਿਲਣ ਤਾਂ ਉਹ ਅਲੱਗ ਗੱਲ ਹੈ, ਪਰ ਡਿਸੀਜਨ (ਨਿਸ਼ਚਾ) ਤਾਂ ਹੋਣਾ ਚਾਹੀਦਾ ਹੈ ਨਾ ? ਇਹੀ ਤਾਂ ਸਾਰੀ 'ਪਜ਼ਲ' (ਸਮੱਸਿਆ) ਹੈ ਨਾ!

ਜੇ ਅਸੀਂ ਪੁੱਛੀਏ ਕਿ 'ਕਿਉਂ ਸਾਹਿਬ, ਪਰੇਸ਼ਾਨੀ ਵਿੱਚ ਹੋ ?' ਤਾਂ ਕਹੇ, 'ਕੀ ਕਰੀਏ ? ਇਹ ਤਿੰਨ ਦੁਕਾਨਾਂ, ਇੱਥੇ ਸੰਭਾਲੋ, ਉੱਥੇ ਸੰਭਾਲੋ!' ਅਤੇ ਅਰਥੀ ਉੱਠੇ ਉਦੋਂ ਚਾਰ ਨਾਰੀਅਲ ਹੀ ਨਾਲ ਲੈ ਜਾਣੇ ਹਨ। ਦੁਕਾਨਾਂ ਤਿੰਨ ਹੋਣ, ਦੋ ਹੋਣ ਜਾਂ ਇੱਕ ਹੋਵੇ ਪਰ ਫਿਰ ਵੀ ਨਾਰੀਅਲ ਤਾਂ ਚਾਰ ਹੀ ਅਤੇ ਉਹ ਵੀ ਬਿਨਾਂ ਪਾਣੀ ਦੇ। ਅਤੇ ਉੱਪਰੋਂ ਕਹਿੰਦਾ ਹੈ, 'ਮੈਂ ਤਿੰਨ ਦੁਕਾਨਾਂ ਸੰਭਾਲਣੀਆਂ ਹਨ।' ਕਹੇਗਾ, 'ਇੱਕ ਫੋਰਟ ਵਿੱਚ ਹੈ, ਇੱਥੇ ਇੱਕ ਕੱਪੜੇ ਦੀ ਹੈ, ਇੱਕ ਭੁਲੇਸ਼ਵਰ ਵਿੱਚ ਹੈ।' ਫਿਰ ਵੀ ਸੇਠ ਦਾ ਮੂੰਹ ਇੰਝ ਲੱਗਦਾ ਹੈ ਜਿਵੇਂ ਆਰੰਡੀ ਦਾ ਤੇਲ ਚੋਪੜਿਆ ਹੋਵੇ। ਖਾਂਦੇ ਸਮੇਂ ਵੀ ਦੁਕਾਨ, ਦੁਕਾਨ, ਦੁਕਾਨ! ਰਾਤ ਨੂੰ ਸੁਪਨੇ ਵਿੱਚ ਵੀ ਕੱਪੜਿਆਂ ਦੇ ਥਾਨ ਨਾਪਦਾ ਰਹਿੰਦਾ ਹੈ!! ਮਰਦੇ ਸਮੇਂ ਲੇਖਾ-ਜੋਖਾ ਆਵੇਗਾ, ਇਸ ਲਈ ਸੰਭਲ ਕੇ ਚੱਲਣਾ।

ਧੰਦੇ ਦੇ ਵਿਚਾਰ ਕਦੋਂ ਤੱਕ ਕਰਨੇ ਚਾਹੀਦੇ ਹਨ ? ਜਦੋਂ ਤੱਕ ਬੋਝ ਨਾ ਲੱਗੇ ਉਦੋਂ ਤੱਕ ਕਰਨਾ। ਬੋਝ ਲੱਗੇ ਤਾਂ ਬੰਦ ਕਰ ਦੇਣਾ। ਵਰਨਾ ਮਾਰੇ ਗਏ ਸਮਝਣਾ। ਚਾਰ ਪੈਰ ਅਤੇ ਤੋਹਫ਼ੇ ਵਿੱਚ ਪੂਛ ਮਿਲੇਗੀ। ਫਿਰ ਅੜਿੰਗੇਗਾ! ਚਾਰ ਪੈਰ ਅਤੇ ਪੂਛ, ਸਮਝੇ ਤੁਸੀਂ ?

## (3) ਧੰਦਾ, ਸਮਯਕ ਸਮਝ ਨਾਲ

ਹਿੰਦੁਸਤਾਨ ਵਿੱਚ ਮਨੁੱਖ ਜਨਮ ਮਿਲਿਆ, ਉਹ ਮੋਕਸ਼ ਦੇ ਲਈ ਹੀ ਹੈ। ਉਸੇ ਦੇ ਲਈ ਹੀ ਸਾਡਾ ਜੀਵਨ ਹੈ। ਜੇ ਅਜਿਹਾ ਹੇਤੂ ਰੱਖਿਆ ਹੋਵੇ ਫਿਰ ਉਸ ਵਿੱਚ ਜਿੰਨੀ ਪ੍ਰਾਪਤੀ ਹੋਵੇ ਓਨੀ ਸਹੀ, ਪਰ ਹੇਤੂ (ਉਦੇਸ਼) ਤਾਂ ਹੋਣਾ ਹੀ ਚਾਹੀਦਾ ਹੈ ਨਾ? ਇਹ ਖਾਣਾ-ਪੀਣਾ ਸਭ ਉਸੇ ਦੇ ਲਈ ਹੈ, ਸਮਝੇ ਤੁਸੀਂ ? ਜੀਵਨ ਕਿਸ ਦੇ ਲਈ ਜਿਊਣਾ ਹੈ, ਸਿਰਫ਼ ਕਮਾਉਣ ਦੇ ਲਈ ? ਹਰੇਕ ਜੀਵ ਸੁੱਖ ਲੱਭਦਾ ਹੈ। ਦੁੱਖਾਂ ਤੋਂ ਮੁਕਤੀ ਕਿਵੇਂ ਹੋਵੇ ਇਹ ਜਾਣਨ ਲਈ ਹੀ ਜੀਵਨ ਜਿਊਣਾ ਹੈ। ਇਸ ਵਿੱਚ ਮੋਕਸ਼ ਮਾਰਗ ਪ੍ਰਾਪਤ ਕਰ ਲੈਣਾ ਹੈ। ਮੋਕਸ਼ ਮਾਰਗ ਦੇ ਲਈ ਹੀ ਇਹ ਹੈ ਸਭ ਕੁੱਝ।

ਦੋ ਅਰਥ (ਹੇਤੂ) ਲਈ ਲੋਕ ਜਿਉਂਦੇ ਹਨ। ਆਤਮਾਰਥ ਹੇਤੂ ਲਈ ਜੀਊਣ ਵਾਲਾ ਤਾਂ ਕੋਈ ਵਿਰਲਾ ਹੀ ਹੋਵੇਗਾ। ਹੋਰ ਸਾਰੇ ਲੱਛਮੀ ਦੇ ਅਰਥ ਨਾਲ ਹੀ ਜੀ ਰਹੇ ਹਨ। ਸਾਰਾ ਦਿਨ ਲੱਛਮੀ, ਲੱਛਮੀ ਅਤੇ ਲੱਛਮੀ! ਲੱਛਮੀ ਜੀ ਦੇ ਪਿੱਛੇ ਤਾਂ ਸਾਰਾ ਸੰਸਾਰ ਪਾਗਲ ਹੋਇਆ ਹੈ! ਪਰ ਉਸ ਵਿੱਚ ਸੁੱਖ ਹੈ ਹੀ ਨਹੀਂ ਨਾ! ਘਰ-ਬੰਗਲੇ ਐਵੇਂ ਹੀ ਖਾਲੀ ਪਏ ਹੁੰਦੇ ਹਨ ਅਤੇ ਦੁਪਹਿਰ ਨੂੰ ਉਹ (ਮਾਲਕ) ਕਾਰਖਾਨੇ ਵਿੱਚ ਹੁੰਦੇ ਹਨ। ਤਾਂ ਫਿਰ ਬੰਗਲੇ ਦਾ ਆਨੰਦ ਕਿੱਥੇ ਲੈ ਪਾਉਂਦੇ ਹਨ ? ਇਸ ਲਈ ਆਤਮਗਿਆਨ ਜਾਣੋ! ਇੰਝ ਅੰਨ੍ਹੇ ਹੋ ਕੇ ਕਦੋਂ ਤੱਕ ਭਟਕਦੇ ਰਹਿਣਾ ਹੈ ?

ਜੇ ਕੋਈ ਪੁੱਛੇ ਕਿ ਮੈਂ ਕਿਸ ਧਰਮ ਦਾ ਪਾਲਣ ਕਰਾਂ ? ਤਾਂ ਅਸੀਂ ਕਹਿੰਦੇ ਹਾਂ ਕਿ ਭਾਈ, ਇਹਨਾਂ ਤਿੰਨ ਚੀਜ਼ਾਂ ਦਾ ਪਾਲਣ ਕਰ :

1. ਪਹਿਲਾ, ਨੀਤੀਮੱਤਾ! ਤੇਰੇ ਕੋਲ ਪੈਸੇ ਘੱਟ-ਵੱਧ ਹੋਣ ਉਸ ਵਿੱਚ ਹਰਜ਼ ਨਹੀਂ, ਪਰ 'ਨੀਤੀਮੱਤਾ ਪਾਲਣਾ' ਇੰਨਾ ਜ਼ਰੂਰ ਕਰਨਾ, ਭਾਈ।
2. ਫਿਰ ਦੂਸਰਾ, 'ਔਬਲਾਇਜਿੰਗ ਨੇਚਰ' ਰੱਖਣਾ! ਕਿਸੇ ਦੀ ਮੱਦਦ ਕਰਨ ਲਈ ਤੇਰੇ ਕੋਲ ਪੈਸੇ ਨਾ ਹੋਣ ਉਸ ਵਿੱਚ ਹਰਜ਼ ਨਹੀਂ, ਪਰ ਬਾਜ਼ਾਰ ਜਾਂਦੇ ਸਮੇਂ ਕਹਿਣਾ, 'ਤੁਹਾਨੂੰ ਬਾਜ਼ਾਰ ਦਾ ਕੋਈ ਕੰਮ ਹੋਵੇ ਤਾਂ ਦੱਸੋ, ਮੈਂ ਬਾਜ਼ਾਰ ਜਾ ਰਿਹਾ ਹਾਂ।' ਇਸ ਤਰ੍ਹਾਂ ਕਿਸੇ ਦੀ ਮੱਦਦ ਕਰਨਾ। ਇਹ ਹੈ ਔਬਲਾਇਜਿੰਗ ਨੇਚਰ।

3. ਤੀਸਰਾ, ਕਿਸੇ ਵੀ ਮੱਦਦ ਦੇ ਬਦਲੇ ਕੁੱਝ ਲੈਣ ਦੀ ਇੱਛਾ ਨਾ ਰੱਖਣਾ। ਸਾਰਾ ਸੰਸਾਰ ਬਦਲੇ ਦੀ ਇੱਛਾ ਰੱਖਦਾ ਹੈ। ਤੁਹਾਡੀ ਇੱਛਾ ਹੋਵੇ ਤਾਂ ਵੀ ਬਦਲਾ ਮਿਲੇਗਾ ਅਤੇ ਇੱਛਾ ਨਾ ਹੋਵੇ ਤਾਂ ਵੀ ਬਦਲਾ ਮਿਲੇਗਾ। ਇਹੋ ਜਿਹਾ ਐਕਸ਼ਨ-ਰੀਐਕਸ਼ਨ ਵਾਲਾ ਸੰਸਾਰ ਹੈ। ਇੱਛਾਵਾਂ ਤੁਹਾਡੀ ਭੀਖ ਹਨ, ਜੋ ਵਿਅਰਥ ਜਾਂਦੀਆਂ ਹਨ।

**ਪ੍ਰਸ਼ਨਕਰਤਾ :** ਆਤਮਾ ਦੀ ਪ੍ਰਗਤੀ ਲਈ ਕੀ ਕਰਦੇ ਰਹਿਣਾ ਚਾਹੀਦਾ ਹੈ ?

**ਦਾਦਾਸ਼੍ਰੀ :** ਉਸਨੂੰ ਪ੍ਰਮਾਣਿਕਤਾ ਦੀ ਨਿਸ਼ਠਾ 'ਤੇ ਚੱਲਣਾ ਚਾਹੀਦਾ ਹੈ। ਉਹ ਨਿਸ਼ਠਾ ਇਹੋ ਜਿਹੀ ਕਿ ਬਹੁਤ ਤੰਗੀ ਵਿੱਚ ਆ ਜਾਵੇ ਉਦੋਂ ਆਤਮਸ਼ਕਤੀ ਦਾ ਆਵਿਰਭਾਵ ਹੋਵੇ (ਪ੍ਰਗਟ ਹੋਵੇ)। ਜੇ ਤੰਗੀ ਨਾ ਹੋਵੇ ਅਤੇ ਬਹੁਤ ਪੈਸੇ ਆਦਿ ਹੋਣ ਤਾਂ ਉੱਥੇ ਆਤਮਾ ਪ੍ਰਗਟ ਨਹੀਂ ਹੁੰਦਾ। ਪ੍ਰਮਾਣਿਕਤਾ, ਇੱਕ ਹੀ ਰਸਤਾ ਹੈ। ਕੇਵਲ ਭਗਤੀ ਨਾਲ ਕੁੱਝ ਹੋ ਸਕੇ ਅਜਿਹਾ ਨਹੀਂ ਹੈ, ਪ੍ਰਮਾਣਿਕਤਾ ਨਾ ਹੋਵੇ ਅਤੇ ਭਗਤੀ ਕਰੇ ਉਸਦਾ ਅਰਥ ਨਹੀਂ ਹੈ। ਇਸਦੇ ਨਾਲ ਪ੍ਰਮਾਣਿਕਤਾ ਹੋਣੀ ਹੀ ਚਾਹੀਦੀ ਹੈ। ਪ੍ਰਮਾਣਿਕਤਾ ਨਾਲ ਮਨੁੱਖ ਦੁਬਾਰਾ ਮਨੁੱਖ ਜਨਮ ਪਾ ਸਕਦਾ ਹੈ। ਅਤੇ ਜੋ ਲੋਕ ਮਿਲਾਵਟ ਕਰਦੇ ਹਨ, ਜੋ ਬਿਨਾਂ ਹੱਕ ਦਾ ਲੈ ਲੈਂਦੇ ਹਨ, ਬਿਨਾਂ ਹੱਕ ਦਾ ਭੋਗਦੇ ਹਨ, ਉਹ ਸਾਰੇ ਇੱਥੋਂ ਜਾਨਵਰ ਯੋਨੀ ਵਿੱਚ ਜਾਂਦੇ ਹਨ। ਉਸ ਵਿੱਚ ਕੋਈ ਕੁੱਝ ਨਹੀਂ ਕਰ ਸਕਦਾ। ਕਿਉਂਕਿ ਸੁਭਾਅ ਹੀ ਬਣ ਗਿਆ ਹੈ, ਬਿਨਾਂ ਹੱਕ ਦਾ ਭੋਗਣ ਦਾ, ਇਸ ਲਈ ਫਿਰ ਉੱਥੇ ਜਾਨਵਰ ਗਤੀ ਵਿੱਚ ਜਾਵੇ ਅਤੇ ਆਰਾਮ ਨਾਲ ਭੋਗ ਸਕੇਗਾ, ਉੱਥੇ। ਉੱਥੇ ਤਾਂ ਕੋਈ ਕਿਸੇ ਦੀ ਔਰਤ ਨਹੀਂ ਹੁੰਦੀ ਨਾ! ਸਾਰੀਆਂ ਔਰਤਾਂ ਖੁਦ ਦੀਆਂ ਹੀ! ਇੱਥੇ ਮਨੁੱਖ ਵਿੱਚ ਤਾਂ ਵਿਆਹੇ ਹੋਏ ਲੋਕ ਹਨ, ਇਸ ਲਈ ਕਿਸੇ ਦੀ ਔਰਤ 'ਤੇ ਦ੍ਰਿਸ਼ਟੀ ਵਿਗਾੜਨੀ ਨਹੀਂ ਚਾਹੀਦੀ ਪਰ ਜਿਸ ਨੂੰ ਆਦਤ ਪੈ ਗਈ ਹੋਵੇ, ਉਸ ਦਾ ਫਿਰ ਉੱਥੇ ਜਾਨਵਰ ਵਿੱਚ ਜਾਣਾ ਹੁੰਦਾ ਹੈ। ਇੱਕ ਜਨਮ, ਦੋ ਜਨਮ ਉੱਥੇ ਭੋਗ ਕੇ ਆਵੇ ਤਾਂ ਸਿੱਧਾ ਹੁੰਦਾ ਹੈ। ਉਸ ਨੂੰ ਸਿੱਧਾ ਕਰਦੇ ਹਨ ਇਹ ਸਾਰੇ ਜਨਮ। ਸਿੱਧਾ ਹੋ ਕੇ ਵਾਪਸ ਇੱਥੇ ਆਉਂਦਾ ਹੈ, ਫਿਰ ਟੇਢਾ ਹੋਵੇ ਤਾਂ ਫਿਰ ਉੱਥੇ ਭੇਜ ਕੇ ਸਿੱਧਾ ਕਰਦੇ ਹਨ। ਇਸ ਤਰ੍ਹਾਂ ਸਿੱਧਾ ਹੁੰਦੇ-ਹੁੰਦੇ ਫਿਰ ਮੋਕਸ਼ ਦੇ ਲਾਇਕ ਹੋ ਜਾਂਦਾ ਹੈ। ਜਦੋਂ ਤੱਕ ਟੇਢਾਪਨ ਹੋਵੇਗਾ ਉੱਦੋਂ ਤੱਕ ਮੋਕਸ਼ ਨਹੀਂ ਹੁੰਦਾ।

ਨੀਤੀ ਨਾਲ ਪੈਸੇ ਲਿਆਵੇ ਤਾਂ ਉਸ ਵਿੱਚ ਹਰਜ਼ ਨਹੀਂ ਹੈ। ਪਰ ਅਨੀਤੀ ਨਾਲ ਪੈਸੇ ਲਿਆਵੇ ਤਾਂ ਸਮਝੋ ਆਪਣੇ ਹੀ ਪੈਰਾਂ 'ਤੇ ਕੁਹਾੜੀ ਮਾਰੀ ਅਤੇ ਜਦੋਂ

ਅਰਥੀ ਉੱਠੇਗੀ ਉਦੋਂ ਪੈਸੇ ਇੱਥੇ ਪਏ ਰਹਿਣਗੇ। ਸਭ ਕੁਦਰਤ ਦੀ ਜਬਤੀ ਵਿੱਚ ਜਾਂਦਾ ਹੈ ਅਤੇ ਖੁਦ ਨੇ ਇੱਥੇ ਜੋ ਗੁੱਥੀਆਂ ਉਲਝਾਈਆਂ ਹੋਣ, ਉਹਨਾਂ ਨੂੰ ਫਿਰ ਭੁਗਤਣਾ ਪਵੇਗਾ।

ਭਗਵਾਨ ਨੂੰ ਨਾ ਭਜੇ ਅਤੇ ਨੀਤੀ ਨਾਲ ਚੱਲੇ ਤਾਂ ਵੀ ਬਹੁਤ ਹੋ ਗਿਆ। ਭਗਵਾਨ ਨੂੰ ਭਜੇ ਪਰ ਨੀਤੀ ਨਾਲ ਨਾ ਚੱਲੇ ਤਾਂ ਉਸ ਦਾ ਕੋਈ ਅਰਥ ਨਹੀਂ ਹੈ। ਉਹ ਮੀਨਿੰਗਲੈੱਸ ਹੈ। ਫਿਰ ਵੀ ਸਾਨੂੰ ਇੰਝ ਨਹੀਂ ਕਹਿਣਾ ਚਾਹੀਦਾ। ਵਰਨਾ, ਉਹ ਫਿਰ ਭਗਵਾਨ ਨੂੰ ਛੱਡ ਦੇਵੇਗਾ ਅਤੇ ਅਨੀਤੀ ਵਧਾਉਂਦਾ ਰਹੇਗਾ। ਅਰਥਾਤ ਨੀਤੀ ਰੱਖਣਾ। ਉਸਦਾ ਫ਼ਲ ਚੰਗਾ ਆਵੇਗਾ।

ਸੰਸਾਰ ਵਿੱਚ ਸੁੱਖ ਇੱਕ ਹੀ ਜਗ੍ਹਾ ਹੈ। ਜਿੱਥੇ ਸੰਪੂਰਨ ਨੀਤੀ ਹੋਵੇ। ਹਰੇਕ ਵਿਹਾਰ ਵਿੱਚ ਸੰਪੂਰਨ ਨੀਤੀ ਹੋਵੇਗੀ ਉੱਥੇ ਸੁੱਖ ਹੈ ਅਤੇ ਦੂਸਰਾ, ਜੋ ਸਮਾਜ ਸੇਵਕ ਹੋਵੇਗਾ ਉਹ ਖੁਦ ਲਈ ਨਹੀਂ ਪਰ ਦੂਸਰਿਆਂ ਲਈ ਜੀਵਨ ਬਤੀਤ ਕਰਦਾ ਹੈ ਤਾਂ ਉਸਨੂੰ ਬਹੁਤ ਹੀ ਸੁੱਖ ਹੋਵੇਗਾ, ਪਰ ਉਹ ਸੁੱਖ ਭੌਤਿਕ ਸੁੱਖ ਹੈ, ਉਹ ਮੂਰਛਾ ਦਾ ਸੁੱਖ ਕਹਾਉਂਦਾ ਹੈ।

ਇਹ ਵਾਕ ਆਪਣੀ ਦੁਕਾਨ ’ਤੇ ਲਿਖ ਕੇ ਲਗਾਉਣਾ :

1. ਪ੍ਰਾਪਤ ਨੂੰ ਭੋਗੋ– ਅਪ੍ਰਾਪਤ ਦੀ ਚਿੰਤਾ ਨਾ ਕਰੋ।
2. ਭੁਗਤੇ ਉਸੇ ਦੀ ਭੁੱਲ।
3. ਡਿਸਆਨੇਸਟੀ ਇਜ਼ ਦੀ ਬੈਸਟ ਫੂਲਿਸ਼ਨੈੱਸ।

ਦੁਨੀਆਂ ਵਿੱਚ ਕੁੱਝ ਨਹੀਂ ਹੈ, ਅਜਿਹਾ ਨਹੀਂ ਹੈ। ਸਭ ਚੀਜ਼ਾਂ ਦੁਨੀਆਂ ਵਿੱਚ ਹਨ। ਪਰ ‘ਸਕਲ ਪਦਾਰਥ ਹੈ ਜਗਮਾਂਹੀ, ਭਾਗਯਹੀਨ ਨਰ ਪਾਵਤ ਨਾਂਹੀ’। ਇੰਝ ਕਹਿੰਦੇ ਹਨ ਨਾ ? ਅਰਥਾਤ ਜਿੰਨੀਆਂ ਕਲਪਨਾ ਵਿੱਚ ਆਉਣ ਓਨੀਆਂ ਚੀਜ਼ਾਂ ਸੰਸਾਰ ਵਿੱਚ ਹੁੰਦੀਆਂ ਹਨ, ਪਰ ਤੁਹਾਡੇ ਅੰਤਰਾਏ (ਰੁਕਾਵਟਾਂ) ਨਹੀਂ ਹੋਣੇ ਚਾਹੀਦੇ, ਤਾਂ ਹੀ ਉਹ ਮਿਲਦੀਆਂ ਹਨ।

ਸਤਨਿਸ਼ਠਾ ਚਾਹੀਦੀ ਹੈ। ਈਸ਼ਵਰ ਮੱਦਦ ਕਰਨ ਲਈ ਫ਼ੁਰਸਤ ਵਿੱਚ ਨਹੀਂ ਬੈਠੇ ਹਨ। ਤੁਹਾਡੀ ਨੀਅਤ ਸੱਚੀ ਹੋਵੇਗੀ ਤਾਂ ਹੀ ਤੁਹਾਡਾ ਕੰਮ ਹੋਵੇਗਾ।

ਲੋਕ ਕਹਿੰਦੇ ਹਨ ਕਿ, ‘ਸੱਚੇ ਦੀ ਈਸ਼ਵਰ ਮੱਦਦ ਕਰਦਾ ਹੈ!’ ਪਰ ਨਹੀਂ, ਅਜਿਹਾ ਨਹੀਂ ਹੈ। ਈਸ਼ਵਰ ਸੱਚੇ ਦੀ ਮੱਦਦ ਕਰਦਾ ਹੋਵੇ ਤਾਂ ਖੋਟੇ ਨੇ ਕੀ ਗੁਨਾਹ ਕੀਤਾ ਹੈ ? ਕੀ ਈਸ਼ਵਰ ਪੱਖਪਾਤੀ ਹੈ ? ਈਸ਼ਵਰ ਨੂੰ ਤਾਂ ਸਭ ਜਗ੍ਹਾ ਨਿਰਪੱਖਪਾਤੀ

ਰਹਿਣਾ ਚਾਹੀਦਾ ਹੈ ਨਾ ? ਈਸ਼ਵਰ ਇੰਝ ਕਿਸੇ ਦੀ ਮੱਦਦ ਨਹੀਂ ਕਰਦੇ। ਉਹ ਇਸ ਵਿੱਚ ਹੱਥ ਹੀ ਨਹੀਂ ਪਾਉਂਦੇ। ਈਸ਼ਵਰ ਦਾ ਨਾਮ ਯਾਦ ਕਰਦੇ ਹੀ ਆਨੰਦ ਹੁੰਦਾ ਹੈ, ਉਸ ਦੀ ਵਜ੍ਹਾ ਕੀ ਹੈ ਕਿ ਇਹ ਮੂਲ ਵਸਤੂ ਹੈ ਅਤੇ ਉਹ ਖ਼ੁਦ ਦਾ ਹੀ ਸਰੂਪ ਹੈ। ਇਸ ਲਈ ਯਾਦ ਕਰਦੇ ਹੀ ਆਨੰਦ ਹੁੰਦਾ ਹੈ। ਬਾਕੀ ਈਸ਼ਵਰ ਕੁੱਝ ਕਰਦੇ ਨਹੀਂ ਹਨ। ਉਹ ਕੁੱਝ ਦੇ ਹੀ ਨਹੀਂ ਸਕਦੇ। ਉਹਨਾਂ ਦੇ ਕੋਲ ਕੁੱਝ ਹੈ ਹੀ ਨਹੀਂ, ਤਾਂ ਕੀ ਦੇਣਗੇ ?

**ਪ੍ਰਸ਼ਨਕਰਤਾ** : ਦਾਦਾਜੀ, ਵਿਹਾਰ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ?

**ਦਾਦਾਸ਼੍ਰੀ** : ਵਿਸ਼ਮਤਾ ਪੈਦਾ ਨਹੀਂ ਹੋਣੀ ਚਾਹੀਦੀ। ਸਮਭਾਵ ਨਾਲ ਨਿਪਟਾਰਾ ਕਰਨਾ ਚਾਹੀਦਾ ਹੈ। ਸਾਨੂੰ ਜਿੱਥੋਂ ਕੰਮ ਕਰਵਾਉਣਾ ਹੋਵੇ, ਉੱਥੇ ਦਾ ਮੈਨੇਜਰ ਕਹੇ, 'ਦਸ ਹਜ਼ਾਰ ਦਿਓਗੇ ਤਾਂ ਹੀ ਤੁਹਾਡਾ ਪੰਜ ਲੱਖ ਦਾ ਚੈੱਕ ਕੱਢਾਂਗਾ।' ਹੁਣ ਸਾਡੇ ਸ਼ੁੱਧ ਵਪਾਰ ਵਿੱਚ ਕਿੰਨਾ ਮੁਨਾਫ਼ਾ ਹੋਵੇਗਾ ? ਪੰਜ ਲੱਖ ਵਿੱਚ, ਦੋ ਲੱਖ ਸਾਡੇ ਘਰ ਦੇ ਹੋਣ ਅਤੇ ਤਿੰਨ ਲੱਖ ਹੋਰਾਂ ਦੇ ਹੋਣ, ਤੇ ਉਹ ਲੋਕ ਧੱਕੇ ਖਾਣ ਉਹ ਕੀ ਚੰਗਾ ਕਹਾਵੇਗਾ ? ਇਸ ਲਈ ਤੁਸੀਂ ਉਸ ਮੈਨੇਜਰ ਨੂੰ ਕਹੋਗੇ ਕਿ, ਭਾਈ ਸਾਹਿਬ, ਮੈਨੂੰ ਇਸ ਵਿੱਚ ਕੋਈ ਮੁਨਾਫ਼ਾ ਨਹੀਂ ਹੈ। ਅਟਾ-ਪਟਾ ਕੇ ਪੰਜ ਵਿੱਚ ਨਿਪਟਾਰਾ ਕਰੋ ਅਤੇ ਜੇ ਨਾ ਮੰਨੇ ਤਾਂ ਅਖੀਰ ਵਿੱਚ ਦਸ ਹਜ਼ਾਰ ਰੁਪਏ ਦੇ ਕੇ ਵੀ ਆਪਣਾ ਚੈੱਕ ਲੈ ਲੈਣਾ। ਹੁਣ ਉੱਥੇ, 'ਮੈਂ ਇੰਝ ਰਿਸ਼ਵਤ ਕਿਵੇਂ ਦੇ ਸਕਦਾ ਹਾਂ ?' ਅਜਿਹਾ ਕਰੋਗੇ ਤਾਂ ਇਹਨਾਂ ਲੋਕਾਂ ਨੂੰ ਜਵਾਬ ਕੌਣ ਦੇਵੇਗਾ ? ਉਹ ਮੰਗਣ ਵਾਲਾ ਵੱਡੀਆਂ-ਵੱਡੀਆਂ ਗਾਲ੍ਹਾਂ ਕੱਢੇਗਾ! ਜ਼ਰਾ ਸਮਝ ਜਾਓ, ਸਮੇਂ ਅਨੁਸਾਰ ਸਮਝ ਜਾਓ।

ਰਿਸ਼ਵਤ ਦੇਣਾ ਗੁਨਾਹ ਨਹੀਂ ਹੈ। ਜਿਸ ਸਮੇਂ ਜੋ ਵਿਹਾਰ ਆਇਆ ਉਸ ਨੂੰ ਐਡਜਸਟ ਕਰਨਾ ਤੈਨੂੰ ਨਹੀਂ ਆਇਆ, ਉਹ ਗੁਨਾਹ ਹੈ। ਹੁਣ ਇਹੋ ਜਿਹੀ ਸਥਿਤੀ ਵਿੱਚ ਕਿੱਥੇ ਤੱਕ ਪੂਛ ਫੜ ਕੇ ਰੱਖਣੀ ?! ਸਾਡੇ ਤੋਂ ਐਡਜਸਟ ਹੋ ਸਕੇ, ਸਾਡੇ ਕੋਲ ਲੋਕਾਂ ਦਾ ਉਧਾਰ ਚੁਕਾਉਣ ਲਈ ਬੈਂਕ ਬੈਲੇਂਸ ਹੋਵੇ ਅਤੇ ਲੋਕ ਸਾਨੂੰ ਚੰਗਾ-ਮਾੜਾ ਨਾ ਕਹਿਣ, ਉੱਥੇ ਤੱਕ ਫੜੀ ਰੱਖਣਾ, ਪਰ ਜੇ ਬੈਂਕ ਬੈਲੇਂਸ ਘੱਟ ਪੈਂਦਾ ਹੋਵੇ ਅਤੇ ਲੋਕ ਚੰਗਾ-ਮਾੜਾ ਕਹਿਣ ਲੱਗਣ ਤਾਂ ਕੀ ਕਰਨਾ ਚਾਹੀਦਾ ਹੈ ? ਤੁਹਾਨੂੰ ਕੀ ਲੱਗਦਾ ਹੈ ?

**ਪ੍ਰਸ਼ਨਕਰਤਾ** : ਹਾਂ, ਸਹੀ ਹੈ।

**ਦਾਦਾਸ਼੍ਰੀ** : ਮੈਂ ਤਾਂ ਆਪਣੇ ਵਪਾਰ ਵਿੱਚ ਕਹਿ ਦਿੰਦਾ ਸੀ ਕਿ, 'ਭਾਈ, ਦੇ ਆਓ ਰੁਪਏ, ਅਸੀਂ ਬੇਸ਼ੱਕ ਚੋਰੀ ਨਹੀਂ ਕਰਦੇ, ਮਨਮਾਨੀ ਨਹੀਂ ਕਰਦੇ, ਪਰ ਰੁਪਏ ਦੇ ਆਓ।' ਵਰਨਾ ਲੋਕਾਂ ਨੂੰ ਧੱਕੇ ਖਿਲਾਉਣਾ ਉਹ ਸਾਡੇ ਵਰਗੇ ਭਲੇ ਲੋਕਾਂ ਦਾ ਕੰਮ ਨਹੀਂ ਹੈ। ਅਰਥਾਤ ਰਿਸ਼ਵਤ ਦੇਣਾ, ਉਸ ਨੂੰ ਮੈਂ ਗੁਨਾਹ ਨਹੀਂ ਸਮਝਦਾ। ਗੁਨਾਹ ਤਾਂ, ਜਿਸ ਨੇ ਸਾਨੂੰ ਮਾਲ ਦਿੱਤਾ ਹੈ ਅਤੇ ਅਸੀਂ ਉਸ ਨੂੰ ਸਮੇਂ 'ਤੇ ਪੈਸੇ ਨਹੀਂ ਦਿੰਦੇ, ਉਸ ਨੂੰ ਮੈਂ ਗੁਨਾਹ ਕਹਿੰਦਾ ਹਾਂ।

ਰਸਤੇ ਵਿੱਚ ਜੇ ਕੋਈ ਲੁਟੇਰਾ ਤੁਹਾਡੇ ਤੋਂ ਪੈਸੇ ਮੰਗੇ ਤਾਂ ਤੁਸੀਂ ਦੇ ਦੇਵੋਗੇ ਜਾਂ ਨਹੀਂ ? ਜਾਂ ਫਿਰ ਸੱਚ ਦੀ ਖਾਤਰ ਨਹੀਂ ਦੇਵੋਗੇ ?

**ਪ੍ਰਸ਼ਨਕਰਤਾ** : ਦੇ ਦੇਣੇ ਪੈਣਗੇ।

**ਦਾਦਾਸ਼੍ਰੀ** : ਕਿਉਂ ਦੇ ਦਿੰਦੇ ਹੋ ਉੱਥੇ ? ਅਤੇ ਇੱਥੇ ਕਿਉਂ ਨਹੀਂ ਦਿੰਦੇ ?! ਇਹ ਦੂਸਰੇ ਪ੍ਰਕਾਰ ਦੇ ਲੁਟੇਰੇ ਹਨ। ਤੁਹਾਨੂੰ ਨਹੀਂ ਲੱਗਦਾ ਕਿ ਇਹ ਦੂਸਰੇ ਪ੍ਰਕਾਰ ਦੇ ਲੁਟੇਰੇ ਹਨ ?

ਇਹ ਦੂਸਰੇ ਪ੍ਰਕਾਰ ਦੇ ਲੁਟੇਰੇ! ਇਹ ਸੁਧਰੇ ਹੋਏ ਅਤੇ ਉਹ ਬਗੈਰ ਸੁਧਰੇ ਲੁਟੇਰੇ! ਇਹ ਸਿਵਿਲਾਇਜ਼ਡ ਲੁਟੇਰੇ! ਉਹ ਅਨਸਿਵਿਲਾਇਜ਼ਡ ਲੁਟੇਰੇ!!!

**ਪ੍ਰਸ਼ਨਕਰਤਾ** : ਆਪਸ਼੍ਰੀ ਭਗਵਾਨ ਪ੍ਰਾਪਤੀ ਦੇ ਮਾਰਗ 'ਤੇ ਮੁੜ ਗਏ, ਨਾਲ ਹੀ ਤੁਸੀਂ ਵੱਡੇ ਧੰਦੇ ਦੇ ਨਾਲ ਜੁੜੇ ਹੋਏ ਹੋ। ਤਾਂ ਦੋਵੇਂ ਕਿਵੇਂ ਸੰਭਵ ਹਨ ? ਇਹ ਸਮਝਾਓ।

**ਦਾਦਾਸ਼੍ਰੀ** : ਵਧੀਆ ਪ੍ਰਸ਼ਨ ਹੈ ਕਿ 'ਹੱਸਣਾ ਅਤੇ ਆਟਾ ਫੱਕਣਾ', ਇਹ ਦੋਵੇਂ ਇਕੱਠੇ ਕਿਵੇਂ ਹੋ ਸਕਦੇ ਹਨ ? ਇੱਕ ਪਾਸੇ ਤਾਂ ਧੰਦਾ ਕਰਦੇ ਹੋ ਅਤੇ ਦੂਸਰੇ ਪਾਸੇ ਭਗਵਾਨ ਦੀ ਰਾਹ 'ਤੇ ਹੋ, ਇਹ ਦੋਵੇਂ ਕਿਵੇਂ ਸੰਭਵ ਹਨ ? ਪਰ ਹੋ ਸਕੇ, ਅਜਿਹਾ ਹੈ। ਬਾਹਰ ਦਾ ਅਲੱਗ ਚੱਲੇ ਅਤੇ ਅੰਦਰ ਦਾ ਅਲੱਗ ਚੱਲੇ, ਇਸ ਤਰ੍ਹਾਂ ਹੈ। ਦੋਵੇਂ ਅਲੱਗ-ਅਲੱਗ ਹੀ ਹਨ।

ਇਹ 'ਚੰਦੂਭਾਈ' ਹੈ ਨਾ, ਇਹ ਚੰਦੂਭਾਈ ਅਲੱਗ ਹੈ ਅਤੇ ਆਤਮਾ ਅਲੱਗ ਹੈ, ਅੰਦਰ ਦੋਵੇਂ ਅਲੱਗ ਰੱਖੇ ਜਾ ਸਕਣ, ਅਜਿਹਾ ਹੈ। ਦੋਨਾਂ ਦੇ ਗੁਣਧਰਮ ਵੀ ਅਲੱਗ ਹਨ। ਜਿਵੇਂ ਇੱਥੇ ਸੋਨਾ ਅਤੇ ਤਾਂਬਾ ਦੋਵੇਂ ਮਿਲ ਗਏ ਹੋਣ ਅਤੇ ਉਹਨਾਂ ਨੂੰ ਫਿਰ ਤੋਂ ਅਲੱਗ ਕਰਨਾ ਚਾਹੋ ਤਾਂ ਹੋਣਗੇ ਕਿ ਨਹੀਂ ਹੋਣਗੇ ?

**ਪ੍ਰਸ਼ਨਕਰਤਾ** : ਹੋਣਗੇ।

**ਦਾਦਾਸ੍ਰੀ** : ਉਸੇ ਤਰ੍ਹਾਂ ਗਿਆਨੀ ਪੁਰਖ ਇਸ ਨੂੰ ਅਲੱਗ ਕਰ ਸਕਦੇ ਹਨ। ਗਿਆਨੀ ਪੁਰਖ ਜੋ ਚਾਹੇ ਸੋ ਕਰ ਸਕਦੇ ਹਨ, ਤੁਹਾਨੂੰ ਜੇ ਅਲੱਗ ਕਰਵਾਉਣਾ ਹੋਵੇ ਤਾਂ ਆਉਣਾ ਇੱਥੇ ਅਤੇ ਲਾਭ ਲੈਣਾ ਚਾਹੁੰਦੇ ਹੋ ਤਾਂ ਆਉਣਾ।

ਧੰਦਾ ਚੱਲਦਾ ਰਹਿੰਦਾ ਹੈ ਪਰ ਧੰਦੇ ਵਿੱਚ ਇੱਕ ਛਿਣ (ਪਲ) ਲਈ ਵੀ ਸਾਡਾ ਉਪਯੋਗ ਨਹੀਂ ਹੁੰਦਾ। ਕੇਵਲ ਨਾਮ ਹੁੰਦਾ ਹੈ ਉੱਥੇ। ਪਰ ਸਾਡਾ ਉਪਯੋਗ ਛਿਣ ਭਰ ਲਈ ਵੀ ਨਹੀਂ ਹੁੰਦਾ। ਮਹੀਨੇ ਵਿੱਚ ਇੱਕ-ਅੱਧੇ ਦਿਨ ਦੋ ਘੰਟੇ ਲਈ ਮੈਨੂੰ ਜਾਣਾ ਪੈਂਦਾ ਹੈ ਅਤੇ ਉਦੋਂ ਜਾਂਦਾ ਵੀ ਹਾਂ ਪਰ ਉਸ ਵਿੱਚ ਸਾਡਾ ਉਪਯੋਗ ਨਹੀਂ ਹੁੰਦਾ। ਉਪਯੋਗ ਨਹੀਂ ਹੋਣਾ ਯਾਨੀ ਕੀ, ਇਹ ਸਮਝੇ ਤੁਸੀਂ ? ਇਹ ਲੋਕ ਦਾਨ ਲੈਣ ਜਾਂਦੇ ਹਨ ਨਾ ? ਹੁਣ ਕਿਸੇ ਤੋਂ ਦਾਨ ਲੈਣ ਗਏ ਹੋਈਏ ਅਤੇ ਅਸੀਂ ਕਹਾਂਗੇ ਕਿ ਇਸ ਸਕੂਲ ਲਈ ਦਾਨ ਦਿਓ, ਤਾਂ ਉਹ ਦੇਣ ਦੀ ਇੱਛਾ ਨਾ ਰੱਖਦਾ ਹੋਵੇ ਤਾਂ ਉਹ ਆਪਣਾ ਮਨ ਸਾਡੇ ਤੋਂ ਅਲੱਗ ਰੱਖਦਾ ਹੈ ਕਿ ਨਹੀਂ ਰੱਖਦਾ ?

**ਪ੍ਰਸ਼ਨਕਰਤਾ** : ਰੱਖਦਾ ਹੈ।

**ਦਾਦਾਸ੍ਰੀ** : ਉਸੇ ਤਰ੍ਹਾਂ ਇਸ ਵਿੱਚ (ਅੰਦਰ) ਸਭ ਅਲੱਗ ਰਹਿੰਦਾ ਹੈ। ਉਸ ਵਿੱਚ ਅਲੱਗ ਰੱਖਣ ਦੇ ਕਈ ਰਸਤੇ ਹਨ। ਆਤਮਾ ਵੀ ਅਲੱਗ ਹੈ ਅਤੇ ਇਹ 'ਚੰਦੂਭਾਈ' ਵੀ ਅਲੱਗ ਹੈ।

ਸਾਰੀ ਜ਼ਿੰਦਗੀ ਮੈਂ ਧੰਦੇ ਵਿੱਚ ਚਿਤ ਰੱਖਿਆ ਹੀ ਨਹੀਂ। ਧੰਦਾ ਕੀਤਾ ਜ਼ਰੂਰ ਹੈ। ਮਿਹਨਤ ਕੀਤੀ ਹੋਵੇਗੀ, ਕੰਮ ਕੀਤਾ ਹੋਵੇਗਾ, ਪਰ ਚਿਤ ਨਹੀਂ ਰੱਖਿਆ।

**ਪ੍ਰਸ਼ਨਕਰਤਾ** : ਧੰਦੇ ਦੀ ਚਿੰਤਾ ਹੁੰਦੀ ਹੈ, ਬਹੁਤ ਅੜਚਨਾਂ ਆਉਂਦੀਆਂ ਹਨ।

**ਦਾਦਾਸ੍ਰੀ** : ਚਿੰਤਾ ਹੋਣ ਲੱਗੇ ਤਾਂ ਸਮਝਣਾ ਕਿ ਕੰਮ ਹੋਰ ਵਿਗੜਨ ਵਾਲਾ ਹੈ। ਚਿੰਤਾ ਨਾ ਹੋਵੇ ਤਾਂ ਸਮਝਣਾ ਕਿ ਕੰਮ ਨਹੀਂ ਵਿਗੜੇਗਾ। ਚਿੰਤਾ ਕੰਮ ਦੀ ਅਵਰੋਧਕ ਹੈ। ਚਿੰਤਾ ਨਾਲ ਤਾਂ ਧੰਦੇ ਦੀ ਮੌਤ ਆਉਂਦੀ ਹੈ। ਜਿਸ ਵਿੱਚ ਉਤਾਰ-ਚੜ੍ਹਾਅ ਹੋਵੇ ਉਸੇ ਦਾ ਨਾਮ ਧੰਦਾ। ਪੂਰਨ-ਗਲਨ ਹੈ ਉਹ। ਪੂਰਨ ਹੋਇਆ ਉਸਦਾ ਗਲਨ ਹੋਏ ਬਗੈਰ ਰਹਿੰਦਾ ਹੀ ਨਹੀਂ। ਪੂਰਨ-ਗਲਨ ਵਿੱਚ ਸਾਡੀ ਕੋਈ ਮਲਕੀਅਤ ਨਹੀਂ ਹੈ ਜੋ ਸਾਡੀ ਮਲਕੀਅਤ ਹੈ ਉਸ ਵਿੱਚ ਕੋਈ ਪੂਰਨ-ਗਲਨ ਨਹੀਂ ਹੁੰਦਾ! ਇਹੋ ਜਿਹਾ ਸ਼ੁੱਧ ਵਿਹਾਰ ਹੈ! ਤੁਹਾਡੇ ਘਰ ਵਿੱਚ ਤੁਹਾਡੀ ਬੀਵੀ-ਬੱਚੇ ਸਭ ਪਾਰਟਨਰ ਹਨ ਨਾ ?

**ਪ੍ਰਸ਼ਨਕਰਤਾ** : ਸੁੱਖ-ਦੁੱਖ ਭੁਗਤਣ ਵਿੱਚ ਜ਼ਰੂਰ ਹਨ।

**ਦਾਦਾਸ਼੍ਰੀ** : ਤੁਸੀਂ ਆਪਣੇ ਬੀਵੀ-ਬੱਚਿਆਂ ਦੇ ਅਵਿਭਾਵਕ (ਰੱਖਿਅਕ) ਕਹਾਉਂਦੇ ਹੋ। ਇਕੱਲਾ ਅਵਿਭਾਵਕ ਹੀ ਕਿਉਂ ਚਿੰਤਾ ਕਰੇ ? ਜਦੋਂਕਿ ਘਰਵਾਲੇ ਤਾਂ ਕਹਿੰਦੇ ਹਨ ਕਿ ਤੁਸੀਂ ਸਾਡੀ ਚਿੰਤਾ ਨਾ ਕਰਨਾ।

**ਪ੍ਰਸ਼ਨਕਰਤਾ** : ਚਿੰਤਾ ਦਾ ਸਰੂਪ ਕੀ ਹੈ ? ਜਦੋਂ ਜੰਮੇ ਉਦੋਂ ਤਾਂ ਸੀ ਨਹੀਂ, ਫਿਰ ਇਹ ਆਈ ਕਿੱਥੋਂ ?

**ਦਾਦਾਸ਼੍ਰੀ** : ਜਿਵੇਂ-ਜਿਵੇਂ ਬੁੱਧੀ ਵਧਦੀ ਹੈ ਉਵੇਂ-ਉਵੇਂ ਕੁੜਨ ਵਧਦੀ ਹੈ। ਜਦੋਂ ਜੰਮੇ ਉਦੋਂ ਬੁੱਧੀ ਸੀ ? ਧੰਦੇ ਲਈ ਵਿਚਾਰ ਦੀ ਜ਼ਰੂਰਤ ਹੈ ਪਰ ਜੇ ਉਸ ਤੋਂ ਅੱਗੇ ਗਏ ਤਾਂ ਵਿਗੜ ਜਾਵੇਗਾ। ਧੰਦੇ ਲਈ ਦਸ-ਪੰਦਰਾਂ ਮਿੰਟ ਸੋਚਣਾ ਚਾਹੀਦਾ ਹੈ ਫਿਰ ਉਸ ਤੋਂ ਅੱਗੇ ਵਧੇ ਅਤੇ ਵਿਚਾਰਾਂ ਦੇ ਬਵੰਡਰ ਚੜ੍ਹਨ ਲੱਗਣ ਤਾਂ ਉਹ ਨਾਰਮੈਲਿਟੀ ਤੋਂ ਬਾਹਰ ਗਿਆ ਕਹਾਵੇਗਾ, ਉਦੋਂ ਉਸਨੂੰ ਛੱਡ ਦੇਣਾ। ਧੰਦੇ ਦੇ ਵਿਚਾਰ ਤਾਂ ਆਉਣਗੇ ਹੀ ਪਰ ਉਹਨਾਂ ਵਿਚਾਰਾਂ ਵਿੱਚ ਤਨਮਯਾਕਾਰ ਹੋ ਕੇ ਵਿਚਾਰ ਚੱਲਦੇ ਰਹਿਣ ਤਾਂ ਉਸਦਾ ਧਿਆਨ ਉਤਪੰਨ ਹੋਵੇਗਾ ਅਤੇ ਉਦੋਂ ਚਿੰਤਾ ਹੋਵੇਗੀ। ਇਹ ਚਿੰਤਾ ਭਾਰੀ ਨੁਕਸਾਨ ਕਰਦੀ ਹੈ।

**ਪ੍ਰਸ਼ਨਕਰਤਾ** : ਮਨ ਵਿੱਚ ਤੈਅ ਕਰੀਏ ਕਿ ਆਰਤਧਿਆਨ, ਰੌਦਰਧਿਆਨ ਨਹੀਂ ਕਰਨਾ ਹੈ ਪਰ ਦੁਕਾਨ ਘਾਟੇ ਵਿੱਚ ਹੀ ਚੱਲਦੀ ਹੈ ਤਾਂ ਫਿਰ ਕਰਨਾ ਪਏਗਾ ਨਾ, ਕੀ ਕਰੀਏ ?

**ਦਾਦਾਸ਼੍ਰੀ** : ਓਏ ਦੁਕਾਨ ਘਾਟੇ ਵਿੱਚ ਚੱਲਦੀ ਹੈ, ਕੀ ਤੂੰ ਘਾਟੇ ਵਿੱਚ ਚੱਲਦਾ ਹੈਂ ? ਘਾਟੇ ਵਿੱਚ ਤਾਂ ਦੁਕਾਨ ਚੱਲਦੀ ਹੈ। ਦੁਕਾਨ ਦਾ ਤਾਂ ਸੁਭਾਅ ਹੀ ਹੈ ਕਿ ਘਾਟੇ ਵਿੱਚ ਵੀ ਚੱਲੇ ਅਤੇ ਫਿਰ ਮੁਨਾਫ਼ਾ ਵੀ ਕਰਵਾਏ। ਅਰਥਾਤ ਉਹ ਘਾਟਾ ਅਤੇ ਮੁਨਾਫ਼ਾ ਦੋਵੇਂ ਦਿਖਾਉਂਦੀ ਰਹੇਗੀ!

ਅਸੀਂ (ਦਾਦਾਜੀ) ਧੰਦਾ ਕਰਨ ਤੋਂ ਪਹਿਲਾਂ ਕੀ ਕਰਦੇ ਹਾਂ ? ਸਟੀਮਰ ਸਮੁੰਦਰ ਵਿੱਚ ਛੱਡਣ ਤੋਂ ਪਹਿਲਾਂ ਮਹਾਰਾਜ ਕੋਲੋਂ ਸਾਰੀ ਪੂਜਾ ਕਰਵਾਉਂਦੇ ਹਾਂ, ਸਤਯਨਾਰਾਇਣ ਦੀ ਕਥਾ ਹੋਰ ਸਾਰੀਆਂ ਵਿਧੀਆਂ ਕਰਵਾਉਂਦੇ ਹਾਂ। ਕਦੇ-ਕਦੇ ਸਟੀਮਰ ਦਾ ਪੂਜਨ ਵੀ ਕਰਦੇ ਹਾਂ, ਫਿਰ ਉਸ ਸਟੀਮਰ ਦੇ ਕੰਨ ਵਿੱਚ ਅਸੀਂ ਕਹਿ ਦਿੰਦੇ ਹਾਂ ਕਿ, 'ਤੈਨੂੰ ਜਦੋਂ ਡੁੱਬਣਾ ਹੋਵੇ ਉਦੋਂ ਡੁੱਬ ਜਾਵੀਂ, ਸਾਡੀ ਇੱਛਾ ਨਹੀਂ ਹੈ! ਇਹੋ ਜਿਹੀ ਸਾਡੀ ਇੱਛਾ ਨਹੀਂ ਹੈ!!' ਇਸ ਤਰ੍ਹਾਂ 'ਨਾ' ਕਹਿ ਦਿੰਦੇ ਹਾਂ ਅਤੇ ਫਿਰ ਨਿਃਸਪ੍ਰਹਿ ਹੋ ਜਾਂਦੇ ਹਾਂ, ਤਾਂ ਫਿਰ ਉਹ ਚਾਹੇ ਡੁੱਬ ਜਾਵੇ। ਸਾਡੀ ਇੱਛਾ ਨਹੀਂ ਹੈ, ਇੰਝ ਕਿਹਾ ਯਾਨੀ ਉਹ ਸ਼ਕਤੀ ਕੰਮ ਕਰਦੀ ਹੈ। ਅਤੇ ਜੇ ਅਸਲ ਵਿੱਚ ਡੁੱਬ ਗਈ

ਤਾਂ ਅਸੀਂ ਸਮਝਾਂਗੇ ਕਿ ਉਸ ਨੂੰ ਕੰਨ ਵਿੱਚ ਕਿਹਾ ਹੀ ਸੀ। ਕੀ ਅਸੀਂ ਨਹੀਂ ਕਿਹਾ ਸੀ ? ਅਰਥਾਤ ਐਡਜਸਟਮੈਂਟ ਸਥਾਪਿਤ ਕਰੀਏ ਤਾਂ ਪਾਰ ਉੱਤਰ ਸਕਦੇ ਹਾਂ ਇਸ ਸੰਸਾਰ ਵਿੱਚੋਂ।

ਮਨ ਦਾ ਸੁਭਾਅ ਇਹੋ ਜਿਹਾ ਹੈ ਕਿ ਉਸ ਦੀ ਧਾਰਨਾ ਦੇ ਅਨੁਸਾਰ ਨਾ ਹੋਣ ਤੇ ਨਿਰਾਸ਼ ਹੋ ਜਾਂਦਾ ਹੈ। ਅਜਿਹਾ ਨਾ ਹੋਵੇ ਇਸ ਲਈ ਇਸ ਤਰ੍ਹਾਂ ਰਸਤੇ ਕੱਢਣੇ ਚਾਹੀਦੇ ਹਨ। ਫਿਰ ਛੇ ਮਹੀਨੇ ਬਾਅਦ ਡੁੱਬੇ ਜਾਂ ਫਿਰ ਦੋ ਸਾਲ ਬਾਅਦ, ਪਰ ਉਦੋਂ ਅਸੀਂ 'ਐਡਜਸਟਮੈਂਟ' ਲੈ ਲੈਂਦੇ ਹਾਂ ਕਿ ਛੇ ਮਹੀਨੇ ਤਾਂ ਚੱਲਿਆ। ਵਪਾਰ ਯਾਨੀ ਇਸ ਪਾਰ ਜਾਂ ਉਸ ਪਾਰ। ਆਸ਼ਾ ਦੇ ਮਹਿਲ ਨਿਰਾਸ਼ਾ ਲਿਆਏ ਬਗੈਰ ਨਹੀਂ ਰਹਿੰਦੇ। ਸੰਸਾਰ ਵਿੱਚ ਵੀਤਰਾਗ ਰਹਿਣਾ ਬਹੁਤ ਮੁਸ਼ਕਿਲ ਹੈ। ਉਹ ਤਾਂ ਸਾਡੀ (ਦਾਦਾਸ਼੍ਰੀ ਦੀ) ਗਿਆਨ ਕਲਾ ਅਤੇ ਬੁੱਧੀ ਕਲਾ, ਦੋਵੇਂ ਜ਼ਬਰਦਸਤ ਹੋਣ ਕਾਰਨ ਅਸੀਂ ਵੀਤਰਾਗ ਰਹਿ ਸਕੇ ਹਾਂ।

ਪਹਿਲਾਂ ਇੱਕ ਵਾਰੀ, ਗਿਆਨ ਹੋਣ ਤੋਂ ਪਹਿਲਾਂ ਸਾਡੀ ਕੰਪਨੀ ਨੂੰ ਘਾਟਾ ਹੋਇਆ ਸੀ। ਉਦੋਂ ਸਾਨੂੰ ਸਾਰੀ ਰਾਤ ਨੀਂਦ ਨਹੀਂ ਆਈ ਅਤੇ ਚਿੰਤਾ ਹੁੰਦੀ ਰਹੀ। ਉਦੋਂ ਅੰਦਰੋਂ ਜਵਾਬ ਆਇਆ ਕਿ ਇਸ ਘਾਟੇ ਦੀ ਚਿੰਤਾ ਕੌਣ-ਕੌਣ ਕਰਦਾ ਹੋਵੇਗਾ ? ਮੈਨੂੰ ਲੱਗਿਆ ਕਿ ਮੇਰੇ ਹਿੱਸੇਦਾਰ ਤਾਂ ਸ਼ਾਇਦ ਚਿੰਤਾ ਨਾ ਵੀ ਕਰ ਰਹੇ ਹੋਣ। ਮੈਂ ਇਕੱਲਾ ਹੀ ਕਰਦਾ ਹੋਵਾਂਗਾ। ਅਤੇ ਬੀਵੀ-ਬੱਚੇ ਸਭ ਹਿੱਸੇਦਾਰ ਹਨ ਪਰ ਉਹ ਤਾਂ ਕੁੱਝ ਜਾਣਦੇ ਹੀ ਨਹੀਂ। ਹੁਣ ਉਹ ਲੋਕ ਵਪਾਰ (ਧੰਦੇ) ਬਾਰੇ ਕੁੱਝ ਨਹੀਂ ਜਾਣਦੇ ਫਿਰ ਵੀ ਉਹਨਾਂ ਦਾ ਸੰਸਾਰ ਚੱਲਦਾ ਹੈ, ਤਾਂ ਮੈਂ ਇਕੱਲਾ ਹੀ ਘੱਟ ਅਕਲ ਵਾਲਾ ਹਾਂ, ਜੋ ਸਾਰੀ ਚਿੰਤਾ ਲੈ ਕੇ ਬੈਠਾ ਹਾਂ! ਫਿਰ ਮੈਨੂੰ ਅਕਲ ਆ ਗਈ।

ਤੁਸੀਂ ਇੱਕ ਹੀ ਪੱਖ ਵਿੱਚ ਪਏ ਹੋਏ ਹੋ ? ਜਿਸ ਵਿੱਚ ਲੋਕ ਪਏ ਹਨ, ਤੁਸੀਂ ਵੀ ਉਸ ਵਿੱਚ ਪਏ ਹੋ ? ਮੁਨਾਫ਼ੇ ਦੇ ਪੱਖ ਵਿੱਚ। ਤੁਸੀਂ ਲੋਕਾਂ ਤੋਂ ਵਿਰੁੱਧ ਚੱਲੋ। ਲੋਕ ਮੁਨਾਫ਼ਾ ਚਾਹੁੰਦੇ ਹਨ ਤਾਂ ਤੁਸੀ ਕਹੋ ਕਿ 'ਘਾਟਾ ਹੋਵੇ' ਅਤੇ ਘਾਟੇ ਦੀ ਲਾਲਸਾ ਰੱਖਣ ਵਾਲੇ ਨੂੰ ਕਦੇ ਚਿੰਤਾ ਨਹੀਂ ਹੁੰਦੀ। ਮੁਨਾਫ਼ਾ ਖੋਜਣ ਵਾਲਾ ਹਮੇਸ਼ਾ ਚਿੰਤਾ ਵਿੱਚ ਰਹੇਗਾ ਅਤੇ ਘਾਟਾ ਖੋਜਣ ਵਾਲੇ ਨੂੰ ਕਦੇ ਚਿੰਤਾ ਹੋਵੇਗੀ ਹੀ ਨਹੀਂ, ਉਸ ਦੀ ਅਸੀਂ ਗਰੰਟੀ ਦਿੰਦੇ ਹਾਂ। ਸਾਡੀ ਗੱਲ ਸਮਝੇ ?

ਧੰਦਾ ਸ਼ੁਰੂ ਕਰਦੇ ਹੀ ਲੋਕ ਕੀ ਕਹਿੰਦੇ ਹਨ ? ਇਸ ਕੰਮ ਵਿੱਚ ਚੌਵੀ ਹਜ਼ਾਰ ਤਾਂ ਜ਼ਰੂਰ ਮਿਲਣਗੇ!! ਹੁਣ ਜਦੋਂ ਫੋਰਕਾਸਟ (ਆਗਾਹੀ) ਕਰਦਾ ਹੈ, ਉਦੋਂ ਬਦਲਦੇ ਸੰਜੋਗ ਲਕਸ਼ ਵਿੱਚ ਲਏ ਬਗੈਰ ਐਵੇਂ ਹੀ ਫੋਰਕਾਸਟ ਕਰਦਾ ਹੈ।

ਅਸੀਂ ਵੀ ਸਾਰੀ ਜ਼ਿੰਦਗੀ ਕਾਨਟ੍ਰੈਕਟ ਵਿੱਚ ਗੁਜ਼ਾਰੀ ਹੈ, ਸਭ ਤਰ੍ਹਾਂ ਦੇ ਕਾਨਟ੍ਰੈਕਟ ਕੀਤੇ ਹਨ ਅਤੇ ਸਮੁੰਦਰ ਵਿੱਚ ਜੇਟੀਆਂ ਵੀ ਬਣਾਈਆਂ ਹਨ। ਹੁਣ ਉਦੋਂ, ਧੰਦੇ ਦੀ ਸ਼ੁਰੂਆਤ ਵਿੱਚ ਮੈਂ ਕੀ ਕਰਦਾ ਸੀ ? ਜਿੱਥੇ ਪੰਜ ਲੱਖ ਦਾ ਮੁਨਾਫ਼ਾ ਹੋਣ ਵਾਲਾ ਹੋਵੇ ਉੱਥੇ ਧਾਰਨਾ ਕਰਦਾ ਸੀ ਕਿ ਇੱਕ-ਅੱਧਾ ਲੱਖ ਮਿਲੇ ਤਾਂ ਬਹੁਤ ਹੈ। ਜੇ ਬਿਨਾਂ ਨਫ਼ਾ-ਨੁਕਸਾਨ, ਇਨਕਮ ਟੈਕਸ ਨਿਕਲੇ ਅਤੇ ਸਾਡਾ ਭੋਜਨ ਖਰਚ ਨਿਕਲੇ ਤਾਂ ਬਹੁਤ ਹੋ ਗਿਆ। ਫਿਰ ਮਿਲਦੇ ਹਨ, ਤਿੰਨ ਲੱਖ। ਉਦੋਂ ਮਨ ਦਾ ਆਨੰਦ ਦੇਖੋ, ਕਿਉਂਕਿ ਧਾਰਨਾ ਤੋਂ ਕਿਤੇ ਜ਼ਿਆਦਾ ਪ੍ਰਾਪਤ ਹੋਏ ਅਤੇ ਇਹ ਤਾਂ ਚਾਲੀ ਹਜ਼ਾਰ ਦੀ ਧਾਰਨਾ ਕੀਤੀ ਹੋਵੇ ਅਤੇ ਵੀਹ ਮਿਲਣ ਤਾਂ ਦੁਖੀ ਹੋ ਜਾਂਦਾ ਹੈ।

ਵਪਾਰ (ਧੰਦੇ) ਦੇ ਦੋ ਲੜਕੇ ਹਨ, ਇੱਕ ਦਾ ਨਾਮ ਘਾਟਾ ਅਤੇ ਦੂਸਰੇ ਦਾ ਨਾਮ ਮੁਨਾਫ਼ਾ। ਘਾਟੇ ਨਾਮਕ ਬੇਟੇ ਨੂੰ ਕੋਈ ਪਸੰਦ ਨਹੀਂ ਕਰਦਾ, ਪਰ ਦੋਵੇਂ ਹੋਣਗੇ ਹੀ। ਇਹ ਜਮਾਂਦਰੂ ਹੁੰਦੇ ਹਨ। ਵਪਾਰ ਵਿੱਚ ਨੁਕਸਾਨ ਹੋ ਰਿਹਾ ਹੋਵੇ ਤਾਂ ਉਹ ਰਾਤ ਨੂੰ ਹੁੰਦਾ ਹੈ ਕਿ ਦਿਨ ਵਿੱਚ ?

ਅਸੀਂ ਮਿਹਨਤ ਕਰਦੇ ਸਮੇਂ ਚਾਰੇ ਪਾਸੇ ਧਿਆਨ ਰੱਖੀਏ, ਫਿਰ ਵੀ ਜੇ ਕੁੱਝ ਹਾਸਿਲ ਨਾ ਹੋਵੇ ਤਾਂ ਸਮਝ ਲੈਣਾ ਕਿ ਸਾਡੇ ਸੰਜੋਗ ਸਿੱਧੇ ਨਹੀਂ ਹਨ। ਹੁਣ ਉੱਥੇ ਜ਼ਿਆਦਾ ਜ਼ੋਰ ਲਗਾਈਏ ਤਾਂ ਉਲਟਾ ਘਾਟਾ ਹੋਵੇਗਾ। ਉਸ ਦੇ ਬਜਾਏ ਸਾਨੂੰ ਆਤਮਾ ਸਬੰਧੀ ਕੁੱਝ ਕਰ ਲੈਣਾ ਚਾਹੀਦਾ ਹੈ। ਪਿਛਲੇ ਜਨਮ ਵਿੱਚ ਇਹ ਨਹੀਂ ਕੀਤਾ, ਇਸ ਲਈ ਤਾਂ ਇਹ ਝੰਜਟ ਹੋਈ। ਜਿਸ ਨੂੰ ਸਾਡਾ ਗਿਆਨ ਮਿਲਿਆ ਹੋਵੇ ਉਸ ਦੀ ਤਾਂ ਗੱਲ ਹੀ ਨਿਰਾਲੀ ਹੈ, ਪਰ ਜੇਕਰ ਸਾਡਾ ਗਿਆਨ ਨਾ ਮਿਲਿਆ ਹੋਵੇ ਤਾਂ ਵੀ ਕਈ ਲੋਕ ਭਗਵਾਨ ਦੇ ਭਰੋਸੇ ਛੱਡ ਦਿੰਦੇ ਹਨ ਨਾ! ਉਹਨਾਂ ਨੂੰ ਕੀ ਕਰਨਾ ਪੈਂਦਾ ਹੈ ? 'ਭਗਵਾਨ ਜੋ ਕਰੇ ਉਹ ਸਹੀ' ਕਹਿੰਦੇ ਹਨ ਨਾ ? ਅਤੇ ਬੁੱਧੀ ਨਾਲ ਨਾਪਣ ਜਾਈਏ ਤਾਂ ਕਦੇ ਤੋਲ ਮਿਲ ਸਕੇ, ਇੰਝ ਨਹੀਂ ਹੈ।

ਜਦੋਂ ਸੰਜੋਗ ਚੰਗੇ ਨਾ ਹੋਣ, ਉਦੋਂ ਲੋਕ ਕਮਾਉਣ ਨਿਕਲਦੇ ਹਨ। ਉਦੋਂ ਤਾਂ ਭਗਤੀ ਕਰਨੀ ਚਾਹੀਦੀ ਹੈ। ਸੰਜੋਗ ਚੰਗੇ ਨਾ ਹੋਣ, ਉਦੋਂ ਕੀ ਕਰਨਾ ਚਾਹੀਦਾ ਹੈ ? ਆਤਮਾ ਸਬੰਧੀ ਸਤਿਸੰਗ ਆਦਿ ਕਰਦੇ ਰਹੋ। ਸਬਜ਼ੀ ਨਾ ਹੋਵੇ ਤਾਂ ਨਾ ਸਹੀ, ਖਿਚੜੀ ਜਿੰਨਾ ਤਾਂ ਹੋਵੇਗਾ ਨਾ! ਆਪਣਾ ਯੋਗ ਹੋਵੇ ਤਾਂ ਕਮਾਏਗਾ, ਵਰਨਾ ਮੁਨਾਫ਼ੇ ਵਾਲੇ ਬਾਜ਼ਾਰ ਵਿੱਚ ਵੀ ਘਾਟਾ ਚੁੱਕੇ ਅਤੇ ਜੇ ਯੋਗ ਹੋਵੇ ਤਾਂ ਘਾਟੇ ਵਾਲੇ ਬਾਜ਼ਾਰ ਵਿੱਚ ਵੀ ਮੁਨਾਫ਼ਾ ਕਮਾਵੇ। ਸਭ ਯੋਗ ਦੀ ਗੱਲ ਹੈ।

ਘਾਟਾ ਜਾਂ ਮੁਨਾਫ਼ਾ, ਕੁੱਝ ਵੀ ਆਪਣੇ ਵਸ ਦੀ ਗੱਲ ਨਹੀਂ ਹੈ, ਇਸ ਲਈ ਨੈਚਰਲ ਐਡਜਸਟਮੈਂਟ ਦੇ ਆਧਾਰ 'ਤੇ ਚੱਲੋ। ਦਸ ਲੱਖ ਕਮਾਉਣ ਤੋਂ ਬਾਅਦ ਇਕਦਮ ਪੰਜ ਲੱਖ ਦਾ ਘਾਟਾ ਹੋਵੇ ਤਾਂ ? ਇਹ ਤਾਂ ਲੱਖ ਦਾ ਘਾਟਾ ਵੀ ਨਹੀਂ ਸਹਿ ਸਕਦੇ ਨਾ! ਫਿਰ ਸਾਰਾ ਦਿਨ ਰੋਣਾ-ਧੋਣਾ ਅਤੇ ਚਿੰਤਾ ਕਰਦੇ ਰਹਿੰਦੇ ਹਨ! ਓਏ, ਪਾਗਲ ਵੀ ਹੋ ਜਾਂਦੇ ਹਨ! ਹੁਣ ਤੱਕ ਇਸ ਤਰ੍ਹਾਂ ਪਾਗਲ ਹੋਏ ਮੈਂ ਕਈ ਦੇਖੇ ਹਨ।

**ਪ੍ਰਸ਼ਨਕਰਤਾ** : ਦੁਕਾਨ 'ਤੇ ਗਾਹਕ ਆਉਣ ਇਸ ਲਈ ਮੈਂ ਦੁਕਾਨ ਜਲਦੀ ਖੋਲ੍ਹਦਾ ਹਾਂ ਅਤੇ ਦੇਰੀ ਨਾਲ ਬੰਦ ਕਰਦਾ ਹਾਂ, ਕੀ ਇਹ ਠੀਕ ਹੈ ?

**ਦਾਦਾਸ਼੍ਰੀ** : ਤੁਸੀਂ ਗਾਹਕ ਨੂੰ ਆਕਰਸ਼ਿਤ ਕਰਨ ਵਾਲੇ ਕੌਣ ? ਹੋਰ ਲੋਕ ਜਦੋਂ ਖੋਲ੍ਹਦੇ ਹੋਣ ਉਦੋਂ ਤੁਸੀਂ ਵੀ ਦੁਕਾਨ ਖੋਲ੍ਹਣਾ। ਲੋਕ ਸੱਤ ਵਜੇ ਖੋਲ੍ਹਦੇ ਹੋਣ ਅਤੇ ਅਸੀਂ ਸਾਢੇ ਨੌਂ ਵਜੇ ਖੋਲ੍ਹੀਏ ਤਾਂ ਇਹ ਗਲਤ ਕਹਾਵੇਗਾ। ਲੋਕ ਜਦੋਂ ਬੰਦ ਕਰਨ ਉਦੋਂ ਤੁਸੀਂ ਵੀ ਬੰਦ ਕਰਕੇ ਘਰ ਚਲੇ ਜਾਣਾ। ਵਿਹਾਰ ਕੀ ਕਹਿੰਦਾ ਹੈ ਕਿ ਲੋਕ ਕੀ ਕਰਦੇ ਹਨ ਇਹ ਦੇਖੋ। ਲੋਕ ਸੌਂ ਜਾਣ ਤਾਂ ਤੁਸੀਂ ਵੀ ਸੌਂ ਜਾਣਾ। ਰਾਤ ਨੂੰ ਦੋ ਵਜੇ ਤੱਕ ਰੌਲ਼ਾ ਪਾਉਂਦੇ ਰਹੀਏ ਉਹ ਕਿਸ ਕੰਮ ਦਾ ? ਭੋਜਨ ਖਾਣ ਤੋਂ ਬਾਅਦ ਕੀ ਇੰਝ ਵਿਚਾਰ ਕਰਦੇ ਹੋ ਕਿ ਇਹ ਕਿਵੇਂ ਪਚੇਗਾ ? ਉਸ ਦਾ ਪਰਿਣਾਮ ਤਾਂ ਸਵੇਰੇ ਨਿਕਲ ਹੀ ਆਵੇਗਾ ਨਾ! ਧੰਦੇ ਵਿੱਚ ਵੀ ਸਭ ਇੰਝ ਹੀ ਹੈ।

ਖਾਂਦੇ-ਪੀਂਦੇ ਸਮੇਂ ਚਿਤ ਕਾਰਖਾਨੇ ਵਿੱਚ ਨਾ ਜਾਂਦਾ ਹੋਵੇ ਤਾਂ ਕਾਰਖਾਨਾ ਠੀਕ ਹੈ, ਪਰ ਖਾਂਦੇ-ਪੀਂਦੇ ਸਮੇਂ ਚਿਤ ਕਾਰਖਾਨੇ ਵਿੱਚ ਰਹਿੰਦਾ ਹੋਵੇ ਤਾਂ ਦਫ਼ਾ ਕਰ ਉਸ ਕਾਰਖਾਨੇ ਨੂੰ, ਕੀ ਕਰਨਾ ਹੈ ਉਸਦਾ ? ਜੋ ਸਾਡੇ ਹਾਰਟ ਫੇਲ੍ਹ ਦਾ ਇੰਤਜ਼ਾਮ ਕਰਵਾਉਂਦਾ ਹੈ ਉਹ ਕਾਰਖਾਨਾ, ਉਹ ਸਾਡਾ ਕੰਮ ਨਹੀਂ ਹੈ। ਅਰਥਾਤ ਨਾਰਮੈਲਿਟੀ ਸਮਝਣੀ ਪਵੇਗੀ। ਫਿਰ ਉੱਪਰੋਂ ਤਿੰਨ-ਤਿੰਨ ਸ਼ਿਫ਼ਟਾਂ ਚਲਾਉਂਦਾ ਹੈ। ਕੀ ਇਹ ਠੀਕ ਹੈ ? ਨਵੀਂ ਵਹੁਟੀ ਵਿਆਹ ਕੇ ਲਿਆਇਆ ਹੈ, ਇਸ ਲਈ ਵਹੁਟੀ ਦੇ ਮਨ ਦਾ ਸਮਾਧਾਨ ਰੱਖਣਾ ਚਾਹੀਦਾ ਹੈ ਨਾ ? ਘਰ ਜਾਣ 'ਤੇ ਵਹੁਟੀ ਫ਼ਰਿਆਦ ਕਰੇ ਕਿ, 'ਤੁਸੀਂ ਤਾਂ ਮੈਨੂੰ ਮਿਲਦੇ ਵੀ ਨਹੀਂ ਹੋ, ਗੱਲਬਾਤ ਵੀ ਨਹੀਂ ਕਰਦੇ!' ਇਹ ਠੀਕ ਨਹੀਂ ਕਹਾਉਂਦਾ ਨਾ! ਸੰਸਾਰ ਵਿੱਚ ਠੀਕ ਲੱਗੇ ਇੰਝ ਹੋਣਾ ਚਾਹੀਦਾ ਹੈ।

ਘਰ ਵਿੱਚ ਫਾਦਰ ਦੇ ਨਾਲ ਅਤੇ ਹੋਰਾਂ ਨਾਲ ਧੰਦੇ ਦੇ ਬਾਰੇ ਮਤਭੇਦ ਨਾ ਹੋਵੇ ਇਸ ਲਈ ਤੁਸੀਂ ਉਹਨਾਂ ਦੀ ਹਾਂ ਵਿੱਚ ਹਾਂ ਮਿਲਾਉਣਾ, ਕਹਿਣਾ ਕਿ 'ਜੋ ਚੱਲ ਰਿਹਾ ਹੈ ਉਸਨੂੰ ਚੱਲਣ ਦਿਓ।' ਪਰ ਘਰ ਦੇ ਸਾਰੇ ਮੈਂਬਰਾਂ ਨੂੰ ਕੋਲ ਬਿਠਾ ਕੇ, ਇਹੋ ਜਿਹਾ ਕੁੱਝ ਤੈਅ ਕਰਨਾ ਚਾਹੀਦਾ ਹੈ ਕਿ ਇੰਨੀ ਰਕਮ ਜਮ੍ਹਾਂ ਕਰਨ ਤੋਂ ਬਾਅਦ ਸਾਨੂੰ ਹੋਰ ਜ਼ਿਆਦਾ ਨਹੀਂ ਚਾਹੀਦਾ। ਇਸ ਤਰ੍ਹਾਂ ਤੈਅ ਕਰਨਾ ਚਾਹੀਦਾ ਹੈ।

**ਪ੍ਰਸ਼ਨਕਰਤਾ** : ਇਸ ਨਾਲ ਕੋਈ 'ਐਗਰੀ' (ਸਹਿਮਤ) ਨਹੀਂ ਹੋਵੇਗਾ, ਦਾਦਾਸ਼੍ਰੀ।

**ਦਾਦਾਸ਼੍ਰੀ** : ਫਿਰ ਉਹ ਕੰਮ ਦਾ ਨਹੀਂ। ਸਭ ਨੂੰ ਤੈਅ ਕਰਨਾ ਚਾਹੀਦਾ ਹੈ। ਜੇ ਉਹ ਦੋ ਸੌ ਸਾਲ ਦੀ ਉਮਰ ਦਾ ਐਕਸਟੈਂਸ਼ਨ ਲੈ ਆਉਣਗੇ ਤਾਂ ਅਸੀਂ ਚਾਰ ਸ਼ਿਫਟਾਂ ਚਲਾਈਏ!!

**ਪ੍ਰਸ਼ਨਕਰਤਾ** : ਹੁਣ ਧੰਦਾ ਕਿੰਨਾ ਵਧਾਉਣਾ ਚਾਹੀਦਾ ਹੈ ?

**ਦਾਦਾਸ਼੍ਰੀ** : ਧੰਦਾ ਓਨਾ ਵਧਾਓ ਕਿ ਚੈਨ ਨਾਲ ਨੀਂਦ ਆ ਜਾਵੇ, ਅਸੀਂ ਜਦੋਂ ਬੰਦ ਕਰਨਾ ਚਾਹੀਏ ਉਦੋਂ ਬੰਦ ਕਰ ਸਕੀਏ ਇਸ ਤਰ੍ਹਾਂ ਹੋਣਾ ਚਾਹੀਦਾ ਹੈ। ਧੰਦਾ ਵਧਾ-ਵਧਾ ਕੇ ਮੁਸੀਬਤਾਂ ਨੂੰ ਸੱਦਾ ਨਹੀਂ ਦੇਣਾ ਹੈ।

ਇੱਕ ਗਾਹਕ ਅਤੇ ਵਪਾਰੀ ਵਿੱਚ ਸਬੰਧ ਤਾਂ ਹੋਵੇਗਾ ਹੀ ਨਾ ? ਜੇ ਵਪਾਰੀ ਦੁਕਾਨ ਬੰਦ ਕਰ ਦੇਵੇ ਤਾਂ ਕੀ ਉਹ ਸਬੰਧ ਛੁੱਟ ਜਾਵੇਗਾ ? ਨਹੀਂ ਛੁੱਟੇਗਾ। ਗਾਹਕ ਤਾਂ ਯਾਦ ਕਰੇਗਾ ਕਿ, 'ਇਸ ਵਪਾਰੀ ਨੇ ਮੇਰੇ ਨਾਲ ਇੰਝ ਕੀਤਾ ਸੀ, ਇਹੋ ਜਿਹਾ ਖਰਾਬ ਮਾਲ ਦਿੱਤਾ ਸੀ।' ਲੋਕ ਤਾਂ ਵੈਰ ਯਾਦ ਰੱਖਦੇ ਹਨ, ਤਾਂ ਫਿਰ ਚਾਹੇ ਇਸ ਜਨਮ ਵਿੱਚ ਤੁਸੀਂ ਦੁਕਾਨ ਬੰਦ ਕਰ ਦਿੱਤੀ ਹੋਵੇ ਪਰ ਅਗਲੇ ਜਨਮ ਵਿੱਚ ਉਹ ਤੁਹਾਨੂੰ ਛੱਡੇਗਾ ਨਹੀਂ। ਵੈਰ ਵਸੂਲੇ ਬਿਨਾਂ ਚੈਨ ਨਹੀਂ ਲਏਗਾ। ਇਸ ਲਈ ਭਗਵਾਨ ਨੇ ਕਿਹਾ ਸੀ ਕਿ 'ਕਿਸੇ ਵੀ ਤਰ੍ਹਾਂ ਵੈਰ ਛੱਡੋ।' ਮੇਰੇ ਇੱਕ ਪਹਿਚਾਣ ਵਾਲੇ ਮੇਰੇ ਤੋਂ ਪੈਸੇ ਉਧਾਰ ਲੈ ਗਏ ਸਨ, ਫਿਰ ਮੋੜਨ ਹੀ ਨਹੀਂ ਆਏ। ਤਾਂ ਅਸੀਂ ਸਮਝ ਗਏ ਕਿ ਇਸ ਦਾ ਕਾਰਨ, (ਪਿਛਲਾ) ਵੈਰ ਹੈ। ਇਸ ਲਈ ਬੇਸ਼ੱਕ ਲੈ ਗਿਆ, ਉੱਪਰੋਂ ਮੈਂ ਉਸਨੂੰ ਕਿਹਾ ਕਿ 'ਤੂੰ ਹੁਣ ਸਾਡੇ ਰੁਪਏ ਨਾ ਮੋੜੀਂ, ਤੈਨੂੰ ਮਾਫ਼ ਹੈ।' ਇੰਝ ਆਪਣਾ ਹੱਕ ਛੱਡ ਕੇ ਵੀ ਜੇ ਵੈਰ ਛੁੱਟਦਾ ਹੋਵੇ ਤਾਂ ਛੁਡਾਵੋ। ਕਿਸੇ ਵੀ ਤਰ੍ਹਾਂ ਵੈਰ ਛੱਡੋ, ਵਰਨਾ ਕਿਸੇ ਇੱਕ ਦੇ ਨਾਲ ਬੰਨ੍ਹਿਆ ਵੈਰ ਵੀ ਸਾਨੂੰ ਭਟਕਾਵੇਗਾ।

ਲੱਖ-ਲੱਖ ਰੁਪਏ ਜਾਣ ਤਾਂ ਅਸੀਂ (ਦਾਦਾਜੀ) ਜਾਣ ਦੇਵਾਂਗੇ, ਕਿਉਂਕਿ ਰੁਪਏ ਜਾਣ ਵਾਲੇ ਹਨ ਅਤੇ ਅਸੀਂ ਰਹਿਣ ਵਾਲੇ ਹਾਂ। ਕੁੱਝ ਵੀ ਹੋਵੇ ਪਰ ਅਸੀਂ ਕਸ਼ਾਏ ਨਹੀਂ ਹੋਣ ਦੇਵਾਂਗੇ। ਲੱਖ ਰੁਪਏ ਗਏ ਤਾਂ ਉਸ ਵਿੱਚ ਕੀ ਹੋਇਆ ? ਅਸੀਂ ਖੁਦ ਤਾਂ ਸਲਾਮਤ ਹਾਂ!

ਇਹਨਾਂ ਸਭ ਗੱਲਾਂ ਨੂੰ ਅਲੱਗ-ਅਲੱਗ ਰੱਖਣਾ। ਧੰਦੇ ਵਿੱਚ ਘਾਟਾ ਹੋਵੇ ਤਾਂ ਕਹੋ ਕਿ ਧੰਦੇ ਨੂੰ ਘਾਟਾ ਹੋਇਆ ਹੈ, ਕਿਉਂਕਿ ਅਸੀਂ (ਖੁਦ) ਘਾਟੇ-ਮੁਨਾਫ਼ੇ ਦੇ

ਮਾਲਕ ਨਹੀਂ ਹਾਂ, ਇਸ ਲਈ ਘਾਟਾ ਅਸੀਂ ਆਪਣੇ ਸਿਰ ਕਿਉਂ ਲਈਏ ? ਸਾਨੂੰ ਘਾਟਾ-ਮੁਨਾਫ਼ਾ ਸਪਰਸ਼ ਨਹੀਂ ਕਰਦਾ। ਜੇ ਘਾਟਾ ਹੋਇਆ ਅਤੇ ਇਨਕਮ ਟੈਕਸ ਵਾਲਾ ਆਵੇ ਤਾਂ ਧੰਦੇ ਨੂੰ ਕਹਿਣਾ ਹੈ ਕਿ, 'ਹੇ ਧੰਦੇ, ਤੂੰ ਚੁਕਤਾ ਕਰਨਾ ਹੈ, ਤੇਰੇ ਕੋਲ ਚੁਕਤਾ ਕਰਨ ਲਈ ਹੋਵੇ ਤਾਂ ਇਸ ਨੂੰ ਚੁਕਤਾ ਕਰ ਦੇ।'

ਸਾਡੇ ਤੋਂ (ਦਾਦਾਜੀ ਤੋਂ) ਕੋਈ ਇੰਝ ਪੁੱਛੇ, 'ਕੀ ਇਸ ਸਾਲ ਘਾਟੇ ਵਿੱਚ ਰਹੇ ਹੋ ?' ਤਾਂ ਅਸੀਂ ਕਹਿੰਦੇ ਹਾਂ ਕਿ, 'ਨਹੀਂ ਭਾਈ, ਅਸੀਂ ਘਾਟੇ ਵਿੱਚ ਨਹੀਂ ਹਾਂ, ਵਪਾਰ ਨੂੰ ਘਾਟਾ ਹੋਇਆ ਹੈ।' ਅਤੇ ਮੁਨਾਫ਼ਾ ਹੋਣ 'ਤੇ ਕਹਿੰਦੇ ਹਾਂ ਕਿ, 'ਵਪਾਰ ਨੂੰ ਮੁਨਾਫ਼ਾ ਹੋਇਆ ਹੈ।' ਸਾਨੂੰ ਘਾਟਾ-ਮੁਨਾਫ਼ਾ ਹੁੰਦਾ ਹੀ ਨਹੀਂ।

ਕੋਈ ਸੇਠ ਮੈਨੂੰ ਆਗ੍ਰਹਿ (ਬੇਨਤੀ, ਜ਼ਿੱਦ) ਕਰੇ ਕਿ, 'ਨਹੀਂ, ਤੁਹਾਨੂੰ ਤਾਂ ਪਲੇਨ ਵਿੱਚ ਕਲਕੱਤੇ ਆਉਣਾ ਹੀ ਹੋਵੇਗਾ।' ਮੈਂ 'ਨਹੀਂ, ਨਹੀਂ' ਕਰਦਾ ਰਹਾਂ ਫਿਰ ਵੀ ਆਗ੍ਰਹਿ ਛੱਡਦੇ ਹੀ ਨਹੀਂ। ਤਾਂ ਫਿਰ ਮੈਨੂੰ ਪਲੇਨ ਵਿੱਚ ਕਲਕੱਤੇ ਜਾਣਾ ਪੈਂਦਾ ਹੈ। ਇਸ ਲਈ ਉਸ ਘਾਟੇ-ਵਾਧੇ (ਪਲੇਨ ਦੇ ਕਿਰਾਏ) ਦਾ ਹਿਸਾਬ ਹੀ ਨਹੀਂ ਰੱਖਣਾ ਚਾਹੀਦਾ। ਜਦੋਂ ਵੀ ਕਦੇ ਨੁਕਸਾਨ ਹੋਵੇ, ਇੰਝ ਲੱਗੇ ਤਾਂ ਉਸ ਦਿਨ ਸਾਨੂੰ ਪੰਜ ਰੁਪਏ 'ਅਨਾਮਤ' ਦੇ ਨਾਮ ਜਮ੍ਹਾਂ ਕਰ ਦੇਣੇ ਚਾਹੀਦੇ ਹਨ, ਤਾਂ ਕਿ ਸਾਡੇ ਕੋਲ ਅਨਾਮਤ ਸਿੱਲਕ (ਜਮ੍ਹਾਂ ਪੂੰਜੀ) ਰਹੇ। ਇਹ ਖਾਤੇ ਕੀ ਹਮੇਸ਼ਾ ਲਈ ਹਨ ? ਦੋ, ਚਾਰ ਜਾਂ ਅੱਠ ਸਾਲਾਂ ਦੇ ਬਾਅਦ ਫਾੜ ਨਹੀਂ ਦਿੰਦੇ ? ਜੇਕਰ ਜਾਇਜ਼ ਹੁੰਦਾ ਤਾਂ ਕੋਈ ਫਾੜਦਾ ? ਇਹ ਤਾਂ ਸਾਰੇ ਮਨ ਨੂੰ ਸਮਝਾਉਣ ਦੇ ਸਾਧਨ ਹਨ! ਜਦੋਂ ਕਿਸੇ ਦਿਨ ਸਾਡੇ ਤੋਂ ਡੇਢ ਸੌ ਦਾ ਘਾਟਾ ਹੋਇਆ ਹੋਵੇ ਉਸ ਦਿਨ ਪੰਜ ਸੌ ਅਨਾਮਤ (ਬਚਤ) ਦੇ ਖਾਤੇ ਵਿੱਚ ਜਮ੍ਹਾਂ ਕਰ ਲਈਏ ਤਾਂ ਕਿ ਸਾਢੇ ਤਿੰਨ ਸੌ ਸਿੱਲਕ (ਜਮ੍ਹਾਂ ਪੂੰਜੀ) ਵਿੱਚ ਸਾਡੇ ਕੋਲ ਰਹਿਣਗੇ। ਅਰਥਾਤ ਡੇਢ ਸੌ ਘਾਟੇ ਦੀ ਜਗ੍ਹਾ ਸਾਨੂੰ ਸਾਢੇ ਤਿੰਨ ਸੌ ਦੀ ਸਿੱਲਕ ਨਜ਼ਰ ਆਏਗੀ। ਇੰਝ ਹੈ ਕਿ ਇਹ ਸੰਸਾਰ ਸਾਰਾ ਗੱਪ ਗੁਣਾ ਗੱਪ ਇੱਕ ਸੌ ਚੁਤਾਲ਼ੀ ਹੈ, ਬਾਰਾਂ ਗੁਣਾ ਬਾਰਾਂ ਇੱਕ ਸੌ ਚੁਤਾਲ਼ੀ ਨਹੀਂ ਹੈ ਇਹ। ਬਾਰਾਂ ਗੁਣਾ ਬਾਰਾਂ ਇੱਕ ਸੌ ਚੁਤਾਲੀ ਹੁੰਦਾ ਤਾਂ ਉਹ ਐਗਜ਼ੈਕਟ ਸਿਧਾਂਤ ਕਹਾਉਂਦਾ। ਸੰਸਾਰ ਯਾਨੀ ਗੱਪ ਗੁਣਾ ਗੱਪ ਇੱਕ ਸੌ ਚੁਤਾਲ਼ੀ ਅਤੇ ਮੋਕਸ਼ ਯਾਨੀ ਬਾਰਾਂ ਗੁਣਾ ਬਾਰਾਂ ਇੱਕ ਸੌ ਚੁਤਾਲ਼ੀ।

ਸਮਭਾਵ ਕਿਸ ਨੂੰ ਕਹਿੰਦੇ ਹਨ ? ਸਮਭਾਵ, ਮੁਨਾਫ਼ਾ ਅਤੇ ਘਾਟਾ ਦੋਵਾਂ ਨੂੰ ਇੱਕ ਸਮਾਨ ਕਹਿੰਦਾ ਹੈ। ਸਮਭਾਵ ਯਾਨੀ, ਮੁਨਾਫ਼ੇ ਦੀ ਜਗ੍ਹਾ ਘਾਟਾ ਹੋਵੇ ਤਾਂ ਵੀ ਪਰੇਸ਼ਾਨੀ ਨਹੀਂ, ਮੁਨਾਫ਼ਾ ਹੋਵੇ ਤਾਂ ਵੀ ਹਰਜ਼ ਨਹੀਂ। ਮੁਨਾਫ਼ਾ ਹੋਣ 'ਤੇ

ਉਤੇਜਨਾ ਨਹੀਂ ਹੁੰਦੀ ਅਤੇ ਘਾਟੇ ਵਿੱਚ ਡਿਪ੍ਰੈਸ਼ਨ (ਉਦਾਸੀ) ਨਹੀਂ ਆਉਂਦਾ। ਅਰਥਾਤ ਕੁੱਝ ਅਸਰ ਨਹੀਂ ਆਉਂਦਾ। **ਦਵੰਦਾਤੀਤ** (ਦੁਬਿਧਾ ਤੋਂ ਪਰੇ) ਹੋਏ ਹੁੰਦੇ ਹਨ।

ਮੈਂ ਤਾਂ, ਧੰਦੇ ਵਿੱਚ ਘਾਟਾ ਹੋਇਆ ਹੋਵੇ ਤਾਂ ਵੀ ਲੋਕਾਂ ਨੂੰ ਦੱਸ ਦਿੰਦਾ ਹਾਂ ਅਤੇ ਜੇ ਮੁਨਾਫ਼ਾ ਹੋਇਆ ਹੋਵੇ ਤਾਂ ਵੀ ਲੋਕਾਂ ਨੂੰ ਕਹਿ ਦਿੰਦਾ! ਪਰ ਲੋਕਾਂ ਦੇ ਪੁੱਛਣ ’ਤੇ ਹੀ, ਵਰਨਾ ਆਪਣੇ ਧੰਦੇ ਦੀ ਗੱਲ ਹੀ ਨਹੀਂ ਕਰਦਾ! ਲੋਕ ਪੁੱਛਣ ਕਿ ‘ਤੁਹਾਨੂੰ ਹੁਣ ਘਾਟਾ ਹੋਇਆ ਹੈ ਕੀ ਇਹ ਗੱਲ ਸਹੀ ਹੈ ?’ ਤਾਂ ਕਹਿ ਦਿੰਦਾ ਹਾਂ ਕਿ, ‘ਇਹ ਗੱਲ ਸਹੀ ਹੈ।’ ਇਸ ’ਤੇ ਕਦੇ ਸਾਡੇ ਹਿੱਸੇਦਾਰ ਨੇ ਇਤਰਾਜ਼ ਨਹੀਂ ਕੀਤਾ ਕਿ ‘ਤੁਸੀਂ ਕਿਉਂ ਦੱਸ ਦਿੰਦੇ ਹੋ ?’ ਕਿਉਂਕਿ ਇੰਝ ਕਹਿਣਾ ਤਾਂ ਚੰਗਾ, ਤਾਂ ਕਿ ਲੋਕ ਉਧਾਰ ਦਿੰਦੇ ਹੋਣ ਤਾਂ ਬੰਦ ਹੋ ਜਾਵੇ ਅਤੇ ਆਪਣਾ ਕਰਜ਼ ਵਧਣ ਤੋਂ ਬਚ ਜਾਵੇਗਾ। ਲੋਕ ਤਾਂ ਕੀ ਕਹਿੰਦੇ ਹਨ ? ‘ਇੰਝ ਨਹੀਂ ਕਹਿਣਾ ਚਾਹੀਦਾ, ਵਰਨਾ ਲੋਕ ਉਧਾਰ ਨਹੀਂ ਦੇਣਗੇ।’ ਓਏ, ਕਰਜ਼ ਤਾਂ ਸਾਡਾ ਵਧੇਗਾ ਨਾ, ਇਸ ਲਈ ਘਾਟਾ ਹੋਇਆ ਹੋਵੇ ਤਾਂ ਵੀ ਸਾਫ਼ ਕਹਿ ਦਿਓ ਨਾ, ਕਿ ਭਾਈ ਘਾਟਾ ਹੋਇਆ ਹੈ।

ਘਾਟਾ ਹੋਣ ’ਤੇ ਸਾਹਮਣੇ ਵਾਲੇ ਨੂੰ ਖੁੱਲ੍ਹ ਕੇ ਕਹਿ ਦੇਣਾ ਤਾਂ ਕਿ ਖੁਦ ਹਲਕਾ ਹੋ ਜਾਵੇ। ਵਰਨਾ ਇਕੱਲਾ ਮਨ ਵਿੱਚ ਉਲਝੇ ਰਹਿਣ ’ਤੇ ਬੋਝ ਲੱਗਦਾ ਹੈ।

ਜਿੰਨੀਆਂ ਵੀ ਪਰੇਸ਼ਾਨੀਆਂ ਆਉਣ ਉਹਨਾਂ ਨੂੰ ਨਿਗਲ ਜਾਣਾ। ਗਿਆਨ ਤੋਂ ਪਹਿਲਾਂ ਜਦੋਂ ਅਸੀਂ ਵਪਾਰ ਕਰਦੇ ਸੀ ਉਦੋਂ ਬਹੁਤ ਪਰੇਸ਼ਾਨੀਆਂ ਆਈਆਂ ਸਨ। ਉਸ ਵਿੱਚੋਂ ਪਾਰ ਉੱਤਰੇ ਤਾਂ ਹੀ ਇਹ ਗਿਆਨ ਹੋਇਆ। ਸਾਡੇ ਧੀ-ਪੁੱਤਰ ਅਕਾਲ-ਚਲਾਣਾ ਕਰ ਗਏ ਤਾਂ ਵੀ ਅਸੀਂ ਪੇੜੇ ਵੰਡੇ ਸਨ।

ਧੰਦੇ ਵਿੱਚ ਜਦੋਂ ਬਹੁਤ ਮੁਸ਼ਕਿਲ ਆ ਜਾਂਦੀ, ਉਦੋਂ ਤਾਂ ਅਸੀਂ ਇਸਦੇ ਬਾਰੇ ਵਿੱਚ ਕਿਸੇ ਨਾਲ ਗੱਲ ਹੀ ਨਹੀਂ ਕਰਦੇ ਸੀ। ਹੀਰਾ ਬਾ ਨੂੰ ਜਦੋਂ ਬਾਹਰ ਤੋਂ ਪਤਾ ਚੱਲਦਾ ਕਿ ਧੰਦੇ ਵਿੱਚ ਮੁਸ਼ਕਿਲ ਹੈ। ਜਦੋਂ ਉਹ ਸਾਡੇ ਤੋਂ ਪੁੱਛਦੇ ਕਿ, ‘ਕੀ ਘਾਟਾ ਹੋਇਆ ਹੈ ?’ ਓਦੋਂ ਅਸੀਂ ਕਹਿੰਦੇ ਕਿ ‘ਨਹੀਂ, ਨਹੀਂ। ਇਹ ਲਓ ਰੁਪਏ, ਪੈਸੇ ਆਏ ਹਨ, ਤੁਹਾਨੂੰ ਚਾਹੀਦੇ ਹਨ ?’ ਓਦੋਂ ਹੀਰਾ ਬਾ ਕਹਿੰਦੇ ਕਿ, ‘ਲੋਕ ਤਾਂ ਕਹਿ ਰਹੇ ਹਨ ਕਿ ਘਾਟਾ ਹੋਇਆ ਹੈ।’ ਓਦੋਂ ਮੈਂ ਕਹਿੰਦਾ ਕਿ, ‘ਅਜਿਹਾ ਨਹੀਂ ਹੈ, ਅਸੀਂ ਤਾਂ ਜ਼ਿਆਦਾ ਕਮਾਏ ਹਨ। ਪਰ ਇਹ ਗੱਲ ਗੁਪਤ ਰੱਖਣਾ।’

ਸਾਡੇ ਧੰਦੇ ਵਿੱਚ ਘਾਟਾ ਹੋਣ ’ਤੇ ਕੁੱਝ ਲੋਕਾਂ ਨੂੰ ਦੁੱਖ ਹੁੰਦਾ ਸੀ, ਉਹ ਮੈਨੂੰ ਪੁੱਛਦੇ ਕਿ, ‘ਕਿੰਨਾ ਘਾਟਾ ਹੋਇਆ ਹੈ ? ਜ਼ਿਆਦਾ ਘਾਟਾ ਹੋਇਆ ਹੈ ?’ ਤਾਂ ਮੈਂ ਕਹਿੰਦਾ ਕਿ, ‘ਘਾਟਾ ਹੋਇਆ ਸੀ, ਪਰ ਹੁਣੇ ਅਚਾਨਕ ਹੀ ਇੱਕ ਲੱਖ ਦਾ ਮੁਨਾਫ਼ਾ ਹੋਇਆ ਹੈ!’ ਇਸ ਨਾਲ ਉਸਨੂੰ ਠੰਡਕ ਹੋ ਜਾਂਦੀ।

ਇਹ ਤਾਂ ਸਭ ਮੈਂ ਅਨੁਭਵ ਨਾਲ ਸਾਰ ਕੱਢਿਆ ਸੀ, ਬਾਕੀ ਮੈਂ ਧੰਦੇ ਵਿੱਚ ਵੀ ਪੈਸਿਆਂ ਦੇ ਬਾਰੇ ਵਿੱਚ ਸੋਚਦਾ ਨਹੀਂ ਸੀ। ਪੈਸਿਆਂ ਲਈ ਸੋਚਣ ਵਾਲੇ, ਉਸ ਵਰਗਾ ਫੂਲਿਸ਼ (ਮੂਰਖ) ਹੋਰ ਕੋਈ ਹੈ ਹੀ ਨਹੀਂ! ਇਹ (ਪੈਸਾ ਕਮਾਉਣਾ) ਤਾਂ ਮੱਥੇ ’ਤੇ ਲਿਖਿਆ ਹੈ, ਜਾਣ ਦਿਓ ਨਾ! ਘਾਟਾ ਵੀ ਮੱਥੇ ’ਤੇ ਲਿਖਿਆ ਹੈ। ਬਿਨਾਂ ਸੋਚੇ ਵੀ ਘਾਟਾ ਹੁੰਦਾ ਹੈ ਜਾਂ ਨਹੀਂ ਹੁੰਦਾ ?

ਵਪਾਰ ਵਿੱਚ ਕੋਈ ਚਾਲਬਾਜ਼ ਲੋਕ ਮਿਲ ਜਾਣ ਅਤੇ ਸਾਡੇ ਪੈਸੇ ਨਿਗਲ ਜਾਣ, ਉਦੋਂ ਸਮਝ ਲੈਣਾ ਕਿ ਸਾਡੇ ਪੈਸੇ ਹਰਾਮ ਦੇ ਹਨ ਇਸ ਲਈ ਇਹੋ ਜਿਹੇ ਮਿਲੇ ਹਨ। ਵਰਨਾ ਚਾਲਬਾਜ਼ ਮਿਲਦੇ ਹੀ ਕਿਉਂ ? ਮੇਰੇ ਨਾਲ ਵੀ ਅਜਿਹਾ ਹੁੰਦਾ ਸੀ। ਇੱਕ ਵਾਰ ਖੋਟੇ ਪੈਸੇ ਆਏ ਸਨ, ਉਦੋਂ ਸਾਰੇ ਚਾਲਬਾਜ਼ ਹੀ ਮਿਲ ਗਏ ਸਨ, ਫਿਰ ਮੈਂ ਤੈਅ ਕੀਤਾ ਕਿ ਇਹੋ ਜਿਹਾ ਧਨ ਨਹੀਂ ਚਾਹੀਦਾ।

ਵਪਾਰ ਤਾਂ ਉਹ ਵਧੀਆ ਜਿਸ ਵਿੱਚ ਹਿੰਸਾ ਨਾ ਸਮਾਈ ਹੋਵੇ, ਕਿਸੇ ਨੂੰ ਦੁੱਖ ਨਾ ਹੁੰਦਾ ਹੋਵੇ। ਇਹ ਤਾਂ ਅਨਾਜ ਦਾ ਧੰਦਾ ਕਰਦਾ ਹੈ ਅਤੇ ਘੱਟ ਤੋਲਦਾ ਹੈ। ਅੱਜਕੱਲ ਤਾਂ ਮਿਲਾਵਟ ਕਰਨਾ ਸਿੱਖੇ ਹਨ। ਉਸ ਵਿੱਚ ਵੀ ਖਾਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਕਰਨ ਵਾਲਾ ਜਾਨਵਰ ਗਤੀ ਵਿੱਚ ਜਾਂਦਾ ਹੈ। ਚਾਰ ਪੈਰ ਹੋਣ ’ਤੇ ਫਿਰ ਡਿੱਗੇਗਾ ਨਹੀਂ ਨਾ ? ਵਪਾਰ ਵਿੱਚ ਧਰਮ ਰੱਖਣਾ ਵਰਨਾ ਅਧਰਮ ਘੁਸ ਜਾਵੇਗਾ।

ਧੰਦੇ ਵਿੱਚ, ਮਨ ਵਿਗਾੜੇ ਤਾਂ ਵੀ ਮੁਨਾਫ਼ਾ 66,616 ਹੋਵੇਗਾ ਅਤੇ ਮਨ ਨਾ ਵਿਗਾੜੇ ਤਾਂ ਵੀ 66,616 ਰਹੇਗਾ, ਤਾਂ ਕਿਹੜਾ ਧੰਦਾ ਕਰਨਾ ਚਾਹੀਦਾ ਹੈ ?

ਧੰਦੇ ਵਿੱਚ ਯਤਨ ਕਰਦੇ ਰਹਿਣਾ, ਅੱਗੇ ‘ਵਿਵਸਥਿਤ’ ਆਪਣੇ ਆਪ ਬੰਦੋਬਸਤ ਕਰੇਗਾ। ਤੁਸੀਂ ਸਿਰਫ਼ ਯਤਨ ਕਰਦੇ ਰਹਿਣਾ, ਉਸ ਵਿੱਚ ਪ੍ਰਮਾਦ ਨਾ ਕਰਨਾ। ਭਗਵਾਨ ਨੇ ਕਿਹਾ ਹੈ ਕਿ ਸਭ ‘ਵਿਵਸਥਿਤ’ ਹੈ। ਮੁਨਾਫ਼ਾ ਹਜ਼ਾਰ ਜਾਂ ਲੱਖ ਹੋਣ ਵਾਲਾ ਹੋਵੇ ਤਾਂ ਚਲਾਕੀ ਕਰਨ ਨਾਲ ਇੱਕ ਪੈਸਾ ਵੀ ਨਹੀਂ ਵਧੇਗਾ ਅਤੇ ਇਹ ਚਲਾਕੀ ਅਗਲੇ ਜਨਮ ਲਈ ਨਵੇਂ ਹਿਸਾਬ ਜੋੜੇਗੀ, ਅਲੱਗ ਤੋਂ!

**ਪ੍ਰਸ਼ਨਕਰਤਾ** : ਸਾਡੇ ਨਾਲ ਕੋਈ ਚਲਾਕੀ ਕਰ ਰਿਹਾ ਹੋਵੇ ਤਾਂ ਸਾਨੂੰ ਵੀ ਚਲਾਕੀ ਕਰਨੀ ਚਾਹੀਦੀ ਹੈ ਨਾ ? ਅੱਜਕੱਲ੍ਹ ਲੋਕ ਇੰਝ ਹੀ ਕਰਦੇ ਹਨ।

**ਦਾਦਾਸ਼੍ਰੀ** : ਇਸੇ ਤਰ੍ਹਾਂ ਚਲਾਕੀ ਦਾ ਰੋਗ ਲੱਗ ਜਾਂਦਾ ਹੈ ਅਤੇ ਜੇ 'ਵਿਵਸਥਿਤ' ਦਾ ਗਿਆਨ ਹਾਜ਼ਰ ਰਿਹਾ ਤਾਂ ਉਸ ਨੂੰ ਧੀਰਜ ਰਹੇਗਾ। ਜੇ ਕੋਈ ਸਾਡੇ ਨਾਲ ਚਲਾਕੀ ਕਰਨ ਆਵੇ ਤਾਂ ਪਿਛਲੇ ਦਰਵਾਜ਼ੇ ਤੋਂ (ਕੋਈ ਉਪਾਅ ਕਰਕੇ) ਬਾਹਰ ਨਿਕਲ ਜਾਣਾ ਚਾਹੀਦਾ ਹੈ, ਅਸੀਂ ਚਲਾਕੀ ਨਹੀਂ ਕਰਨੀ ਹੈ।

ਅਰਥਾਤ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਜਿਵੇਂ ਨਹਾਉਣ ਦੇ ਪਾਣੀ ਲਈ, ਰਾਤ ਨੂੰ ਸੌਣ ਲਈ ਵਿਛਾਉਣਾ ਜਾਂ ਹੋਰ ਕੁੱਝ ਚੀਜ਼ਾਂ ਲਈ ਤੁਸੀਂ ਜ਼ਰਾ ਵੀ ਵਿਚਾਰ ਨਹੀਂ ਕਰਦੇ, ਫਿਰ ਵੀ ਉਹ ਤੁਹਾਨੂੰ ਮਿਲਦੇ ਹਨ ਜਾਂ ਨਹੀਂ ? ਉਸੇ ਤਰ੍ਹਾਂ ਲੱਛਮੀ ਲਈ ਵੀ ਸਹਿਜ ਰਹਿਣਾ ਚਾਹੀਦਾ ਹੈ।

ਪੈਸੇ ਕਮਾਉਣ ਦੀ ਭਾਵਨਾ ਕਰਨ ਦੀ ਜ਼ਰੂਰਤ ਨਹੀਂ ਹੈ, ਯਤਨ ਬੇਸ਼ੱਕ ਚਾਲੂ ਰਹਿਣ। ਇਹੋ ਜਿਹੀ ਭਾਵਨਾ ਨਾਲ ਕੀ ਹੁੰਦਾ ਹੈ ਕਿ, ਜੇ ਪੈਸੇ ਮੈਂ ਖਿੱਚ ਲਵਾਂ ਤਾਂ ਸਾਹਮਣੇ ਵਾਲੇ ਦੇ ਹਿੱਸੇ ਵਿੱਚ ਰਹਿੰਦੇ ਨਹੀਂ। ਇਸ ਲਈ ਕੁਦਰਤੀ ਕੋਟਾ (ਹਿੱਸਾ) ਜੋ ਨਿਰਮਾਣ ਹੋਇਆ ਹੈ, ਉਸ ਨੂੰ ਹੀ ਅਸੀਂ ਰਹਿਣ ਦੇਈਏ ਨਾ, ਉਸ ਵਿੱਚ ਫਿਰ ਭਾਵਨਾ ਕਰਨ ਦੀ ਕੀ ਜ਼ਰੂਰਤ ਹੈ ? ਅਜਿਹਾ ਕਹਿਣਾ ਚਾਹੁੰਦਾ ਹਾਂ। ਲੋਕਾਂ ਤੋਂ ਪਾਪ ਹੋਣੇ ਰੁਕ ਜਾਣ, ਮੈਂ ਇਹ ਕਹਿਣਾ ਚਾਹੁੰਦਾ ਹਾਂ।

ਇਸ ਇੱਕ ਵਾਕ ਵਿੱਚ ਬਹੁਤ ਵੱਡਾ ਸਾਰ ਸਮਾਇਆ ਹੈ ਪ੍ਰੰਤੂ ਜੇ ਸਮਝੀਏ ਤਾਂ। ਮੇਰੇ ਤੋਂ ਗਿਆਨ ਪ੍ਰਾਪਤ ਕਰਨ ਦੀ ਜ਼ਰੂਰਤ ਹੈ ਅਜਿਹਾ ਨਹੀਂ ਹੈ, ਗਿਆਨ ਨਾ ਲਿਆ ਹੋਵੇ ਪਰ ਇੰਨਾ ਉਸਦੀ ਸਮਝ ਵਿੱਚ ਆ ਜਾਣਾ ਚਾਹੀਦਾ ਹੈ ਕਿ ਇਹ ਸਭ ਹਿਸਾਬ (ਆਪਣੇ ਭਾਗ) ਦੇ ਅਨੁਸਾਰ ਹੀ ਹੈ, ਹਿਸਾਬ ਤੋਂ ਬਾਹਰ ਕੁੱਝ ਨਹੀਂ ਹੁੰਦਾ। ਵਰਨਾ ਜਦੋਂ ਮਿਹਨਤ ਕਰਨ 'ਤੇ ਵੀ ਘਾਟਾ ਆਵੇ ਤਾਂ ਕੀ ਅਸੀਂ ਨਹੀਂ ਸਮਝ ਜਾਂਦੇ! ਕਿਉਂਕਿ ਮਿਹਨਤ ਯਾਨੀ ਮਿਹਨਤ, ਮਿਲਣਾ ਹੀ ਚਾਹੀਦਾ ਹੈ। ਪਰ ਇੰਝ ਨਹੀਂ ਹੈ, ਘਾਟਾ ਵੀ ਹੁੰਦਾ ਹੈ ਨਾ!

ਅਜਿਹਾ ਭਾਵ ਕਰਦੇ ਹਨ, ਉਸਦਾ ਹਰਜ਼ ਹੈ। ਹੋਰ ਕਿਰਿਆਵਾਂ (ਕੋਸ਼ਿਸ਼ਾਂ) ਲਈ ਮੇਰਾ ਵਿਰੋਧ ਨਹੀਂ ਹੈ। ਜਦੋਂ ਤੱਕ ਝੂਠ ਦੀ ਪਰਖ ਨਹੀਂ ਹੁੰਦੀ, ਉਦੋਂ ਤੱਕ ਝੂਠ ਅੰਦਰ ਘੁਸ ਜਾਂਦਾ ਹੈ।

**ਪ੍ਰਸ਼ਨਕਰਤਾ** : ਧੰਦੇ ਵਿੱਚ ਇਹੀ ਸਹੀ ਹੈ, ਇਹ ਸਮਝਣ 'ਤੇ ਵੀ ਸੱਚੀ ਗੱਲ ਕਹਿ ਨਹੀਂ ਸਕਦੇ।

**ਦਾਦਾਸ਼੍ਰੀ** : ਅਰਥਾਤ ਵਿਹਾਰ ਸਾਡੇ ਅਧੀਨ ਨਹੀਂ ਹੈ। ਨਿਸ਼ਚਾ ਸਾਡੇ ਅਧੀਨ ਹੈ। ਬੀਜ ਬੀਜਣਾ ਸਾਡੇ ਅਧੀਨ ਹੈ, ਫ਼ਲ ਪ੍ਰਾਪਤ ਕਰਨਾ ਸਾਡੇ ਅਧੀਨ ਨਹੀਂ ਹੈ। ਇਸ ਲਈ ਭਾਵ ਕਰੋ। ਕੰਮ ਖਰਾਬ ਹੋ ਜਾਏ ਫਿਰ ਵੀ ਅਸੀਂ ਚੰਗਾ ਭਾਵ ਕਰੀਏ ਕਿ ਇੰਝ ਨਹੀਂ ਹੋਣਾ ਚਾਹੀਦਾ।

ਸੇਠ ਤਾਂ ਕੌਣ ਕਹਾਉਂਦਾ ਹੈ ? (ਆਪਣੇ ਆਸ਼ਰਿਤ ਨੂੰ) ਇੱਕ ਅੱਖਰ ਵੀ ਉੱਚਾ ਬੋਲੇ ਤਾਂ ਉਹ ਸੇਠ ਹੀ ਨਹੀਂ ਕਹਾਉਂਦਾ! ਅਤੇ ਉਹ ਝਿੜਕਣ ਲੱਗੇ ਤਾਂ ਸਮਝਣਾ ਕਿ ਇਹ ਖੁਦ ਹੀ ਅਸਿਸਟੈਂਟ ਹੈ!! ਸੇਠ ਦੇ ਮੂੰਹ 'ਤੇ ਤਾਂ ਕਦੇ ਕੜਵਾਹਟ ਨਜ਼ਰ ਹੀ ਨਹੀਂ ਆਉਣੀ ਚਾਹੀਦੀ। ਸੇਠ ਯਾਨੀ ਸੇਠ ਹੀ ਨਜ਼ਰ ਆਵੇ। ਉਹ ਜੇ ਝਿੜਕੀਆਂ ਦੇਣ ਲੱਗੇ, ਤਾਂ ਸਭ ਦੇ ਅੱਗੇ ਉਸ ਦੀ ਕੀਮਤ ਕੀ ਰਹਿ ਜਾਵੇਗੀ ? ਫਿਰ ਤਾਂ ਨੌਕਰ ਵੀ ਪਿੱਛੋਂ ਕਹਿਣਗੇ ਕਿ ਇਹ ਸੇਠ ਤਾਂ ਹਰਦਮ ਦੁਤਕਾਰਦੇ ਰਹਿੰਦੇ ਹਨ! ਝਿੜਕੀਆਂ ਦਿੰਦੇ ਰਹਿੰਦੇ ਹਨ!! ਛੱਡੋ ਪਰਾਂ, ਇਹੋ ਜਿਹੇ ਸੇਠ ਬਣਨ ਨਾਲੋਂ ਤਾਂ ਗੁਲਾਮ ਬਣਨਾ ਬਿਹਤਰ ਹੈ। ਜੇ ਜ਼ਰੂਰਤ ਹੋਵੇ ਤਾਂ ਨਿਪਟਾਰਾ ਕਰਨ ਲਈ ਆਪਣੇ ਵੱਲੋਂ ਵਿਚਕਾਰ ਏਜੰਸੀ ਰੱਖਣਾ। ਪਰ ਝਿੜਕਣ ਦੇ ਇਹੋ ਜਿਹੇ ਕੰਮ ਸੇਠ ਨੂੰ ਖੁਦ ਨਹੀਂ ਕਰਨੇ ਚਾਹੀਦੇ! ਨੌਕਰ ਵੀ ਖੁਦ ਲੜੇ, ਕਿਸਾਨ ਵੀ ਖੁਦ ਲੜੇ ਅਤੇ ਜੇ ਤੁਸੀਂ ਵੀ ਖੁਦ ਲੜੋ ਤਾਂ ਫਿਰ ਵਪਾਰੀ ਵਰਗਾ ਰਿਹਾ ਹੀ ਕਿੱਥੇ ? ਸੇਠ ਇੰਝ ਨਹੀਂ ਕਰਦੇ। ਕਦੇ ਜ਼ਰੂਰਤ ਪੈਣ 'ਤੇ ਵਿਚਕਾਰ ਏਜੰਸੀ ਤਿਆਰ ਕਰੋ ਜਾਂ ਲੜਨ ਵਾਲਾ ਇਹੋ ਜਿਹਾ ਆਦਮੀ ਵਿਚਕਾਰ ਰੱਖੋ ਜੋ ਉਹਨਾਂ ਵੱਲੋਂ ਲੜੇ। ਫਿਰ ਸੇਠ ਉਸ ਝਮੇਲੇ ਦਾ ਸਮਾਧਾਨ ਕਰਵਾ ਦੇਵੇ।

1930 ਵਿੱਚ ਮਹਾਂਮੰਦੀ ਸੀ। ਉਸ ਮੰਦੀ ਵਿੱਚ ਸੇਠਾਂ ਨੇ ਵਿਚਾਰੇ ਮਜ਼ਦੂਰਾਂ ਦਾ ਬਹੁਤ ਖੂਨ ਚੂਸਿਆ ਸੀ। ਇਸ ਲਈ ਹੁਣ ਇਸ ਤੇਜ਼ੀ ਵਿੱਚ ਮਜ਼ਦੂਰ ਸੇਠਾਂ ਦਾ ਖੂਨ ਚੂਸਦੇ ਹਨ। ਇੰਝ ਇਸ ਦੁਨੀਆਂ ਦਾ, ਸ਼ੋਸ਼ਣ ਕਰਨ ਦਾ ਰਿਵਾਜ ਹੈ। ਮੰਦੀ ਵਿੱਚ ਸੇਠ ਖੂਨ ਚੂਸਦੇ ਹਨ ਅਤੇ ਤੇਜ਼ੀ ਵਿੱਚ ਮਜ਼ਦੂਰ ਚੂਸਦੇ ਹਨ। ਦੋਨਾਂ ਦੀ ਬਰਾਬਰ ਵਾਰੀ ਆਉਂਦੀ ਹੈ। ਇਸ ਲਈ ਇਹ ਸੇਠ ਜਦੋਂ ਸ਼ਿਕਾਇਤ ਕਰਦੇ ਹਨ ਤਾਂ ਮੈਂ ਕਹਿੰਦਾ ਹਾਂ ਕਿ ਤੁਸੀਂ 1930 ਵਿੱਚ ਮਜ਼ਦੂਰਾਂ ਨੂੰ ਛੱਡਿਆ ਨਹੀਂ ਸੀ, ਇਸ ਲਈ ਹੁਣ ਇਹ ਮਜ਼ਦੂਰ ਤੁਹਾਨੂੰ ਛੱਡਣਗੇ ਨਹੀਂ। ਮਜ਼ਦੂਰਾਂ ਦਾ ਖੂਨ ਚੂਸਣ ਦੀ ਪ੍ਰਣਾਲੀ ਹੀ ਛੱਡ ਦੇਵੋ, ਤਾਂ ਤੁਹਾਨੂੰ ਕੋਈ ਪਰੇਸ਼ਾਨ ਨਹੀਂ ਕਰੇਗਾ। ਓਏ, ਭਿਆਨਕ ਕਲਿਯੁੱਗ ਵਿੱਚ ਵੀ ਤੁਹਾਨੂੰ ਕੋਈ ਪਰੇਸ਼ਾਨ ਕਰਨ ਵਾਲਾ ਨਹੀਂ ਮਿਲੇਗਾ!!!

ਘਰ ਵਿੱਚ ਵੀ ਤੇਜ਼ੀ-ਮੰਦੀ ਆਉਂਦੀ ਹੈ। ਮੰਦੀ ਵਿੱਚ ਪਤਨੀ ’ਤੇ ਧਾਕ (ਦਬਦਬਾ) ਜਮਾਉਂਦੇ ਫਿਰਦੇ ਹੋਈਏ ਤਾਂ ਫਿਰ ਤੇਜ਼ੀ ਆਉਣ ’ਤੇ ਪਤਨੀ ਵੀ ਸਾਡੇ ’ਤੇ ਧਾਕ ਜਮਾਵੇਗੀ। ਇਸ ਲਈ ਤੇਜ਼ੀ-ਮੰਦੀ ਵਿੱਚ ਸਮਾਨ ਰੂਪ ਨਾਲ ਰਹੋ। ਸਮਾਨਤਾ ਪੂਰਵਕ ਰਹਿਣ ਨਾਲ ਤੁਹਾਡਾ ਸਭ ਚੰਗੀ ਤਰ੍ਹਾਂ ਚੱਲੇਗਾ।

ਇਹ ਸੰਸਾਰ ਛਿਣ ਭਰ ਲਈ ਵੀ ਬਿਨਾਂ ਨਿਆਂ ਦੇ ਨਹੀਂ ਰਹਿੰਦਾ, ਅਨਿਆਂ ਸਹਿ ਹੀ ਨਹੀਂ ਸਕਦਾ। ਹਰੇਕ ਛਿਣ ਨਿਆਂ ਹੀ ਹੋ ਰਿਹਾ ਹੈ। ਜੋ ਅਨਿਆਂ ਕੀਤਾ ਹੈ ਉਹ ਵੀ ਨਿਆਂ ਹੀ ਹੋ ਰਿਹਾ ਹੈ!

**ਪ੍ਰਸ਼ਨਕਰਤਾ** : ਧੰਦੇ ਵਿੱਚ ਭਾਰੀ ਘਾਟਾ ਹੋਇਆ ਹੈ ਤਾਂ ਕੀ ਕਰਾਂ ? ਧੰਦਾ ਬੰਦ ਕਰ ਦੇਵਾਂ ਕਿ ਦੂਸਰਾ ਧੰਦਾ ਕਰਾਂ ? ਕਰਜ਼ ਬਹੁਤ ਚੜ੍ਹ ਗਿਆ ਹੈ।

**ਦਾਦਾਸ਼੍ਰੀ** : ਰੂੰ ਬਾਜ਼ਾਰ ਦਾ ਘਾਟਾ ਕਿਤੇ ਬਾਣੀਏ ਦੀ ਦੁਕਾਨ ਖੋਲ੍ਹਣ ’ਤੇ ਪੂਰਾ ਨਹੀਂ ਹੁੰਦਾ। ਧੰਦੇ ਵਿੱਚ ਹੋਇਆ ਘਾਟਾ ਧੰਦੇ ਨਾਲ ਹੀ ਪੂਰਾ ਹੋਵੇਗਾ, ਨੌਕਰੀ ਨਾਲ ਭਰਪਾਈ ਨਹੀਂ ਹੋਵੇਗੀ। ‘ਕਾਨਟ੍ਰੈਕਟ’ ਦਾ ਘਾਟਾ ਕਿਸੇ ਪਾਨ ਦੀ ਦੁਕਾਨ ਨਾਲ ਭਰਪਾਈ ਕਰ ਸਕੇਗਾ ? ਜਿਸ ਬਾਜ਼ਾਰ ਵਿੱਚ ਜ਼ਖ਼ਮ ਹੋਇਆ ਹੋਵੇ, ਉਸੇ ਬਾਜ਼ਾਰ ਵਿੱਚ ਉਹ ਜ਼ਖਮ ਭਰੇਗਾ, ਉੱਥੇ ਹੀ ਉਸ ਦੀ ਦਵਾਈ ਹੁੰਦੀ ਹੈ।

ਅਸੀਂ ਇਹੋ ਜਿਹਾ ਭਾਵ ਰੱਖੀਏ ਕਿ ਸਾਡੇ ਤੋਂ ਕਿਸੇ ਵੀ ਜੀਵ ਨੂੰ ਕਿੰਚਿਤਮਾਤਰ (ਜ਼ਰਾ ਜਿੰਨਾ) ਵੀ ਦੁੱਖ ਨਾ ਹੋਵੇ। ਸਾਰਾ ਕਰਜ਼ ਚੁਕਤਾ ਹੋ ਜਾਵੇ ਇਹੋ ਜਿਹਾ ਸਪਸ਼ਟ ਭਾਵ ਰੱਖੋ। ਲੱਛਮੀ ਤਾਂ ਗਿਆਰਵਾਂ ਪ੍ਰਾਣ ਹੈ। ਇਸ ਲਈ ਕਿਸੇ ਦੀ ਲੱਛਮੀ ਸਾਡੇ ਕੋਲ ਨਹੀਂ ਰਹਿਣੀ ਚਾਹੀਦੀ। ਸਾਡੀ ਲੱਛਮੀ ਕਿਸੇ ਕੋਲ ਰਹੇ ਉਸ ਵਿੱਚ ਹਰਜ਼ ਨਹੀਂ ਹੈ। ਪਰ ਨਿਰੰਤਰ ਇਹੀ ਧਯੇਯ (ਲਕਸ਼) ਰਹਿਣਾ ਚਾਹੀਦਾ ਹੈ ਕਿ ਮੈਂ ਪਾਈ-ਪਾਈ ਚੁਕਤਾ ਕਰ ਦੇਣੀ ਹੈ। ਧਯੇਯ (ਲਕਸ਼) ਵਿੱਚ ਰੱਖ ਕੇ ਤੁਸੀਂ ਸਾਰੇ ਖੇਡ ਖੇਡੋ। ਪਰ ਖਿਡਾਰੀ ਨਾ ਬਣ ਜਾਣਾ। ਖਿਡਾਰੀ ਬਣੇ ਕਿ ਤੁਸੀਂ ਖਤਮ!

**ਪ੍ਰਸ਼ਨਕਰਤਾ** : ਮਨੁੱਖ ਦੀ ਨੀਅਤ ਕਿਸ ਕਾਰਨ ਖਰਾਬ ਹੁੰਦੀ ਹੈ ?

**ਦਾਦਾਸ਼੍ਰੀ** : ਉਸ ਦਾ ਬੁਰਾ ਹੋਣ ਵਾਲਾ ਹੋਵੇ ਉਦੋਂ ਉਸ ਨੂੰ ਅੰਦਰੋਂ ਫੋਰਸ (ਵਿਚਾਰ) ਆਉਂਦਾ ਕਿ ‘ਤੂੰ ਇੰਝ ਮੁੜ ਜਾ ਨਾ, ਫਿਰ ਦੇਖਿਆ ਜਾਵੇਗਾ।’ ਉਸ ਦਾ ਵਿਗੜਨ ਵਾਲਾ ਹੈ ਇਸ ਲਈ ‘ਕਮਿੰਗ ਈਵੈਂਟਸ ਕਾਸਟ ਦੇਅਰ ਸ਼ੇਡੋਜ਼ ਬਿਫੋਰ (ਜੋ ਹੋਣ ਵਾਲਾ ਹੈ ਉਸ ਦਾ ਪਰਛਾਵਾਂ ਪਹਿਲਾਂ ਪਵੇਗਾ)।’

**ਪ੍ਰਸ਼ਨਕਰਤਾ** : ਪਰ ਕੀ ਉਹ ਉਸ ਨੂੰ ਰੋਕ ਸਕਦਾ ਹੈ ?

**ਦਾਦਾਸ਼੍ਰੀ** : ਹਾਂ, ਰੋਕ ਸਕਦਾ ਹੈ। ਜੇ ਉਸ ਨੂੰ ਇਹ ਗਿਆਨ ਪ੍ਰਾਪਤ ਹੋਇਆ ਹੋਵੇ ਕਿ 'ਮਾੜੇ ਵਿਚਾਰ ਆਉਣ ਤਾਂ ਵੀ ਉਹਨਾਂ ਦਾ ਪਸ਼ਚਾਤਾਪ ਕਰ' ਅਤੇ ਉਹ ਜੇ ਇੰਝ ਕਹੇ ਕਿ, 'ਇਹ ਗਲਤ ਹੈ, ਇੰਝ ਨਹੀਂ ਹੋਣਾ ਚਾਹੀਦਾ।' ਇਸ ਤਰ੍ਹਾਂ ਰੋਕ ਸਕਦਾ ਹੈ। ਮਾੜੇ ਵਿਚਾਰ ਜੋ ਆਉਂਦੇ ਹਨ ਉਹ ਮੂਲਤਃ ਪਿਛਲੇ ਗਿਆਨ ਦੇ ਅਧਾਰ 'ਤੇ ਆਉਂਦੇ ਹਨ, ਪਰ ਅੱਜ ਦਾ ਗਿਆਨ ਉਸ ਨੂੰ ਅਜਿਹਾ ਕਹੇ ਕਿ ਇੰਝ (ਮਾੜਾ) ਕਰਨਾ ਨਹੀਂ ਚਾਹੀਦਾ। ਤਾਂ ਫਿਰ ਉਹ ਉਸ ਨੂੰ (ਮਾੜੇ ਕੰਮ ਨੂੰ) ਰੋਕ ਸਕਦਾ ਹੈ। ਆਇਆ ਸਮਝ ਵਿੱਚ ? ਕੁੱਝ ਖੁਲਾਸਾ ਹੋਇਆ ?

ਨੀਅਤ ਵਿਗੜਨਾ ਅਰਥਾਤ ਪੰਜ ਲੱਖ ਰੁਪਏ ਲਈ ਵਿਗਾੜੇ, ਇੰਝ ਨਹੀਂ। ਇਹ ਤਾਂ ਪੱਚੀ ਰੁਪਏ ਦੇ ਲਈ ਵੀ ਨੀਅਤ ਵਿਗਾੜਦੇ ਹਨ! ਅਰਥਾਤ ਇਸ ਵਿੱਚ, ਭੋਗਣ ਦੀ ਇੱਛਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ? ਉਸ ਨੂੰ ਇਸ ਤਰ੍ਹਾਂ ਦਾ ਗਿਆਨ ਪ੍ਰਾਪਤ ਹੋਇਆ ਹੈ ਕਿ 'ਦੇਣ ਵਿੱਚ ਕੀ ਰੱਖਿਆ ਹੈ ? ਦੇਣ ਦੇ ਬਜਾਏ ਅਸੀਂ ਹੀ ਇੱਥੇ ਵਰਤ ਲਈਏ। ਜੋ ਹੋਏਗਾ ਦੇਖਿਆ ਜਾਏਗਾ।' ਇਹੋ ਜਿਹਾ ਉਲਟਾ ਗਿਆਨ ਮਿਲਿਆ ਹੈ ਉਸ ਨੂੰ।

ਇਸ ਲਈ ਹੁਣ ਅਸੀਂ ਸਭ ਨੂੰ ਕਹਿੰਦੇ ਹਾਂ ਕਿ, ਭਾਈ ਚਾਹੇ ਜਿੰਨਾ ਵੀ ਵਪਾਰ ਕਰੋ, ਘਾਟਾ ਆਵੇ ਤਾਂ ਹਰਜ਼ ਨਹੀਂ, ਪਰ ਮਨ ਵਿੱਚ ਇੱਕ ਭਾਵ ਤੈਅ ਕਰਨਾ ਕਿ ਮੈਂ ਸਭ ਨੂੰ ਪੈਸੇ ਮੋੜ ਦੇਣੇ ਹਨ। ਕਿਉਂਕਿ ਪੈਸਾ ਕਿਸ ਨੂੰ ਪਿਆਰਾ ਨਹੀਂ ਹੋਵੇਗਾ ? ਸਭ ਨੂੰ ਪਿਆਰਾ ਲੱਗਦਾ ਹੈ। ਇਸ ਲਈ, ਉਸਦਾ ਪੈਸਾ ਡੁੱਬ ਜਾਵੇ ਇਹੋ ਜਿਹਾ ਭਾਵ ਸਾਡੇ ਮਨ ਵਿੱਚ ਪੈਦਾ ਨਹੀਂ ਹੋਣਾ ਚਾਹੀਦਾ। ਚਾਹੇ ਕੁੱਝ ਵੀ ਹੋਵੇ ਪਰ ਮੈਂ ਮੋੜਨੇ ਹਨ, ਇਹ ਡਿਸੀਜ਼ਨ ਪਹਿਲਾਂ ਤੋਂ ਹੀ ਰੱਖਣਾ ਚਾਹੀਦਾ ਹੈ। ਇਹ ਬਹੁਤ ਵੱਡੀ ਚੀਜ਼ ਹੈ। ਕਿਸੇ ਹੋਰ ਵਿੱਚ ਨਾਦਾਰੀ (ਦੀਵਾਲਾ) ਨਿਕਲੀ ਹੋਵੇ ਤਾਂ ਚੱਲੇਗਾ ਪਰ ਪੈਸੇ ਵਿੱਚ ਨਾਦਾਰੀ ਨਹੀਂ ਹੋਣੀ ਚਾਹੀਦੀ। ਕਿਉਂਕਿ ਪੈਸਾ ਤਾਂ ਦੁੱਖਦਾਈ ਹੈ, ਪੈਸੇ ਨੂੰ ਤਾਂ ਗਿਆਰਵਾਂ ਪ੍ਰਾਣ ਕਿਹਾ ਹੈ। ਇਸ ਲਈ ਕਿਸੇ ਦੇ ਵੀ ਪੈਸੇ ਡੁਬੋ ਨਹੀਂ ਸਕਦੇ। ਉਹ ਸਭ ਤੋਂ ਵੱਡੀ ਵਸਤੂ ਹੈ।

**ਪ੍ਰਸ਼ਨਕਰਤਾ** : ਮਨੁੱਖ ਕਰਜ਼ ਛੱਡ ਕੇ ਮਰ ਜਾਵੇ ਤਾਂ ਕੀ ਹੋਏਗਾ ?

**ਦਾਦਾਸ਼੍ਰੀ** : ਚਾਹੇ ਕਰਜ਼ ਚੁਕਤਾ ਕੀਤੇ ਬਿਨਾਂ ਮਰ ਜਾਵੇ, ਪਰ ਉਸ ਦੇ ਮਨ ਵਿੱਚ ਅਖੀਰ ਤੱਕ-ਮਰਦੇ ਦਮ ਤੱਕ, ਇੱਕ ਗੱਲ ਤੈਅ ਹੋਣੀ ਚਾਹੀਦੀ ਹੈ ਕਿ ਮੈਂ ਇਹ ਪੈਸੇ ਵਾਪਸ ਕਰਨੇ ਹੀ ਹਨ। ਇਸ ਜਨਮ ਵਿੱਚ ਸੰਭਵ ਨਾ ਹੋਵੇ ਤਾਂ ਅਗਲੇ

ਜਨਮ ਵਿੱਚ ਮੈਂ ਜ਼ਰੂਰ ਵਾਪਸ ਕਰਨੇ ਹੀ ਹਨ। ਜਿਸ ਦਾ ਇਹੋ ਜਿਹਾ ਭਾਵ ਹੈ, ਉਸਨੂੰ ਕੋਈ ਕਸ਼ਟ ਨਹੀਂ ਆਏਗਾ।

ਨਿਯਮ ਇੰਝ ਹੈ ਕਿ ਪੈਸੇ ਲੈਂਦੇ ਸਮੇਂ ਹੀ ਉਹ ਤੈਅ ਕਰ ਲਵੇ ਕਿ ਇਸ ਦੇ ਪੈਸੇ ਮੈਂ ਮੋੜਨੇ ਹਨ। ਫਿਰ ਉਸ ਤੋਂ ਬਾਅਦ ਹਰ ਚੌਥੇ ਦਿਨ ਉਸ ਨੂੰ ਯਾਦ ਕਰਕੇ 'ਇਹ ਪੈਸੇ ਜਲਦੀ ਤੋਂ ਜਲਦੀ ਮੋੜ ਦੇਵਾਂ' ਇਹੋ ਜਿਹੀ ਭਾਵਨਾ ਕਰੇ। ਇਹੋ ਜਿਹੀ ਭਾਵਨਾ ਹੋਣ 'ਤੇ ਰੁਪਏ ਮੋੜ ਸਕੇਗਾ, ਵਰਨਾ ਰਾਮ ਤੇਰੀ ਮਾਇਆ।

ਤੁਸੀਂ ਕਿਸੇ ਤੋਂ ਰੁਪਏ ਉਧਾਰ ਲਏ ਹੋਣ ਅਤੇ ਤੁਹਾਡਾ ਭਾਵ ਸ਼ੁੱਧ ਰਹੇ, ਤਾਂ ਸਮਝਣਾ ਕਿ ਇਹ ਪੈਸੇ ਤੁਸੀਂ ਮੋੜ ਸਕੋਗੇ। ਫਿਰ ਉਸ ਦੇ ਲਈ ਚਿੰਤਾ ਨਾ ਕਰਨਾ। ਭਾਵ ਸ਼ੁੱਧ ਰਹਿੰਦਾ ਹੈ ਕਿ ਨਹੀਂ, ਓਨਾ ਹੀ ਧਿਆਨ ਰਹੇ, ਇਹ ਉਸ ਦਾ ਲੈਵਲ (ਨਾਪ) ਹੈ। ਸਾਹਮਣੇ ਵਾਲਾ ਭਾਵ ਸ਼ੁੱਧ ਰੱਖਦਾ ਹੈ ਜਾਂ ਨਹੀਂ, ਉਸ ਤੋਂ ਅਸੀਂ ਜਾਣ ਸਕਦੇ ਹਾਂ। ਉਸਦਾ ਭਾਵ ਸ਼ੁੱਧ ਨਾ ਹੋਵੇ ਤਾਂ ਉਸ ਤੋਂ ਹੀ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਪੈਸੇ ਜਾਣ ਵਾਲੇ ਹਨ।

ਭਾਵ ਸ਼ੁੱਧ ਹੋਣਾ ਹੀ ਚਾਹੀਦਾ ਹੈ। ਭਾਵ ਯਾਨੀ, ਆਪਣੇ ਅਧਿਕਾਰ ਨਾਲ ਤੁਸੀਂ ਕੀ ਕਰੋਗੇ ? ਤਾਂ ਕਹੀਏ ਕਿ, 'ਜੇ ਓਨੇ ਰੁਪਏ ਹੁੰਦੇ ਤਾਂ ਸਾਰੇ ਅੱਜ ਹੀ ਵਾਪਸ ਕਰ ਦਿੰਦਾ!' ਇਸਦਾ ਨਾਮ ਸ਼ੁੱਧ ਭਾਵ। ਭਾਵ ਵਿੱਚ ਤਾਂ ਇਹੀ ਹੋਏਗਾ ਕਿ ਜਲਦੀ ਤੋਂ ਜਲਦੀ ਕਿਵੇਂ ਵਾਪਸ ਕਰ ਦੇਵਾਂ।

**ਪ੍ਰਸ਼ਨਕਰਤਾ** : ਦੀਵਾਲਾ ਕੱਢੇ ਅਤੇ ਪੈਸੇ ਵਾਪਸ ਨਾ ਕਰੇ ਤਾਂ ਫਿਰ ਕੀ ਦੂਸਰੇ ਜਨਮ ਵਿੱਚ ਚੁਕਾਉਣੇ ਪੈਣਗੇ ?

**ਦਾਦਾਸ਼੍ਰੀ** : ਉਸ ਨੂੰ ਫਿਰ ਪੈਸਿਆਂ ਦਾ ਸੰਜੋਗ ਪ੍ਰਾਪਤ ਹੀ ਨਹੀਂ ਹੋਏਗਾ। ਉਸ ਦੇ ਕੋਲ ਪੈਸਾ ਆਏਗਾ ਹੀ ਨਹੀਂ। ਸਾਡਾ ਕਾਨੂੰਨ ਕੀ ਕਹਿੰਦਾ ਹੈ ਕਿ ਰੁਪਏ ਮੋੜਨ ਸਬੰਧੀ ਤੁਹਾਡਾ ਭਾਵ ਵਿਗੜਨਾ ਨਹੀਂ ਚਾਹੀਦਾ ਤਾਂ ਇੱਕ ਦਿਨ ਤੁਹਾਡੇ ਕੋਲ ਰੁਪਏ ਆਉਣਗੇ ਅਤੇ ਕਰਜ਼ਾ ਚੁਕਤਾ ਹੋਏਗਾ। ਕਿਸੇ ਕੋਲ ਚਾਹੇ ਕਿੰਨੇ ਵੀ ਰੁਪਏ ਹੋਣ ਪਰ ਅਖੀਰ ਵਿੱਚ ਰੁਪਏ ਨਾਲ ਨਹੀਂ ਆਉਂਦੇ। ਇਸ ਲਈ ਕੰਮ ਕੱਢ ਲਵੋ। ਫਿਰ ਤੋਂ ਮੋਕਸ਼ ਮਾਰਗ ਮਿਲੇਗਾ ਨਹੀਂ। ਇਕਿਆਸੀ ਹਜ਼ਾਰ ਸਾਲ ਤੱਕ ਮੋਕਸ਼ ਮਾਰਗ ਹੱਥ ਲੱਗਣ ਵਾਲਾ ਨਹੀਂ ਹੈ। ਇਹ ਆਖਰੀ 'ਸਟੈਂਡ' (ਮੁਕਾਮ) ਹੈ, ਹੁਣ ਅੱਗੇ 'ਸਟੈਂਡ' ਨਹੀਂ ਹੈ।

ਪੈਸਿਆਂ ਦਾ ਜਾਂ ਫਿਰ ਹੋਰ ਕਿਸੇ ਸੰਸਾਰੀ ਚੀਜ਼ ਦਾ ਕਰਜ਼ ਨਹੀਂ ਹੁੰਦਾ, ਰਾਗ-ਦਵੇਸ਼ ਦਾ ਕਰਜ਼ ਹੁੰਦਾ ਹੈ। ਪੈਸਿਆਂ ਦਾ ਕਰਜ਼ ਹੁੰਦਾ ਤਾਂ ਅਸੀਂ ਇੰਝ

ਕਹਿੰਦੇ ਕਿ, 'ਭਾਈ, ਪੰਜ ਸੌ ਮੰਗਦਾ ਹੋਵੇ ਤਾਂ ਪੰਜ ਸੌ ਪੂਰੇ ਮੋੜ ਦੇ, ਵਰਨਾ ਤੂੰ ਛੁੱਟੇਂਗਾ ਨਹੀਂ ?' ਅਸੀਂ ਇੰਝ ਕਹਿਣਾ ਚਾਹੁੰਦੇ ਹਾਂ ਕਿ, ਉਸਦਾ ਨਿਪਟਾਰਾ ਕਰਨਾ, ਹੋਰ ਪੰਜਾਹ ਦੇ ਕੇ ਵੀ ਤੁਸੀਂ ਨਿਪਟਾਰਾ ਕਰ ਦੇਣਾ। ਅਤੇ ਉਸਨੂੰ ਪੁੱਛ ਲੈਣਾ ਕਿ, 'ਤੂੰ ਖੁਸ਼ ਹੈਂ ਨਾ ?' ਅਤੇ ਜੇ ਉਹ ਕਹੇ ਕਿ, 'ਹਾਂ ਮੈਂ ਖੁਸ਼ ਹਾਂ', ਅਰਥਾਤ ਹੋ ਗਿਆ ਨਿਪਟਾਰਾ।

ਜਿੱਥੇ-ਜਿੱਥੇ ਤੁਸੀਂ ਰਾਗ-ਦਵੇਸ਼ ਕੀਤੇ ਹੋਣਗੇ, ਉਹ ਰਾਗ-ਦਵੇਸ਼ ਤੁਹਾਨੂੰ ਵਾਪਸ ਮਿਲਣਗੇ।

ਜਿਵੇਂ ਵੀ ਹੋਵੇ ਸਾਰਾ ਹਿਸਾਬ ਚੁਕਤਾ ਕਰਨਾ। ਹਿਸਾਬ ਚੁਕਤਾ ਕਰਨ ਲਈ ਇਹ ਜਨਮ ਹੈ। ਜਨਮ ਤੋਂ ਲੈ ਕੇ ਮੌਤ ਤੱਕ ਸਭ ਅਨਿਵਾਰਯ (ਫ਼ਰਜ਼ ਦੇ ਅਧੀਨ) ਹੈ।

ਇੱਕ ਲੈਣਦਾਰ ਇੱਕ ਆਦਮੀ ਨੂੰ ਸਤਾ ਰਿਹਾ ਸੀ, ਉਹ ਆਦਮੀ ਮੈਨੂੰ ਕਹਿਣ ਲੱਗਾ ਕਿ, 'ਇਹ ਲੈਣਦਾਰ ਮੈਨੂੰ ਬਹੁਤ ਗਾਲ਼ਾਂ ਕੱਢ ਰਿਹਾ ਸੀ।' ਮੈਂ ਕਿਹਾ, 'ਉਹ ਆਵੇ ਤਾਂ ਮੈਨੂੰ ਬੁਲਾ ਲਈਂ।' ਫਿਰ ਉਸ ਲੈਣਦਾਰ ਦੇ ਆਉਣ 'ਤੇ, ਮੈਂ ਉਸ ਆਦਮੀ ਦੇ ਘਰ ਪਹੁੰਚਿਆ। ਮੈਂ ਬਾਹਰ ਬੈਠਾ ਸੀ, ਅੰਦਰ ਉਹ ਲੈਣਦਾਰ ਉਸ ਨੂੰ (ਆਦਮੀ ਨੂੰ) ਕਹਿ ਰਿਹਾ ਸੀ, 'ਤੁਸੀਂ ਇਹੋ ਜਿਹੀ ਨਲਾਇਕੀ ਕਰਦੇ ਹੋ ? ਇਹ ਤਾਂ ਬਦਮਾਸ਼ੀ ਹੈ।' ਏਦਾਂ-ਉਦਾਂ ਕਰਕੇ ਬਹੁਤ ਗਾਲ਼ਾਂ ਕੱਢਣ ਲੱਗਾ, ਤਾਂ ਮੈਂ ਅੰਦਰ ਜਾ ਕੇ ਕਿਹਾ, 'ਤੁਸੀਂ ਲੈਣਦਾਰ ਹੋ ਨਾ ?' ਤਾਂ ਕਹਿੰਦਾ, 'ਹਾਂ'। ਮੈਂ ਉਸ ਨੂੰ ਕਿਹਾ, "ਦੇਖੋ, ਮੈਂ ਦੇਣ ਦਾ ਐਗਰੀਮੈਂਟ (ਕਰਾਰ) ਕੀਤਾ ਹੈ ਅਤੇ ਤੁਸੀਂ ਲੈਣ ਦਾ ਐਗਰੀਮੈਂਟ ਕੀਤਾ ਹੈ। ਇਹ ਤੁਸੀਂ ਜੋ ਗਾਲ਼ਾਂ ਕੱਢਦੇ ਹੋ, ਉਹ 'ਐਕਸਟ੍ਰਾ ਆਈਟਮ' (ਵਿਸ਼ੇਸ਼ ਵਸਤੂ) ਹੈ, ਉਸ ਦਾ ਪੇਮੈਂਟ ਕਰਨਾ ਹੋਵੇਗਾ। ਗਾਲ਼ਾਂ ਦੇਣ ਦੀ ਸ਼ਰਤ ਕਰਾਰ ਵਿੱਚ ਨਹੀਂ ਰੱਖੀ ਹੈ, ਹਰੇਕ ਗਾਲ਼ ਦੇ ਚਾਲੀ ਰੁਪਏ ਕੱਟੇ ਜਾਣਗੇ। ਵਿਨੈ ਤੋਂ ਬਾਹਰ ਬੋਲੇ ਤਾਂ ਉਹ 'ਐਕਸਟ੍ਰਾ ਆਈਟਮ' ਕਹਾਵੇਗੀ, ਕਿਉਂਕਿ ਤੁਸੀਂ ਕਰਾਰ ਤੋਂ ਬਾਹਰ ਚੱਲੇ ਹੋ।" ਇੰਝ ਕਹਿਣ 'ਤੇ ਉਹ ਜ਼ਰੂਰ ਸਿੱਧਾ ਹੋ ਜਾਏਗਾ ਅਤੇ ਦੁਬਾਰਾ ਇੰਝ ਗਾਲ਼ਾਂ ਨਹੀਂ ਕੱਢੇਗਾ।

ਕਿਸੇ ਆਦਮੀ ਨੇ ਤੁਹਾਨੂੰ ਢਾਈ ਸੌ ਰੁਪਏ ਨਹੀਂ ਮੋੜੇ ਅਤੇ ਤੁਹਾਡੇ ਢਾਈ ਸੌ ਰੁਪਏ ਗਏ, ਉਸ ਵਿੱਚ ਭੁੱਲ ਕਿਸਦੀ ਹੈ ? ਤੁਹਾਡੀ ਹੀ ਨਾ ? ਭੁਗਤੇ ਉਸੇ ਦੀ ਭੁੱਲ। ਇਸ ਗਿਆਨ ਨਾਲ ਧਰਮ ਹੋਏਗਾ, ਇਸ ਲਈ ਸਾਹਮਣੇ ਵਾਲੇ 'ਤੇ ਦੋਸ਼ ਲਗਾਉਣਾ, ਕਸ਼ਾਏ ਕਰਨਾ, ਸਭ ਛੁੱਟ ਜਾਏਗਾ। ਅਰਥਾਤ 'ਭੁਗਤੇ ਉਸੇ ਦੀ

ਭੁੱਲ।' ਇਹ ਮੋਕਸ਼ ਵਿੱਚ ਲੈ ਜਾਵੇ ਇੰਝ ਦਾ ਹੈ। ਐਗਜੈਕਟ ਹੈ! 'ਭੁਗਤੇ ਉਸੇ ਦੀ ਭੁੱਲ।'

**ਪ੍ਰਸ਼ਨਕਰਤਾ** : ਇਹ ਗਿਆਨ ਉਤਪੰਨ ਹੋਇਆ ਉਸ ਤੋਂ ਪਹਿਲਾਂ ਤੁਹਾਡੀ ਭੂਮਿਕਾ ਤਿਆਰ ਹੋ ਗਈ ਸੀ ਨਾ ?

**ਦਾਦਾਸ਼੍ਰੀ** : ਭੂਮਿਕਾ ਯਾਨੀ ਮੈਨੂੰ ਕੁੱਝ ਆਉਂਦਾ ਨਹੀਂ ਸੀ। ਨਾ ਆਉਣ ਦੀ ਵਜ੍ਹਾ ਨਾਲ ਹੀ ਤਾਂ ਮੈਟ੍ਰਿਕ ਵਿੱਚੋਂ ਨਾ ਪਾਸ ਹੋ ਕੇ ਪਏ ਰਹੇ। ਮੇਰੀ ਭੂਮਿਕਾ ਵਿੱਚ ਚਰਿੱਤਰਬਲ ਉੱਚਾ ਸੀ, ਇੰਨਾ ਮੈਂ ਦੇਖਿਆ ਸੀ, ਫਿਰ ਵੀ ਚੋਰੀਆਂ ਕੀਤੀਆਂ ਸਨ। ਖੇਤਾਂ ਵਿੱਚ ਬੇਰ ਆਦਿ ਹੁੰਦੇ ਤਾਂ ਮੁੰਡਿਆਂ ਦੇ ਨਾਲ ਜਾਂਦੇ ਸੀ। ਹੁਣ ਦਰੱਖਤ ਕਿਸੇ ਦਾ ਅਤੇ ਅੰਬ ਅਸੀਂ ਲੈ ਆਈਏ ਉਹ ਚੋਰੀ ਨਹੀਂ ਕਹਾਏਗੀ ? ਬਚਪਨ ਵਿੱਚ ਸਭ ਮੁੰਡੇ ਅੰਬ ਖਾਣ ਜਾਣ ਤਾਂ ਅਸੀਂ ਵੀ ਨਾਲ ਜਾਂਦੇ ਸੀ। ਮੈਂ ਖਾਂਦਾ ਜ਼ਰੂਰ ਸੀ ਪਰ ਘਰ ਲੈ ਕੇ ਨਹੀਂ ਜਾਂਦਾ ਸੀ।

ਦੂਸਰਾ, ਜਦੋਂ ਤੋਂ ਵਪਾਰ ਕਰ ਰਿਹਾ ਹਾਂ, ਉਦੋਂ ਤੋਂ ਮੈਂ ਆਪਣੇ ਲਈ ਧੰਦੇ ਦੇ ਸਬੰਧ ਵਿੱਚ ਵਿਚਾਰ ਹੀ ਨਹੀਂ ਕੀਤਾ। ਸਾਡਾ ਵਪਾਰ ਜਿਵੇਂ ਚਲਦਾ ਹੋਵੇ, ਉਵੇਂ ਚਲਦਾ ਰਹਿੰਦਾ ਸੀ। ਪਰ ਤੁਹਾਨੂੰ ਮਿਲਣ 'ਤੇ ਸਭ ਤੋਂ ਪਹਿਲਾਂ, ਮੈਂ ਪੁੱਛਾਂਗਾ ਕਿ, 'ਤੁਹਾਡਾ ਕਿਵੇਂ ਚੱਲ ਰਿਹਾ ਹੈ ? ਤੁਹਾਨੂੰ ਕੀ ਤਕਲੀਫ਼ ਹੈ ?' ਅਰਥਾਤ ਤੁਹਾਡਾ ਸਮਾਧਾਨ ਕਰਾਂ, ਬਾਅਦ ਵਿੱਚ ਇਹ ਸੱਜਣ ਆਉਣ ਫਿਰ ਉਹਨਾਂ ਤੋਂ ਪੁੱਛਾਂ ਕਿ ਤੁਹਾਡਾ ਕਿਵੇਂ ਚੱਲ ਰਿਹਾ ਹੈ ? ਅਰਥਾਤ ਲੋਕਾਂ ਦੀਆਂ ਅੜਚਨਾਂ ਵਿੱਚ ਹੀ ਪਿਆ ਸੀ। ਸਾਰੀ ਜ਼ਿੰਦਗੀ ਮੈਂ ਇਹੀ ਧੰਦਾ ਕੀਤਾ ਸੀ ਹੋਰ ਕੋਈ ਧੰਦਾ ਹੀ ਨਹੀਂ ਕੀਤਾ, ਕਦੇ।

ਫਿਰ ਵੀ ਧੰਦੇ ਵਿੱਚ ਅਸੀਂ ਬਹੁਤ ਮਾਹਿਰ ਸੀ। ਕਿਸੇ ਮੁੱਦੇ ਤੇ ਕੋਈ ਚਾਰ ਮਹੀਨਿਆਂ ਤੋਂ ਉਲਝਿਆ ਹੋਇਆ ਹੋਵੇ ਤਾਂ ਉਸਨੂੰ ਮੈਂ ਇੱਕ ਦਿਨ ਵਿੱਚ ਸੁਲਝਾ ਦਿੰਦਾ ਸੀ।

ਕਿਉਂਕਿ ਕਿਸੇ ਦਾ ਵੀ ਦੁੱਖ ਮੈਥੋਂ ਦੇਖਿਆ ਨਹੀਂ ਜਾਂਦਾ ਸੀ। ਕਿਸੇ ਨੂੰ ਨੌਕਰੀ ਨਾ ਮਿਲਦੀ ਹੋਵੇ ਤਾਂ ਸਿਫ਼ਾਰਿਸ਼ਨਾਮਾ ਲਿਖ ਦਿੰਦਾ ਸੀ। ਇੰਝ-ਉਂਝ ਕਰਕੇ ਹੱਲ ਕੱਢ ਦਿੰਦਾ ਸੀ।

ਮੈਂ ਧੰਦਾ ਕਰਦਾ ਸੀ, ਉਸ ਵਿੱਚ ਆਪਣੇ ਹਿੱਸੇਦਾਰ ਨਾਲ ਇੱਕ ਨਿਯਮ ਬਣਾ ਰੱਖਿਆ ਸੀ ਕਿ ਜੇ ਮੈਂ ਨੌਕਰੀ ਕਰਦਾ ਹੋਵਾਂ ਤਾਂ ਮੈਨੂੰ ਜਿੰਨੇ ਪੈਸੇ ਮਿਲਣ ਓਨੇ ਹੀ ਘਰ ਭੇਜਣਾ। ਉਸ ਤੋਂ ਜ਼ਿਆਦਾ ਨਾ ਭੇਜਣਾ। ਉਹ ਪੈਸੇ ਬਿਲਕੁਲ ਖਰੇ ਹੋਣਗੇ।

ਦੂਸਰੇ ਪੈਸੇ ਉੱਥੇ ਧੰਦੇ ਵਿੱਚ ਹੀ ਰਹਿਣ, ਆਫ਼ਿਸ ਵਿੱਚ। ਤਾਂ ਉਹਨਾਂ ਨੇ ਮੈਥੋਂ ਪੁੱਛਿਆ, 'ਫਿਰ ਉਹਨਾਂ ਦਾ ਕੀ ਕਰੀਏ ?' ਮੈਂ ਕਿਹਾ, 'ਇਨਕਮ ਟੈਕਸ ਵਾਲਾ ਕਹੇ, ਡੇਢ ਲੱਖ ਭਰਪਾਈ ਕਰੋ ਤਾਂ ਉਹ ਪੈਸੇ ਦਾਦਾ ਦੇ ਨਾਮ 'ਤੇ ਭਰ ਦੇਣਾ। ਮੈਨੂੰ ਚਿੱਠੀ ਨਾ ਲਿਖਣਾ।'

**ਪ੍ਰਸ਼ਨਕਰਤਾ** : ਕਿਸੇ ਮਨੁੱਖ ਨੂੰ ਅਸੀਂ ਪੈਸੇ ਦਿੱਤੇ ਹੋਣ ਅਤੇ ਉਹ ਵਾਪਸ ਨਾ ਕਰ ਰਿਹਾ ਹੋਵੇ ਤਾਂ ਉਸ ਸਮੇਂ ਸਾਨੂੰ ਵਾਪਸ ਲੈਣ ਦਾ ਯਤਨ ਕਰਨਾ ਚਾਹੀਦਾ ਹੈ ਜਾਂ ਫਿਰ ਕਰਜ਼ ਅਦਾ ਹੋ ਗਿਆ ਮੰਨ ਕੇ ਸੰਤੋਖ ਨਾਲ ਬੈਠੇ ਰਹਿਣਾ ਚਾਹੀਦਾ ਹੈ ?

**ਦਾਦਾਸ਼੍ਰੀ** : ਉਹ ਵਾਪਸ ਕਰ ਸਕੇ ਇਹੋ ਜਿਹੀ ਸਥਿਤੀ ਹੋਵੇ ਤਾਂ ਯਤਨ ਕਰਨਾ ਅਤੇ ਨਾ ਮੋੜ ਸਕੇ ਇਹੋ ਜਿਹੀ ਸਥਿਤੀ ਹੋਵੇ ਤਾਂ ਛੱਡ ਦੇਣਾ।

**ਪ੍ਰਸ਼ਨਕਰਤਾ** : ਯਤਨ ਕਰਨਾ ਜਾਂ ਫਿਰ ਇੰਝ ਸਮਝਣਾ ਕਿ ਉਹ ਸਾਨੂੰ ਦੇਣ ਵਾਲਾ ਹੋਏਗਾ ਤਾਂ ਘਰ ਬੈਠੇ ਦੇ ਜਾਏਗਾ ਅਤੇ ਜੇ ਨਾ ਆਵੇ ਤਾਂ ਸਮਝ ਲੈਣਾ ਕਿ ਸਾਡਾ ਕਰਜ਼ ਚੁਕਤਾ ਹੋ ਗਿਆ, ਇੰਝ ਮੰਨ ਲਈਏ ?

**ਦਾਦਾਸ਼੍ਰੀ** : ਨਹੀਂ, ਨਹੀਂ, ਉਸ ਹੱਦ ਤੱਕ ਮੰਨਣ ਦੀ ਜ਼ਰੂਰਤ ਨਹੀਂ ਹੈ। ਸਾਨੂੰ ਸੁਭਾਵਿਕ ਯਤਨ ਕਰਨਾ ਚਾਹੀਦਾ ਹੈ। ਸਾਨੂੰ ਉਸਨੂੰ ਕਹਿਣਾ ਚਾਹੀਦਾ ਹੈ ਕਿ 'ਮੈਨੂੰ ਜ਼ਰਾ ਪੈਸੇ ਦੀ ਤੰਗੀ ਹੈ, ਜੇ ਤੁਹਾਡੇ ਕੋਲ ਹੋਣ ਤਾਂ ਕਿਰਪਾ ਕਰਕੇ ਮੈਨੂੰ ਭੇਜ ਦਿਓ।' ਇਸ ਤਰ੍ਹਾਂ ਵਿਨੈ ਪੂਰਵਕ ਕਹਿਣਾ ਚਾਹੀਦਾ ਹੈ ਅਤੇ ਨਾ ਆਉਣ 'ਤੇ ਸਮਝ ਲੈਣਾ ਕਿ ਸਾਡਾ ਕੋਈ ਹਿਸਾਬ ਹੋਏਗਾ ਜੋ ਚੁਕਤਾ ਹੋ ਗਿਆ। ਪਰ ਜੇ ਅਸੀਂ ਯਤਨ ਹੀ ਨਾ ਕਰੀਏ ਤਾਂ ਉਹ ਸਾਨੂੰ ਮੂਰਖ ਸਮਝੇਗਾ ਅਤੇ ਪੁੱਠੀ ਰਾਹ 'ਤੇ ਚੜ੍ਹ ਜਾਏਗਾ।

ਇਹ ਸੰਸਾਰ ਤਾਂ ਸਾਰਾ ਪਜ਼ਲ ਹੈ। ਇਸ ਵਿੱਚ ਮਨੁੱਖ ਮਾਰ ਖਾ-ਖਾ ਕੇ ਮਰ ਜਾਂਦਾ ਹੈ। ਅਨੰਤ ਅਵਤਾਰ ਮਾਰ ਖਾਧੀ ਅਤੇ ਜਦੋਂ ਛੁਟਕਾਰੇ ਦਾ ਵਕਤ ਆਇਆ ਉਦੋਂ ਵੀ ਆਪਣਾ ਛੁਟਕਾਰਾ ਨਹੀਂ ਕਰਦਾ। ਛੁੱਟਣ ਦਾ ਇਹੋ ਜਿਹਾ ਵਕਤ ਫਿਰ ਨਹੀਂ ਆਏਗਾ ਨਾ! ਅਤੇ ਜੋ ਮੁਕਤ ਹੋ ਗਿਆ ਹੈ (ਬੰਧਨ ਤੋਂ ਮੁਕਤ ਹੋਇਆ ਹੋਵੇ) ਉਹੀ ਸਾਨੂੰ ਮੁਕਤ ਕਰਵਾਏਗਾ, ਬੰਧਨਵਾਲਾ ਸਾਨੂੰ ਕਿਵੇਂ ਛੁਡਾਏਗਾ ? ਜੋ ਮੁਕਤ ਹੋ ਚੁੱਕਾ ਹੈ ਉਸ ਦਾ ਮਹੱਤਵ ਹੈ। 'ਇਹ ਪੈਸੇ ਨਹੀਂ ਮੋੜੇਗਾ ਤਾਂ ਕੀ ਹੋਏਗਾ ?', ਇਹੋ ਜਿਹਾ ਵਿਚਾਰ ਆਉਣ 'ਤੇ ਸਾਡਾ ਮਨ ਨਿਰਬਲ ਹੁੰਦਾ ਜਾਏਗਾ। ਇਸ ਲਈ ਕਿਸੇ ਨੂੰ ਪੈਸੇ ਦੇਣ ਤੋਂ ਬਾਅਦ, ਤੈਅ ਕਰ ਲੈਣਾ ਕਿ ਕਾਲੀ ਚਿੰਦੀ (ਕਾਲੇ ਕੱਪੜੇ) ਵਿੱਚ ਬੰਨ੍ਹ ਕੇ ਦਰਿਆ ਵਿੱਚ ਸੁੱਟ ਦਿੱਤੇ ਹਨ, ਫਿਰ ਕੀ

ਤੁਸੀਂ ਉਸ ਦੀ ਉਮੀਦ ਰੱਖੋਗੇ ? ਦੇਣ ਤੋਂ ਪਹਿਲਾਂ ਹੀ ਉਮੀਦ ਰੱਖੇ ਬਿਨਾਂ ਦਿਓ, ਵਰਨਾ ਦੇਣਾ ਹੀ ਨਹੀਂ।

ਇੰਝ ਹੈ ਨਾ, ਅਸੀਂ ਕਿਸੇ ਤੋਂ ਲਏ ਹੁੰਦੇ ਹਨ ਅਤੇ ਕਿਸੇ ਨੂੰ ਦਿੱਤੇ ਹੋਏ ਹੁੰਦੇ ਹਨ। ਸੰਸਾਰ ਵਿੱਚ ਲੈਣ-ਦੇਣ ਤਾਂ ਕਰਨਾ ਹੀ ਪੈਂਦਾ ਹੈ। ਅਸੀਂ ਕੁੱਝ ਲੋਕਾਂ ਨੂੰ ਰੁਪਏ ਉਧਾਰ ਦਿੱਤੇ ਹੋਣ, ਉਹਨਾਂ ਵਿੱਚੋਂ ਕਿਸੇ ਨੇ ਵਾਪਸ ਨਾ ਕੀਤੇ ਤਾਂ ਉਸਦੇ ਲਈ ਮਨ ਵਿੱਚ ਕਲੇਸ਼ ਹੁੰਦਾ ਰਹਿੰਦਾ ਹੈ ਕਿ, 'ਉਹ ਕਦੋਂ ਦੇਵੇਗਾ ? ਕਦੋਂ ਦੇਵੇਗਾ ?' ਹੁਣ ਇਹੋ ਜਿਹਾ ਕਲੇਸ਼ ਕਰਨ ਨਾਲ ਕੀ ਫ਼ਾਇਦਾ ?

ਸਾਡੇ ਨਾਲ ਵੀ ਇੰਝ ਹੋਇਆ ਸੀ ਨਾ! ਪੈਸੇ ਵਾਪਸ ਨਹੀਂ ਆਉਣਗੇ ਅਜਿਹੀ ਚਿੰਤਾ ਤਾਂ ਅਸੀਂ ਪਹਿਲਾਂ ਤੋਂ ਹੀ ਨਹੀਂ ਰੱਖਦੇ ਸੀ। ਪਰ ਸਧਾਰਨ ਟਕੋਰ ਕਰਦੇ ਸੀ, ਉਸਨੂੰ (ਉਸ ਆਦਮੀ ਨੂੰ) ਕਹਿੰਦੇ ਜ਼ਰੂਰ ਸੀ। ਅਸੀਂ ਇੱਕ ਆਦਮੀ ਨੂੰ ਪੰਜ ਸੌ ਰੁਪਏ ਦਿੱਤੇ ਸੀ। ਹੁਣ ਇਹੋ ਜਿਹੀ ਰਕਮ ਬਹੀ ਖਾਤੇ ਵਿੱਚ ਲਿਖੀ ਨਹੀਂ ਹੁੰਦੀ ਅਤੇ ਨਾ ਹੀ ਚਿੱਠੀ ਵਿੱਚ ਦਸਤਖ਼ਤ ਆਦਿ ਹੁੰਦੇ ਹਨ। ਫਿਰ ਉਸ ਗੱਲ ਨੂੰ ਸਾਲ ਡੇਢ ਸਾਲ ਹੋ ਗਿਆ ਸੀ। ਮੈਨੂੰ ਵੀ ਕਦੇ ਯਾਦ ਨਹੀਂ ਆਇਆ। ਇੱਕ ਦਿਨ ਉਹ ਆਦਮੀ ਮੈਨੂੰ ਮਿਲ ਗਿਆ, ਉਦੋਂ ਮੈਨੂੰ ਯਾਦ ਆਇਆ, ਮੈਂ ਕਿਹਾ ਕਿ, 'ਉਹ ਪੰਜ ਸੌ ਰੁਪਏ ਭੇਜ ਦੇਣਾ।' ਤਾਂ ਉਹ ਕਹਿਣ ਲੱਗਾ, 'ਕਿਹੜੇ ਪੰਜ ਸੌ ?' ਮੈਂ ਕਿਹਾ ਕਿ, 'ਤੁਸੀਂ ਮੇਰੇ ਤੋਂ ਲੈ ਗਏ ਸੀ ਉਹ।' ਉਸ ਨੇ ਕਿਹਾ, 'ਤੁਸੀਂ ਮੈਨੂੰ ਕਦੋਂ ਦਿੱਤੇ ਸੀ ? ਰੁਪਏ ਤਾਂ, ਮੈਂ ਤੁਹਾਨੂੰ ਉਧਾਰ ਦਿੱਤੇ ਸਨ, ਕੀ ਭੁੱਲ ਗਏ ?' ਤਾਂ ਮੈਂ ਸਮਝ ਗਿਆ। ਫਿਰ ਮੈਂ ਕਿਹਾ ਕਿ, 'ਹਾਂ ਮੈਨੂੰ ਯਾਦ ਆ ਰਿਹਾ ਹੈ, ਹੁਣ ਤੁਸੀਂ ਕੱਲ੍ਹ ਆ ਕੇ ਲੈ ਜਾਣਾ।' ਫਿਰ ਦੂਸਰੇ ਦਿਨ ਰੁਪਏ ਦੇ ਦਿੱਤੇ। ਉਹ ਆਦਮੀ ਗਲ਼ਾ ਫੜੇ ਕਿ ਤੁਸੀਂ ਮੇਰੇ ਰੁਪਏ ਨਹੀਂ ਦਿੰਦੇ, ਤਾਂ ਕੀ ਕਰਾਂਗੇ ? ਇਹ ਵਾਸਤਵਿਕ ਘਟਨਾ ਹੈ।

ਇਸ ਸੰਸਾਰ ਦੀ ਬਰਾਬਰੀ ਕਿਵੇਂ ਕਰੀਏ ? ਤੁਸੀਂ ਕਿਸੇ ਨੂੰ ਪੈਸੇ ਦਿੱਤੇ ਹੋਣ, ਤਾਂ ਜਿਵੇਂ ਕਾਲੀ ਚਿੰਦੀ ਵਿੱਚ ਬੰਨ੍ਹ ਕੇ ਦਰਿਆ ਵਿੱਚ ਸੁੱਟ ਕੇ ਫਿਰ ਉਸ ਦੀ ਆਸ਼ਾ (ਉਮੀਦ) ਰੱਖੀਏ, ਇਹੋ ਜਿਹੀ ਮੂਰਖਤਾ ਹੈ। ਕਦੇ ਆ ਜਾਵੇ ਤਾਂ ਜਮ੍ਹਾਂ ਕਰ ਲੈਣਾ ਅਤੇ ਉਸ ਦਿਨ ਉਸਨੂੰ ਚਾਹ-ਪਾਣੀ ਪਿਲਾ ਕੇ ਕਹਿਣਾ ਕਿ, 'ਭਾਈ, ਤੁਹਾਡਾ ਉਪਕਾਰ ਹੈ ਜੋ ਤੁਸੀਂ ਰੁਪਏ ਮੋੜਨ ਆਏ ਵਰਨਾ ਇਸ ਕਾਲ ਵਿੱਚ ਤਾਂ ਰੁਪਏ ਵਾਪਸ ਆਉਣ ਵਾਲੇ ਨਹੀਂ ਹਨ। ਤੁਸੀਂ ਮੋੜੇ ਉਹ ਅਜੂਬਾ ਹੀ ਕਹਾਏਗਾ।' ਜੇਕਰ ਉਹ ਕਹੇ ਕਿ, 'ਵਿਆਜ ਨਹੀਂ ਮਿਲੇਗਾ।' ਤਾਂ ਕਹੋ, 'ਮੂਲ ਲਿਆਏ ਇਹੀ ਬਹੁਤ ਹੈ।' ਸਮਝੇ ਤੁਸੀਂ ? ਇਹੋ ਜਿਹਾ ਸੰਸਾਰ ਹੈ। ਜਿਸ ਨੇ ਲਏ ਹਨ ਉਸ ਨੂੰ

ਮੋੜਨ ਦਾ ਦੁੱਖ ਹੈ, ਜੋ ਉਧਾਰ ਦਿੰਦਾ ਹੈ ਉਸ ਨੂੰ ਵਸੂਲੀ ਦਾ ਦੁੱਖ ਹੈ। ਹੁਣ ਇਸ ਵਿੱਚ ਸੁਖੀ ਕੌਣ ਹੈ ? ਅਤੇ ਹੈ ਸਭ 'ਵਿਵਸਥਿਤ'! ਨਹੀਂ ਦਿੰਦਾ ਉਹ ਵੀ 'ਵਿਵਸਥਿਤ' ਹੈ, ਅਤੇ ਡਬਲ ਦਿੱਤੇ ਉਹ ਵੀ 'ਵਿਵਸਥਿਤ' ਹੈ।

**ਪ੍ਰਸ਼ਨਕਰਤਾ** : ਤੁਸੀਂ ਦੂਸਰੇ ਪੰਜ ਸੌ ਕਿਉਂ ਦਿੱਤੇ ?

**ਦਾਦਾਸ਼੍ਰੀ** : ਫਿਰ ਕਿਸੇ ਜਨਮ ਵਿੱਚ ਉਸ ਆਦਮੀ ਦੇ ਨਾਲ ਸਾਡੀ ਮੁਲਾਕਾਤ ਨਾ ਹੋਵੇ, ਇਸ ਲਈ।

ਲੋਕਾਂ ਨੂੰ ਪਤਾ ਲੱਗੇ ਕਿ ਮੇਰੇ ਕੋਲ ਪੈਸੇ ਆਏ ਹਨ ਤਾਂ ਲੋਕ ਮੇਰੇ ਤੋਂ ਪੈਸੇ ਮੰਗਣ ਆਏ। ਤਾਂ ਫਿਰ ਮੈਂ 1942 ਤੋਂ 1944 ਤੱਕ ਸਭ ਨੂੰ ਦਿੰਦਾ ਰਿਹਾ। ਫਿਰ 1945 ਵਿੱਚ ਮੈਂ ਤੈਅ ਕੀਤਾ ਕਿ ਹੁਣ ਅਸੀਂ ਤਾਂ ਮੋਕਸ਼ ਵੱਲ ਜਾਣਾ ਹੈ। ਹੁਣ ਇਹਨਾਂ ਲੋਕਾਂ ਨਾਲ ਸਾਡਾ ਮੇਲ ਕਿਵੇਂ ਹੋਏਗਾ ? ਮੈਂ ਸੋਚਿਆ ਕਿ ਜੇ ਮੈਂ ਵਸੂਲੀ ਕੀਤੀ ਤਾਂ ਇਹ ਵਾਪਸ ਰੁਪਏ ਉਧਾਰ ਲੈਣ ਆਉਣਗੇ ਅਤੇ ਵਿਹਾਰ ਚੱਲਦਾ ਰਹੇਗਾ। ਵਸੂਲੀ ਕਰੀਏ ਤਾਂ ਪੰਜ ਹਜ਼ਾਰ ਮੋੜ ਕੇ ਫਿਰ ਦਸ ਹਜ਼ਾਰ ਲੈਣ ਆਉਣਗੇ, ਉਸਦੇ ਬਜਾਏ ਪੰਜ ਹਜ਼ਾਰ ਉਹਨਾਂ ਦੇ ਕੋਲ ਰਹਿਣਗੇ ਤਾਂ ਉਹਨਾਂ ਦੇ ਮਨ ਵਿੱਚ ਹੋਏਗਾ ਕਿ 'ਹੁਣ ਇਹ (ਦਾਦਾਜੀ) ਨਾ ਮਿਲਣ ਤਾਂ ਚੰਗਾ।' ਕਦੇ ਰਸਤੇ ਵਿੱਚ ਮੈਨੂੰ ਦੇਖ ਕੇ ਉਹ ਦੂਸਰੇ ਪਾਸੇ ਨੂੰ ਚਲਾ ਜਾਵੇ ਤਾਂ ਮੈਂ ਵੀ ਸਮਝ ਜਾਂਦਾ ਸੀ। ਇਸ ਤਰ੍ਹਾਂ ਮੈਂ ਛੁੱਟ ਗਿਆ। ਮੈਂ ਇਹਨਾਂ ਸਭ ਨੂੰ ਛੱਡਣਾ ਸੀ ਅਤੇ ਇਹਨਾਂ ਸਾਰਿਆਂ ਨੇ ਛੱਡ ਦਿੱਤਾ ਮੈਨੂੰ!

ਨੈਚੁਰਲ ਨਿਆਂ ਕੀ ਕਹਿੰਦਾ ਹੈ ? ਕਿ ਜੋ ਹੋਇਆ ਸੋ ਕਰੈਕਟ, ਜੋ ਹੋਇਆ ਸੋ ਹੀ ਨਿਆਂ। ਜੇ ਤੁਹਾਨੂੰ ਮੋਕਸ਼ ਚਾਹੀਦਾ ਹੋਵੇ ਤਾਂ ਹੋਇਆ ਸੋ ਨਿਆਂ ਸਮਝੋ ਅਤੇ ਜੇ ਭਟਕਣਾ ਹੋਵੇ ਤਾਂ ਕੋਰਟ ਦੇ ਨਿਆਂ ਨਾਲ ਨਿਪਟਾਰਾ ਲਿਆਓ। ਕੁਦਰਤ ਕੀ ਕਹਿੰਦੀ ਹੈ ? ਹੋਇਆ ਸੋ ਨਿਆਂ ਅਜਿਹਾ ਤੁਸੀਂ ਸਮਝ ਜਾਓਗੇ, ਤਾਂ ਤੁਸੀਂ ਨਿਰਵਿਕਲਪ ਹੁੰਦੇ ਜਾਓਗੇ ਅਤੇ ਕੋਰਟ ਦੇ ਨਿਆਂ ਨਾਲ ਜੇ ਨਿਪਟਾਰਾ ਕਰਨ ਗਏ ਤਾਂ ਵਿਕਲਪੀ ਹੁੰਦੇ ਜਾਓਗੇ।

ਤਿੰਨ-ਤਿੰਨ ਵਾਰੀ ਚੱਕਰ ਮਾਰੀਏ, ਫਿਰ ਵੀ ਉਗਾਹੀ ਵਾਲਾ ਮਿਲਦਾ ਨਹੀਂ ਅਤੇ ਜੇ ਮਿਲ ਜਾਵੇ ਤਾਂ ਉਲਟਾ ਉਹ ਸਾਡੇ ਉੱਤੇ ਚਿੜ ਜਾਏਗਾ। ਇਹ ਮਾਰਗ ਅਜਿਹਾ ਹੈ ਕਿ ਉਗਾਹੀ ਵਾਲਾ ਸਾਨੂੰ ਘਰ ਬੈਠੇ ਪੈਸੇ ਦੇਣ ਆਵੇ। ਜਦੋਂ ਪੰਜ-ਸੱਤ ਵਾਰੀ ਉਗਾਹੀ ਕਰਨ 'ਤੇ ਅਖੀਰ ਵਿੱਚ ਉਹ ਕਹੇ ਕਿ 'ਮਹੀਨੇ ਬਾਅਦ ਆਉਣਾ' ਉਦੋਂ ਵੀ ਤੁਹਾਡੇ ਪਰਿਣਾਮ ਨਹੀਂ ਬਦਲਦੇ ਤਾਂ ਘਰ ਬੈਠੇ ਪੈਸੇ ਆਉਣਗੇ।

ਪਰ ਤੁਹਾਡੇ ਪਰਿਣਾਮ ਬਦਲ ਜਾਂਦੇ ਹਨ ਨਾ ? 'ਇਹ ਤਾਂ ਘੱਟ ਅਕਲ ਵਾਲਾ ਹੈ। ਨਲਾਇਕ ਆਦਮੀ ਹੈ, ਫ਼ਜ਼ੂਲ ਧੱਕੇ ਖਾਧੇ।' ਇੰਝ, ਪਰਿਣਾਮ ਬਦਲੇ ਹੋਏ ਹੁੰਦੇ ਹਨ। ਤਾਂ ਫਿਰ ਤੋਂ ਤੁਸੀਂ ਜਾਓ ਤਾਂ ਉਹ ਗਾਲ੍ਹਾਂ ਕੱਢਦਾ ਹੈ। ਤੁਹਾਡੇ ਪਰਿਣਾਮ ਬਦਲ ਜਾਂਦੇ ਹਨ ਇਸ ਲਈ, ਸਾਹਮਣੇ ਵਾਲਾ ਵਿਗੜਦਾ ਨਾ ਹੋਵੇ ਤਾਂ ਵੀ ਵਿਗੜ ਜਾਂਦਾ ਹੈ।

**ਪ੍ਰਸ਼ਨਕਰਤਾ** : ਇਸ ਦਾ ਅਰਥ ਇਹ ਹੋਇਆ ਕਿ ਅਸੀਂ ਸਾਹਮਣੇ ਵਾਲੇ ਨੂੰ ਵਿਗਾੜਦੇ ਹਾਂ ?

**ਦਾਦਾਸ਼੍ਰੀ** : ਤੁਸੀਂ ਹੀ ਆਪਣਾ ਸਭ ਕੁੱਝ ਵਿਗਾੜਿਆ ਹੈ। ਜਿੰਨੀਆਂ ਵੀ ਮੁਸੀਬਤਾਂ ਹਨ, ਉਹ ਸਾਰੀਆਂ ਤੁਸੀਂ ਹੀ ਖੜ੍ਹੀਆਂ ਕੀਤੀਆਂ ਹਨ। ਹੁਣ ਉਸ ਨੂੰ ਸੁਧਾਰਨ ਦਾ ਰਸਤਾ ਕੀ ਹੈ ? ਸਾਹਮਣੇ ਵਾਲਾ ਕਿੰਨਾ ਵੀ ਦੁੱਖ ਦਿੰਦਾ ਹੋਵੇ, ਪਰ ਉਸ ਦੇ ਲਈ ਜ਼ਰਾ ਵੀ ਉਲਟਾ ਵਿਚਾਰ ਨਾ ਆਏ, ਉਹ ਉਸ ਨੂੰ ਸੁਧਾਰਨ ਦਾ ਰਸਤਾ ਹੈ। ਇਸ ਨਾਲ ਸਾਡਾ ਵੀ ਸੁਧਰੇਗਾ ਅਤੇ ਉਸਦਾ ਵੀ ਸੁਧਰੇਗਾ। ਸੰਸਾਰ ਦੇ ਲੋਕਾਂ ਨੂੰ ਉਲਟਾ ਵਿਚਾਰ ਆਏ ਬਗੈਰ ਨਹੀਂ ਰਹਿੰਦਾ, ਤਾਂ ਹੀ ਤਾਂ ਅਸੀਂ ਸਮਭਾਵ ਨਾਲ ਨਿਪਟਾਰਾ ਕਰਨ ਨੂੰ ਕਿਹਾ ਹੈ। ਸਮਭਾਵ ਨਾਲ ਨਿਪਟਾਰਾ ਯਾਨੀ ਕਿ ਉਸ ਦੇ ਲਈ ਕੁੱਝ ਵੀ ਉਲਟਾ ਸੋਚਣਾ ਹੀ ਨਹੀਂ।

ਉਗਾਹੀ ਕਰਨ ਜਾਓ ਤੇ ਕੋਈ ਆਦਮੀ ਤੰਗੀ ਵਿੱਚ ਹੋਣ ਕਰਕੇ ਦਿੰਦਾ ਨਾ ਹੋਵੇ, ਤਾਂ ਫਿਰ ਅਖੀਰ ਤੱਕ ਉਸਦੇ ਪਿੱਛੇ ਦੌੜਦੇ ਨਹੀਂ ਰਹਿਣਾ। ਉਹ ਵੈਰ ਬੰਨ੍ਹੇਗਾ! ਜੇ ਉਹ ਪ੍ਰੇਤ ਯੋਨੀ ਵਿੱਚ ਗਿਆ ਤਾਂ ਸਾਨੂੰ ਪਰੇਸ਼ਾਨ ਕਰ ਕੇ ਰੱਖ ਦੇਵੇ। ਉਸ ਦੇ ਕੋਲ ਨਹੀਂ ਹਨ ਇਸ ਲਈ ਨਹੀਂ ਦਿੰਦਾ, ਉਸ ਵਿੱਚ ਉਸ ਵਿਚਾਰੇ ਦਾ ਕੀ ਕਸੂਰ ? ਲੋਕ ਤਾਂ ਹੋਣ 'ਤੇ ਵੀ ਨਹੀਂ ਦਿੰਦੇ!

**ਪ੍ਰਸ਼ਨਕਰਤਾ** : ਹੋਣ 'ਤੇ ਵੀ ਨਾ ਦੇਣ ਤਾਂ ਕੀ ਕਰਨਾ ਚਾਹੀਦਾ ਹੈ ?

**ਦਾਦਾਸ਼੍ਰੀ** : ਹੋਣ 'ਤੇ ਨਾ ਦੇਣ ਤਾਂ ਕੀ ਕਰ ਲਵਾਂਗੇ ਅਸੀਂ ਉਸ ਦਾ ? ਦਾਅਵਾ ਦਾਇਰ ਕਰਾਂਗੇ! ਹੋਰ ਕੀ ? ਉਸਨੂੰ ਮਾਰਾਂਗੇ ਤਾਂ ਪੁਲਿਸ ਵਾਲੇ ਸਾਨੂੰ ਫੜ ਕੇ ਲੈ ਜਾਣਗੇ ਨਾ ?

ਕੋਰਟ ਵਿੱਚ ਨਾ ਜਾਓ ਉਹੀ ਚੰਗਾ। ਜੋ ਸਿਆਣਾ ਮਨੁੱਖ ਹੋਏਗਾ ਉਹ ਕੋਰਟ ਵਿੱਚ ਨਹੀਂ ਜਾਏਗਾ। ਮੇਰਾ ਹੋਏਗਾ ਤਾਂ ਆ ਜਾਏਗਾ, ਨਹੀਂ ਆਏਗਾ ਤਾਂ ਗਿਆ। ਪਰ ਅਜਿਹੀ ਬਲਾ ਨੂੰ ਵਾਪਿਸ ਨਹੀਂ ਬੁਲਾਏਗਾ। ਬਿਨਾਂ ਵਜ੍ਹਾ ਦੇ ਬਲਾਵਾਂ ਪਰੇਸ਼ਾਨ ਕਰਦੀਆਂ ਹਨ। ਹੁਣ ਤਾਂ ਜਿੱਤ ਜਾਵਾਂਗੇ (ਕੋਰਟ ਵਿੱਚ) ਪਰ

ਉਸ ਤੋਂ ਪਹਿਲੇ ਤਾਂ, 'ਬੇਅਕਲ ਹੋ, ਗਧੇ ਹੋ!' ਕਹਿੰਦਾ ਹੈ। ਆਹ, ਅਕਲ ਦਾ ਬੋਰਾ! ਅਤੇ ਇਹ ਆਦਮੀ! ਗਧਾ ਨਹੀਂ ਹੈ! ਸਭ ਜਗ੍ਹਾ ਇੰਝ ਬੋਲਣਾ ਚਾਹੀਦਾ ਹੈ ? ਸਾਡੇ ਭਗਤ ਹੈ ਨਾ, ਵਕੀਲ, ਉਹ ਕਹਿੰਦੇ ਹਨ ਅਸੀਂ ਵੀ ਇੰਝ ਕਹਿੰਦੇ ਹਾਂ। ਓਏ! ਕਿੰਨਾ ਫਜ਼ੂਲ ਆਦਮੀ ਹੈ ਉਹ ? ਆਹ ਤਾਂ ਚੰਗਾ ਹੈ ਕਿ ਲੋਕ ਸਿੱਧੇ ਹਨ ਇਸ ਲਈ ਸੁਣ ਲੈਂਦੇ ਹਨ, ਨਹੀਂ ਤਾਂ ਤੁਹਾਨੂੰ ਜੁੱਤੀਆਂ ਮਾਰਨ ਤਾਂ ਕੀ ਕਰ ਲਓਗੇ ?

ਕੋਈ ਤੁਹਾਡੇ ਕੋਲੋਂ ਰੁਪਏ ਲੈ ਜਾਏ ਅਤੇ ਇਸ ਗੱਲ ਨੂੰ ਤਿੰਨ-ਚਾਰ ਸਾਲ ਬੀਤ ਜਾਣ, ਉਦੋਂ ਤੁਹਾਡੀ ਰਕਮ ਸ਼ਾਇਦ ਕੋਰਟ ਦੇ ਕਾਨੂੰਨ ਤੋਂ ਬਾਹਰ ਹੋ ਜਾਵੇ ਪਰ ਨੇਚਰ (ਕੁਦਰਤ) ਦਾ ਕਾਨੂੰਨ ਤਾਂ ਕੋਈ ਨਹੀਂ ਤੋੜ ਸਕਦਾ ਨਾ! ਨੇਚਰ ਦੇ ਕਾਨੂੰਨ ਅਨੁਸਾਰ ਰਕਮ ਵਿਆਜ ਸਹਿਤ ਵਾਪਸ ਆਉਂਦੀ ਹੈ। ਇੱਥੋਂ (ਕੋਰਟ) ਦੇ ਕਾਨੂੰਨ ਅਨੁਸਾਰ ਕੁੱਝ ਵੀ ਨਹੀਂ ਮਿਲੇਗਾ, ਇਹ ਤਾਂ ਸਮਾਜਿਕ ਕਾਨੂੰਨ ਹੈ। ਪਰ ਕੁਦਰਤ ਦੇ ਕਾਨੂੰਨ ਵਿੱਚ ਤਾਂ ਵਿਆਜ ਸਹਿਤ ਮਿਲਦਾ ਹੈ। ਇਸ ਲਈ ਕਦੇ ਕੋਈ ਸਾਡੇ ਤਿੰਨ ਸੌ ਰੁਪਏ ਵਾਪਸ ਨਾ ਕਰਦਾ ਹੋਵੇ ਤਾਂ ਸਾਨੂੰ ਉਹਨਾਂ ਤੋਂ ਉਗਾਹੀ ਕਰਨੀ ਚਾਹੀਦੀ ਹੈ। ਵਾਪਸ ਲੈਣ ਦਾ ਕਾਰਨ ਕੀ ਹੈ ? ਇਹ ਆਦਮੀ ਰਕਮ ਹੀ ਨਹੀਂ ਮੋੜਦਾ ਪਰ ਕੁਦਰਤ ਦਾ ਵਿਆਜ ਤਾਂ ਕਿੰਨਾ ਭਾਰੀ ਹੁੰਦਾ ਹੈ ? ਸੌ-ਦੋ ਸੌ ਸਾਲ ਵਿੱਚ ਤਾਂ ਰਕਮ ਕਿੰਨੀ ਹੋ ਜਾਏਗੀ ? ਇਸ ਲਈ ਉਗਾਹੀ ਕਰਕੇ ਸਾਨੂੰ ਉਹਨਾਂ ਤੋਂ ਵਾਪਸ ਲੈ ਲੈਣੇ ਚਾਹੀਦੇ ਹਨ, ਜਿਸ ਨਾਲ ਵਿਚਾਰੇ ਨੂੰ ਓਨਾ ਭਾਰੀ ਜੋਖ਼ਿਮ ਉਠਾਉਣਾ ਨਾ ਪਵੇ। ਪਰ ਜੇ ਉਹ ਨਾ ਮੋੜੇ ਅਤੇ ਜੋਖ਼ਿਮ ਮੁੱਲ ਲਵੇ ਉਸਦੇ ਜ਼ਿੰਮੇਵਾਰ ਅਸੀਂ ਨਹੀਂ ਹਾਂ।

**ਪ੍ਰਸ਼ਨਕਰਤਾ** : ਕੁਦਰਤ ਦੇ ਵਿਆਜ ਦੀ ਦਰ ਕੀ ਹੈ ?

**ਦਾਦਾਸ਼੍ਰੀ** : ਨੈਚੁਰਲ ਇੰਟਰਸਟ ਇਜ਼ ਵਨ ਪਰਸੈਂਟ ਐਨੂਅਲੀ। ਅਰਥਾਤ ਸੌ ਰੁਪਏ 'ਤੇ ਇੱਕ ਰੁਪਈਆ! ਜੇ ਉਹ ਤਿੰਨ ਸੌ ਰੁਪਏ ਨਹੀਂ ਮੋੜਦਾ ਤਾਂ ਹਰਜ਼ ਨਹੀਂ। ਅਸੀਂ ਕਹੀਏ, ਅਸੀਂ ਦੋਵੇਂ ਦੋਸਤ! ਅਸੀਂ ਇਕੱਠੇ ਪੱਤੇ ਖੇਡੀਏ। ਕਿਉਂਕਿ ਤੁਹਾਡੀ ਕੋਈ ਰਕਮ ਜਾਣ ਵਾਲੀ ਨਹੀਂ ਹੈ ਨਾ! ਇਹ ਨੇਚਰ ਇੰਨੀ ਕਰੈਕਟ ਹੈ ਕਿ ਜੇ ਤੁਹਾਡਾ ਇੱਕ ਬਾਲ ਵੀ ਚੁਰਾਇਆ ਹੋਵੇਗਾ ਤਾਂ ਵੀ ਉਹ ਕਿਤੇ ਜਾਣ ਵਾਲਾ ਨਹੀਂ ਹੈ। ਨੇਚਰ ਬਿਲਕੁਲ ਕਰੈਕਟ ਹੈ। ਪਰਮਾਣੂ ਤੋਂ ਲੈ ਕੇ ਪਰਮਾਣੂ ਤੱਕ ਕਰੈਕਟ ਹੈ। ਇਸ ਲਈ ਵਕੀਲ ਕਰਨ ਜਿਹਾ ਇਹ ਸੰਸਾਰ ਹੀ ਨਹੀਂ ਹੈ। ਮੈਨੂੰ ਚੋਰ ਮਿਲੇਗਾ, ਲੁਟੇਰਾ ਮਿਲੇਗਾ ਇਹੋ ਜਿਹਾ ਭੈਅ (ਡਰ) ਵੀ ਰੱਖਣ ਜਿਹਾ ਨਹੀਂ ਹੈ।

ਇਹ ਤਾਂ ਪੇਪਰ ਵਿੱਚ ਆਵੇ ਕਿ ਅੱਜ ਫਲਾਣੇ ਨੂੰ ਗੱਡੀ ਤੋਂ ਉਤਾਰ ਕੇ ਗਹਿਣੇ ਲੁੱਟ ਲਏ, ਫਲਾਣੇ ਨੂੰ ਗੱਡੀ ਵਿੱਚ ਮਾਰ ਕੇ ਪੈਸੇ ਲੈ ਲਏ। 'ਤਾਂ ਹੁਣ ਸੋਨਾ ਪਹਿਨਣਾ ਕਿ ਨਹੀਂ ਪਹਿਨਣਾ ?' ਡੋਂਟ ਵਰੀ! (ਚਿੰਤਾ ਛੱਡੋ) ਕਰੋੜ ਰੁਪਏ ਦੇ ਰਤਨ ਪਹਿਨ ਕੇ ਘੁੰਮੋਗੇ ਤਾਂ ਵੀ ਤੁਹਾਨੂੰ ਕੋਈ ਛੂਹ ਨਹੀਂ ਸਕਦਾ। ਇਹੋ ਜਿਹਾ ਹੈ ਅਤੇ ਇਹ ਬਿਲਕੁਲ ਕਰੈਕਟ ਹੈ। ਜੇ ਤੁਹਾਡੀ ਜੋਖ਼ਿਮਦਾਰੀ ਹੋਵੇਗੀ ਤਾਂ ਹੀ ਤੁਹਾਨੂੰ ਛੂਹੇਗਾ। ਇਸ ਲਈ ਅਸੀਂ ਕਹਿੰਦੇ ਹਾਂ ਕਿ ਤੁਹਾਡਾ ਉੱਪਰੀ (ਮਾਲਕ) ਕੋਈ ਬਾਪ ਵੀ ਨਹੀਂ ਹੈ। 'ਡੋਂਟ ਵਰੀ!' ਨਿਰਭੈਅ ਹੋ ਜਾਓ।

ਧੰਦੇ ਵਿੱਚ ਬਿਨਾਂ ਹੱਕ ਦਾ (ਹਰਾਮ ਦਾ) ਨਹੀਂ ਆਉਣਾ ਚਾਹੀਦਾ। ਅਤੇ ਜਿਸ ਦਿਨ ਬਿਨਾਂ ਹੱਕ ਦਾ ਲਓਗੇ ਉਸ ਦਿਨ ਤੋਂ ਧੰਦੇ ਵਿੱਚ ਬਰਕਤ ਨਹੀਂ ਰਹੇਗੀ। ਭਗਵਾਨ ਹੱਥ ਪਾਉਂਦੇ ਹੀ ਨਹੀਂ। ਧੰਦੇ ਵਿੱਚ ਤਾਂ ਤੁਹਾਡੀ ਕੁਸ਼ਲਤਾ ਅਤੇ ਤੁਹਾਡੀ ਨੀਤੀਮਤਾ ਦੋ ਹੀ ਕੰਮ ਆਉਣਗੇ। ਅਨੀਤੀ ਨਾਲ ਸਾਲ-ਦੋ ਸਾਲ ਠੀਕ ਮਿਲੇਗਾ ਪਰ ਫਿਰ ਨੁਕਸਾਨ ਹੋਏਗਾ। ਗਲਤ ਹੋਣ 'ਤੇ ਜੇ ਪਛਤਾਵਾ ਕਰੋਗੇ ਤਾਂ ਵੀ ਛੁੱਟ ਜਾਓਗੇ। ਵਿਹਾਰ ਦਾ ਸਾਰ ਜੇ ਕੁੱਝ ਹੈ ਤਾਂ ਉਹ ਨੀਤੀ ਹੀ ਹੈ। ਪੈਸੇ ਘੱਟ ਹੋਣਗੇ ਪਰ ਨੀਤੀ ਹੋਏਗੀ ਤਾਂ ਵੀ ਤੁਹਾਨੂੰ ਸ਼ਾਂਤੀ ਰਹੇਗੀ ਅਤੇ ਬਿਨਾਂ ਨੀਤੀ ਦੇ, ਪੈਸੇ ਜ਼ਿਆਦਾ ਹੋਣ 'ਤੇ ਵੀ ਅਸ਼ਾਂਤੀ ਰਹੇਗੀ। ਨੈਤਿਕਤਾ ਦੇ ਬਿਨਾਂ ਧਰਮ ਹੀ ਨਹੀਂ। ਧਰਮ ਦੀ ਨੀਂਹ ਹੀ ਨੈਤਿਕਤਾ ਹੈ।

ਇਸ ਦਾ ਭਾਵ ਇਹ ਹੈ ਕਿ ਪਾਲਨ ਕਰ ਸਕੋ ਤਾਂ ਸੰਪੂਰਨ ਨੀਤੀ ਦਾ ਪਾਲਨ ਕਰਨਾ ਅਤੇ ਪਾਲਨ ਨਾ ਹੋ ਸਕੇ ਤਾਂ ਨਿਸ਼ਚਾ ਕਰੋ ਕਿ ਦਿਨ ਵਿੱਚ ਤਿੰਨ ਵਾਰ ਤਾਂ ਮੈਂ ਨੀਤੀ ਪਾਲਨ ਕਰਨਾ ਹੀ ਹੈ, ਜਾਂ ਫਿਰ ਨਿਯਮ ਵਿੱਚ ਰਹਿ ਕੇ ਅਨੀਤੀ ਕਰੀਏ ਤਾਂ ਉਹ ਵੀ ਨੀਤੀ ਹੈ। ਜੋ ਆਦਮੀ ਨਿਯਮ ਵਿੱਚ ਰਹਿ ਕੇ ਅਨੀਤੀ ਕਰਦਾ ਹੈ ਉਸ ਨੂੰ ਮੈਂ ਨੀਤੀ ਕਹਿੰਦਾ ਹਾਂ। ਭਗਵਾਨ ਦੇ ਪ੍ਰਤੀਨਿਧੀ ਦੇ ਤੌਰ 'ਤੇ, ਵੀਤਰਾਗਾਂ ਦੇ ਪ੍ਰਤੀਨਿਧੀ ਦੇ ਤੌਰ 'ਤੇ ਮੈਂ ਕਹਿੰਦਾ ਹਾਂ ਕਿ ਅਨੀਤੀ ਵੀ ਨਿਯਮ ਵਿੱਚ ਰਹਿ ਕੇ ਕਰੋ, ਉਹ ਨਿਯਮ ਹੀ ਤੁਹਾਨੂੰ ਮੋਕਸ਼ ਵਿੱਚ ਲੈ ਜਾਏਗਾ। ਅਨੀਤੀ ਕਰੇ ਜਾਂ ਨੀਤੀ ਕਰੇ, ਮੇਰੇ ਲਈ ਇਸਦਾ ਮਹੱਤਵ ਨਹੀਂ ਹੈ, ਪਰ ਨਿਯਮ ਵਿੱਚ ਰਹਿ ਕੇ ਕਰੋ। ਸਾਰੀ ਦੁਨੀਆਂ ਨੇ ਜਿੱਥੇ ਬਹੁਤ ਸਖ਼ਤੀ ਨਾਲ ਮਨ੍ਹਾ ਕੀਤਾ ਹੈ, ਉੱਥੇ ਅਸੀਂ ਕਿਹਾ ਹੈ ਕਿ ਇਸ ਵਿੱਚ ਹਰਜ਼ ਨਹੀਂ ਹੈ, ਤੂੰ ਨਿਯਮ ਵਿੱਚ ਰਹਿ ਕੇ ਕਰ!

ਅਸੀਂ ਤਾਂ ਇੰਝ ਕਿਹਾ ਹੈ ਕਿ ਅਨੀਤੀ ਕਰ ਪਰ ਨਿਯਮ ਨਾਲ ਕਰ। ਨਿਯਮ ਬਣਾਓ ਕਿ ਮੈਂ ਇੰਨੀ ਮਾਤਰਾ ਵਿੱਚ ਹੀ ਅਨੀਤੀ ਕਰਨੀ ਹੈ, ਇਸ ਤੋਂ ਜ਼ਿਆਦਾ

ਨਹੀਂ। ਪ੍ਰਤੀਦਿਨ ਦਸ ਰੁਪਏ ਦੁਕਾਨ ’ਤੇ ਜ਼ਿਆਦਾ ਲੈਣੇ ਹਨ, ਉਸ ਤੋਂ ਜ਼ਿਆਦਾ (ਪੰਜ ਸੌ ਰੁਪਏ) ਆਉਣ ’ਤੇ ਵੀ ਮੈਂ ਲੈਣੇ ਨਹੀਂ ਹਨ।

ਇਹ ਸਾਡਾ ਗੂੜ੍ਹਾ ਵਾਕ (ਗਹਿਰਾ ਵਚਨ) ਹੈ। ਇਹ ਵਾਕ ਜੇ ਸਮਝ ਵਿੱਚ ਆ ਜਾਵੇ ਤਾਂ ਕਲਿਆਣ ਹੀ ਹੋ ਜਾਵੇ। ਭਗਵਾਨ ਵੀ ਖੁਸ਼ ਹੋ ਜਾਣਗੇ ਕਿ ਪਰਾਈ ਚਰਾਗਾਹ (ਚਰਨ ਵਾਲੀ ਜਗ੍ਹਾ) ਵਿੱਚ ਚਰਨਾ ਹੈ ਫਿਰ ਵੀ ਹਿਸਾਬ ਨਾਲ ਖਾਂਦਾ ਹੈ! ਵਰਨਾ ਪਰਾਈ ਚਰਾਗਾਹ ਵਿੱਚ ਚਰਨਾ ਹੋਵੇ ਤਾਂ ਫਿਰ ਉੱਥੇ ਸੀਮਾ ਹੁੰਦੀ ਹੀ ਨਹੀਂ ਨਾ ?!

ਤੁਹਾਡੀ ਸਮਝ ਵਿੱਚ ਆਇਆ ਹੈ ਨਾ ? ਕਿ ‘ਅਨੀਤੀ ਦਾ ਵੀ ਨਿਯਮ ਰੱਖੋ।’ ਮੈਂ ਕੀ ਕਹਿੰਦਾ ਹਾਂ ਕਿ, ‘ਤੁਸੀਂ ਰਿਸ਼ਵਤ ਨਹੀਂ ਲੈਣੀ ਅਤੇ ਤੁਹਾਨੂੰ ਪੰਜ ਸੌ ਦੀ ਕਮੀ ਹੈ, ਤਾਂ ਤੂੰ ਕਲੇਸ਼ ਕਿੱਥੇ ਤੱਕ ਕਰੇਂਗਾ ?’ ਲੋਕਾਂ ਤੋਂ, ਮਿੱਤਰਾਂ ਤੋਂ ਰੁਪਏ ਉਧਾਰ ਲੈਂਦੇ ਹੋ, ਇਸ ਨਾਲ ਜ਼ਿਆਦਾ ਜੋਖ਼ਿਮ ਉਠਾਉਂਦੇ ਹੋ। ਇਸ ਲਈ ਮੈਂ ਉਸ ਨੂੰ ਸਮਝਾਉਂਦਾ ਹਾਂ ਕਿ ‘ਭਾਈ ਤੂੰ ਅਨੀਤੀ ਕਰ, ਪਰ ਨਿਯਮ ਨਾਲ ਕਰ।’ ਹੁਣ ਨਿਯਮ ਨਾਲ ਅਨੀਤੀ ਕਰਨ ਵਾਲਾ ਨੀਤੀਮਾਨ ਤੋਂ ਵੀ ਸ੍ਰੇਸ਼ਠ (ਉੱਤਮ) ਹੈ। ਕਿਉਂਕਿ ਨੀਤੀਮਾਨ ਦੇ ਮਨ ਵਿੱਚ ਇਹੋ ਜਿਹਾ ਰੋਗ ਬੈਠ ਜਾਂਦਾ ਹੈ ਕਿ ‘ਮੈਂ ਕੁੱਝ ਹਾਂ’। ਜਦੋਂ ਕਿ ਇਸ ਦੇ (ਨਿਯਮ ਨਾਲ ਅਨੀਤੀ ਕਰਨ ਵਾਲੇ ਦੇ) ਮਨ ਨੂੰ ਇਹੋ ਜਿਹਾ ਰੋਗ ਨਹੀਂ ਘੁਸਦਾ ?

ਇਸ ਤਰ੍ਹਾਂ ਕੋਈ ਸਿਖਾਏਗਾ ਹੀ ਨਹੀਂ ਨਾ ? ਨਿਯਮ ਨਾਲ ਅਨੀਤੀ ਕਰਨਾ ਉਹ ਕੋਈ ਸਧਾਰਣ ਕੰਮ ਨਹੀਂ ਹੈ।

ਅਨੀਤੀ ਵੀ ਜੇਕਰ ਨਿਯਮ ਨਾਲ ਹੈ ਤਾਂ ਉਸ ਦਾ ਮੋਕਸ਼ ਹੋਏਗਾ, ਪਰ ਜੋ ਅਨੀਤੀ ਨਹੀਂ ਕਰਦਾ, ਜੋ ਰਿਸ਼ਵਤ ਨਹੀਂ ਲੈਂਦਾ ਉਸ ਦਾ ਮੋਕਸ਼ ਕਿਵੇਂ ਹੋਏਗਾ ? ਕਿਉਂਕਿ ਜੋ ਰਿਸ਼ਵਤ ਨਹੀਂ ਲੈਂਦਾ ਉਸ ਨੂੰ, ‘ਮੈਂ ਰਿਸ਼ਵਤ ਨਹੀਂ ਲੈਂਦਾ’ ਇਹ ਕੈਫ਼ ਚੜ੍ਹਿਆ ਹੁੰਦਾ ਹੈ। ਭਗਵਾਨ ਵੀ ਉਸ ਨੂੰ ਬਾਹਰ ਕੱਢ ਦੇਣਗੇ ਕਿ, ‘ਭੱਜ ਜਾ ਇੱਥੋਂ, ਤੂੰ ਬਦਸੂਰਤ ਲੱਗਦਾ ਹੈਂ।’ ਇਸ ਦਾ ਇਹ ਅਰਥ ਨਹੀਂ ਕਿ ਅਸੀਂ ਰਿਸ਼ਵਤ ਲੈਣ ਨੂੰ ਕਹਿੰਦੇ ਹਾਂ, ਪਰ ਜੇ ਤੈਨੂੰ ਅਨੀਤੀ ਹੀ ਕਰਨੀ ਹੋਵੇ ਤਾਂ ਤੂੰ ਨਿਯਮ ਨਾਲ ਕਰੀਂ। ਨਿਯਮ ਰੱਖਣਾ ਕਿ ਭਾਈ ਮੈਂ ਰਿਸ਼ਵਤ ਦੇ ਪੰਜ ਸੌ ਰੁਪਏ ਹੀ ਲਵਾਂਗਾ। ਪੰਜ ਸੌ ਤੋਂ ਜ਼ਿਆਦਾ ਕੁੱਝ ਵੀ ਦੇਵੇ, ਚਾਹੇ ਪੰਜਾਹ ਹਜ਼ਾਰ ਰੁਪਏ ਦੇਵੇ ਤਾਂ ਉਹ ਵੀ ਵਾਪਸ ਕਰ ਦੇਵਾਂਗਾ। ਸਾਨੂੰ ਘਰ ਖਰਚ ਵਿੱਚ ਘੱਟ ਪੈਂਦੇ ਹੋਣ ਓਨੇ ਹੀ, ਰਿਸ਼ਵਤ ਦੇ ਪੰਜ ਸੌ ਰੁਪਏ ਹੀ ਲੈਣਾ। ਬਾਕੀ, ਇਹੋ ਜਿਹੀ ਜ਼ਿੰਮੇਵਾਰੀ ਤਾਂ ਅਸੀਂ ਹੀ ਲੈਂਦੇ

ਹਾਂ। ਕਿਉਂਕਿ ਇਹੋ ਜਿਹੇ ਕਾਲ ਵਿੱਚ ਲੋਕ ਰਿਸ਼ਵਤ ਨਾ ਲੈਣ ਤਾਂ ਕੀ ਕਰਨ ਵਿਚਾਰੇ ? ਤੇਲ-ਘਿਓ ਦੇ ਮੁੱਲ ਕਿੰਨੇ ਉੱਪਰ ਚੜ੍ਹ ਗਏ ਹਨ। ਸ਼ੱਕਰ ਦੇ ਭਾਅ ਕਿੰਨੇ ਉੱਚੇ ਹਨ ? ਤਾਂ ਬੱਚਿਆਂ ਦੀ ਫੀਸ ਦੇ ਪੈਸੇ ਦਿੱਤੇ ਬਿਨਾਂ ਚੱਲੇਗਾ ? ਦੇਖੋ ਨਾ! ਤੇਲ ਦਾ ਮੁੱਲ ਸਤਾਰਾਂ ਰੁਪਏ ਦੱਸਦੇ ਹਨ ਨਾ!

**ਪ੍ਰਸ਼ਨਕਰਤਾ** : ਹਾਂ।

**ਦਾਦਾਸ੍ਰੀ** : ਜਿਹੜੇ ਵਪਾਰੀ ਕਾਲਾ ਬਾਜ਼ਾਰੀ ਕਰਦੇ ਹਨ, ਉਹਨਾਂ ਦਾ ਗੁਜ਼ਾਰਾ ਹੁੰਦਾ ਹੈ ਜਦੋਂਕਿ ਨੌਕਰਾਂ ਦੀ ਰੱਖਿਆ ਕਰਨ ਵਾਲਾ ਕੋਈ ਰਿਹਾ ਹੀ ਨਹੀਂ ?! ਇਸ ਲਈ ਅਸੀਂ ਕਹਿੰਦੇ ਹਾਂ ਕਿ ਰਿਸ਼ਵਤ ਵੀ ਨਿਯਮ ਨਾਲ ਲੈਣਾ। ਤਾਂ ਉਹ ਨਿਯਮ ਤੈਨੂੰ ਮੋਕਸ਼ ਵਿੱਚ ਲੈ ਜਾਏਗਾ। ਰਿਸ਼ਵਤ ਬਾਧਕ ਨਹੀਂ ਹੈ, ਅਨਿਯਮ ਬਾਧਕ (ਅੜਚਨ ਰੂਪ) ਹੈ।

**ਪ੍ਰਸ਼ਨਕਰਤਾ** : ਅਨੀਤੀ ਕਰਨਾ ਤਾਂ ਗਲਤ ਹੀ ਕਹਾਏਗਾ ਨਾ ?

**ਦਾਦਾਸ੍ਰੀ** : ਵੈਸੇ ਤਾਂ ਉਸਨੂੰ ਗਲਤ ਹੀ ਕਹਿੰਦੇ ਹਨ ਨਾ! ਪਰ ਭਗਵਾਨ ਦੇ ਘਰ ਤਾਂ ਅਲੱਗ ਹੀ ਤਰ੍ਹਾਂ ਦੀ ਵਿਆਖਿਆ ਹੈ। ਭਗਵਾਨ ਦੇ ਇੱਥੇ ਤਾਂ ਨੀਤੀ ਜਾਂ ਅਨੀਤੀ, ਇਸ ਦਾ ਝਗੜਾ ਹੀ ਨਹੀਂ ਹੈ। ਉੱਥੇ ਤਾਂ ਅਹੰਕਾਰ ਦੀ ਹੀ ਤਕਲੀਫ਼ ਹੈ। ਨੀਤੀ ਪਾਲਨ ਵਾਲਿਆਂ ਵਿੱਚ ਅਹੰਕਾਰ ਬਹੁਤ ਹੁੰਦਾ ਹੈ। ਉਸ ਨੂੰ ਤਾਂ ਬਗੈਰ ਦਾਰੂ ਦੇ ਕੈਫ਼ ਚੜ੍ਹਿਆ ਹੋਇਆ ਹੁੰਦਾ ਹੈ।

**ਪ੍ਰਸ਼ਨਕਰਤਾ** : ਹੁਣ ਰਿਸ਼ਵਤ ਵਿੱਚ ਪੰਜ ਸੌ ਲੈਣ ਦੀ ਛੋਟ ਦਿੱਤੀ ਤਾਂ ਫਿਰ ਜਿਵੇਂ-ਜਿਵੇਂ ਜ਼ਰੂਰਤ ਵਧਦੀ ਜਾਵੇ ਉਵੇਂ-ਉਵੇਂ ਉਹ ਜ਼ਿਆਦਾ ਰਕਮ ਲਵੇ, ਤਾਂ ?

**ਦਾਦਾਸ੍ਰੀ** : ਨਹੀਂ, ਉਹ ਤਾਂ ਇੱਕ ਹੀ ਨਿਯਮ, ਪੰਜ ਸੌ ਯਾਨੀ ਪੰਜ ਸੌ ਹੀ, ਫਿਰ ਉਸ ਨਿਯਮ ਵਿੱਚ ਹੀ ਰਹਿਣਾ ਹੋਵੇਗਾ।

ਇਸ ਸਮੇਂ ਵਿੱਚ ਕੋਈ ਇਹਨਾਂ ਸਭ ਮੁਸ਼ਕਿਲਾਂ ਵਿੱਚ ਕਿਵੇਂ ਦਿਨ ਗੁਜ਼ਾਰੇ ? ਅਤੇ ਫਿਰ ਉਸ ਦੀ ਰੁਪਇਆਂ ਦੀ ਕਮੀ ਪੂਰੀ ਨਹੀਂ ਹੋਵੇਗੀ ਤਾਂ ਕੀ ਹੋਏਗਾ ? ਉਲਝਣ ਪੈਦਾ ਹੋਏਗੀ ਕਿ ਰੁਪਇਆਂ ਦੀ ਜੋ ਕਮੀ ਹੈ ਉਹ ਕਿੱਥੋਂ ਲਿਆਈਏ ? ਇਹ ਤਾਂ ਜਿੰਨੀ ਕਮੀ ਸੀ ਓਨੇ ਆ ਗਏ। ਉਸਦੀ ਵੀ ਪਜ਼ਲ ਫਿਰ ਸੌਲਵ ਹੋ ਗਈ ਨਾ ? ਵਰਨਾ ਇਸ ਵਿੱਚੋਂ ਮਨੁੱਖ ਉਲਟਾ ਰਸਤਾ ਫੜ੍ਹ ਕੇ ਉਸ 'ਤੇ ਚੱਲਣ ਲੱਗੇਗਾ ਅਤੇ ਫਿਰ ਪੂਰੀ ਰਿਸ਼ਵਤ ਲੈਣ ਲੱਗੇਗਾ। ਉਸ ਦੇ ਬਜਾਏ ਇਹ ਵਿਚਕਾਰ

ਦਾ ਰਸਤਾ ਕੱਢਿਆ ਹੈ, ਉਹ ਅਨੀਤੀ ਕਰੇ ਤਾਂ ਵੀ ਨੀਤੀ ਕਹਾਵੇ ਅਤੇ ਉਸਨੂੰ ਵੀ ਤਸੱਲੀ ਹੋ ਗਈ ਕਿ ਇਹ, ਨੀਤੀ ਕਹਾਉਂਦੀ ਹੈ ਅਤੇ ਉਸਦਾ ਘਰ ਵੀ ਚੱਲੇ।

ਅਸਲ ਵਿੱਚ ਮੈਂ ਕੀ ਕਹਿਣਾ ਚਾਹੁੰਦਾ ਹਾਂ, ਉਹ ਜੇ ਸਮਝ ਵਿੱਚ ਆ ਜਾਏ ਤਾਂ ਕਲਿਆਣ ਹੋ ਜਾਵੇ। ਹਰੇਕ ਵਾਕ ਵਿੱਚ ਮੈਂ ਕੀ ਕਹਿਣਾ ਚਾਹੁੰਦਾ ਹਾਂ ਇਹ ਸਾਰੀ ਗੱਲ ਜੇ ਸਮਝ ਵਿੱਚ ਆ ਜਾਏ ਤਾਂ ਕਲਿਆਣ ਹੋ ਜਾਵੇ। ਪਰ ਜੇ ਉਹ ਇਹਨਾਂ ਗੱਲਾਂ ਨੂੰ ਆਪਣੀ ਭਾਸ਼ਾ ਵਿੱਚ ਲੈ ਜਾਏ ਤਾਂ ਕੀ ਹੋਵੇਗਾ ? ਹਰੇਕ ਦੀ ਆਪਣੀ ਸੁਤੰਤਰ ਭਾਸ਼ਾ ਹੁੰਦੀ ਹੀ ਹੈ, ਉਹ ਲਿਜਾ ਕੇ ਆਪਣੀ ਭਾਸ਼ਾ ਵਿੱਚ ਫਿੱਟ (ਅਨੁਕੂਲ) ਕਰ ਦਿੰਦਾ ਹੈ, ਪਰ ਇਹ ਉਸਦੀ ਸਮਝ ਵਿੱਚ ਨਹੀਂ ਆਏਗਾ ਕਿ 'ਨਿਯਮ ਨਾਲ ਅਨੀਤੀ ਕਰ।'

ਮੈਂ (ਦਾਦਾਜੀ) ਵੀ ਵਪਾਰੀ ਹਾਂ। ਸੰਸਾਰ ਵਿੱਚ ਸਾਡੇ ਲਈ ਵੀ ਧੰਦਾ-ਰੋਜ਼ਗਾਰ, ਇਨਕਮ ਟੈਕਸ ਆਦਿ ਸਭ ਹਨ। ਅਸੀਂ ਕਾਨਟ੍ਰੈਕਟ ਦਾ ਵਪਾਰ ਕਰਦੇ ਹਾਂ। ਫਿਰ ਵੀ ਉਸ ਵਿੱਚ ਅਸੀਂ ਸੰਪੂਰਨ 'ਵੀਤਰਾਗ' ਰਹਿੰਦੇ ਹਾਂ। ਇਸ ਤਰ੍ਹਾਂ 'ਵੀਤਰਾਗ' ਕਿਵੇਂ ਰਹਿ ਸਕਦੇ ਹਾਂ ? 'ਗਿਆਨ ਨਾਲ।' ਅਗਿਆਨ ਨਾਲ ਲੋਕ ਦੁਖੀ ਹੋ ਰਹੇ ਹਨ।

**ਪ੍ਰਸ਼ਨਕਰਤਾ :** 'ਗਲਤ' ਕਰਨ ਦੀ ਇੱਛਾ ਨਹੀਂ ਹੈ, ਫਿਰ ਵੀ ਕਰਨਾ ਪੈਂਦਾ ਹੈ।

**ਦਾਦਾਸ਼੍ਰੀ :** ਜੋ ਅਨਿਵਾਰਯ (ਜ਼ਰੂਰੀ) ਕਰਨਾ ਪੈਂਦਾ ਹੈ, ਉਸ ਦਾ ਪਛਤਾਵਾ ਹੋਣਾ ਚਾਹੀਦਾ ਹੈ। ਅੱਧਾ ਘੰਟਾ ਬੈਠ ਕੇ ਪਛਤਾਵਾ ਕਰਨਾ ਚਾਹੀਦਾ ਹੈ ਕਿ, 'ਇਹ ਨਹੀਂ ਕਰਨਾ ਹੈ ਫਿਰ ਵੀ ਕਰਨਾ ਪੈਂਦਾ ਹੈ।' ਤੁਸੀਂ ਪਛਤਾਵਾ ਜ਼ਾਹਿਰ ਕੀਤਾ ਯਾਨੀ ਗੁਨਾਹ ਤੋਂ ਬਰੀ ਹੋਏ। ਇਹ ਤਾਂ ਸਾਡੀ ਇੱਛਾ ਨਾ ਹੋਣ 'ਤੇ ਵੀ, ਅਨਿਵਾਰਯ ਕਰਨਾ ਪੈਂਦਾ ਹੈ, ਉਸ ਦਾ ਪ੍ਰਤੀਕ੍ਰਮਣ ਕਰਨਾ ਪਏਗਾ। 'ਇੰਝ ਹੀ ਕਰਨਾ ਚਾਹੀਦਾ ਹੈ' ਕਿਹਾ ਤਾਂ ਉਸ ਦਾ ਉਲਟਾ ਪਰਿਣਾਮ ਆਏਗਾ। ਇੰਝ ਕਰਕੇ ਖੁਸ਼ ਹੁੰਦੇ ਹਨ ਇਹੋ ਜਿਹੇ ਵੀ ਮਨੁੱਖ ਹੈ ਨਾ ? ਇਹ ਤਾਂ ਤੁਹਾਡੀ ਸਰਲਤਾ ਦੀ ਵਜ੍ਹਾ ਨਾਲ ਤੁਹਾਨੂੰ ਇਹੋ ਜਿਹਾ ਪਛਤਾਵਾ ਹੁੰਦਾ ਹੈ, ਵਰਨਾ ਲੋਕਾਂ ਨੂੰ ਤਾਂ ਪਛਤਾਵਾ ਵੀ ਨਹੀਂ ਹੁੰਦਾ।

ਜ਼ਿਆਦਾ ਧਨ ਹੋਵੇ ਤਾਂ ਭਗਵਾਨ ਜਾਂ ਸੀਮੰਧਰ ਸੁਆਮੀ ਦੇ ਮੰਦਰ ਵਿੱਚ ਦੇਣ ਯੋਗ ਹੈ, ਦੂਸਰਾ ਇੱਕ ਵੀ ਸਥਾਨ ਨਹੀਂ ਹੈ ਅਤੇ ਘੱਟ ਪੈਸੇ ਹੋਣ ਤਾਂ ਮਹਾਤਮਾਵਾਂ ਨੂੰ ਭੋਜਨ ਕਰਵਾਉਣ ਜਿਹਾ ਦੂਸਰਾ ਕੁੱਝ ਵੀ ਨਹੀਂ ਹੈ। ਅਤੇ ਉਸ ਤੋਂ ਵੀ ਘੱਟ ਹੋਣ 'ਤੇ ਕਿਸੇ ਦੁਖੀ ਨੂੰ ਦੇਣਾ। ਪਰ ਉਹ ਨਕਦ ਨਹੀਂ, ਖਾਣ-ਪੀਣ

ਦਾ ਸਮਾਨ ਆਦਿ ਪਹੁੰਚਾਉਣਾ। ਹੁਣ ਘੱਟ ਪੈਸੇ ਹੋਣ 'ਤੇ ਵੀ ਦਾਨ ਕਰ ਸਕਦੇ ਹਾਂ ਜਾਂ ਨਹੀਂ ?

## (4) ਮਮਤਾ-ਰਹਿਤ

ਸਾਡੇ ਪਾਪ ਵਿੱਚ ਕੋਈ ਹਿੱਸੇਦਾਰੀ ਨਹੀਂ ਕਰਦਾ। ਤੁਸੀਂ ਲੜਕੇ ਨੂੰ ਪੁੱਛੋ ਕਿ, 'ਭਾਈ, ਅਸੀਂ ਇਹ ਚੋਰੀਆਂ ਕਰ-ਕਰਕੇ ਧਨ ਕਮਾਉਂਦੇ ਹਾਂ।' ਤਾਂ ਉਹ ਕਹੇਗਾ, 'ਤੁਹਾਨੂੰ ਕਮਾਉਣਾ ਹੋਵੇ ਤਾਂ ਕਮਾਓ, ਸਾਨੂੰ ਅਜਿਹਾ ਨਹੀਂ ਚਾਹੀਦਾ।' ਪਤਨੀ ਵੀ ਕਹੇਗੀ, 'ਸਾਰੀ ਜ਼ਿੰਦਗੀ ਉਲਟਾ-ਸਿੱਧਾ ਕੀਤਾ ਹੈ, ਹੁਣ ਛੱਡ ਦਿਓ ਨਾ।' ਫਿਰ ਵੀ ਇਹ ਮੂਰਖ ਨਹੀਂ ਛੱਡੇਗਾ।

ਜਦੋਂ ਤੋਂ ਕਿਸੇ ਨੂੰ ਦੇਣਾ ਸਿੱਖਿਆ ਉਦੋਂ ਤੋਂ ਸਦਬੁੱਧੀ ਉਤਪੰਨ ਹੋਈ। ਅਨੰਤ ਜਨਮਾਂ ਤੋਂ ਦੇਣਾ ਸਿੱਖਿਆ ਹੀ ਨਹੀਂ। ਜੂਠਨ ਵੀ ਦੇਣਾ ਉਸ ਨੂੰ ਪਸੰਦ ਨਹੀਂ ਹੈ ਇਹੋ ਜਿਹਾ ਮਨੁੱਖੀ ਸੁਭਾਅ ਹੈ! ਗ੍ਰਹਿਣ ਕਰਨਾ ਹੀ ਉਸ ਦੀ ਆਦਤ ਹੈ! ਜਦੋਂ ਜਾਨਵਰ ਵਿੱਚ ਸੀ ਉਦੋਂ ਵੀ ਗ੍ਰਹਿਣ ਕਰਨ ਦੀ ਹੀ ਆਦਤ, ਦੇਣ ਦੀ ਨਹੀਂ! ਉਹ ਜਦੋਂ ਤੋਂ ਦੇਣਾ ਸਿੱਖਦਾ ਹੈ ਉਦੋਂ ਤੋਂ ਮੋਕਸ਼ ਵੱਲ ਮੁੜਦਾ ਹੈ।

ਚੈੱਕ ਆਇਆ ਉਦੋਂ ਤੋਂ ਸਮਝਦਾ ਹੈ ਕਿ ਇਸ ਨੂੰ ਭੁਨਾਵਾਂਗਾ ਤਾਂ ਪੈਸੇ ਆਉਣਗੇ! ਇਹ ਤਾਂ (ਪੁੰਨ ਦਾ) ਚੈੱਕ ਲੈ ਕੇ ਆਏ ਸੀ ਅਤੇ ਉਹ ਅੱਜ ਭੁਨਾਇਆ ਤੁਸੀਂ! ਭੁਨਾਇਆ ਉਸ ਵਿੱਚ ਕੀ ਮਿਹਨਤ ਕੀਤੀ ਤੁਸੀਂ ? ਇਸ 'ਤੇ ਲੋਕ ਕਹਿੰਦੇ ਹਨ, 'ਮੈਂ ਐਨਾ ਕਮਾਇਆ, ਮੈਂ ਮਿਹਨਤ ਕੀਤੀ!' ਓਏ! ਇੱਕ ਚੈੱਕ ਭੁਨਾਇਆ ਉਸਨੂੰ ਕੀ ਮਿਹਨਤ ਕਰਨਾ ਕਹਾਂਗੇ ? ਉਹ ਵੀ ਫਿਰ, ਚੈੱਕ ਜਿੰਨੇ ਦਾ ਹੋਵੇ, ਓਨਾ ਹੀ ਪ੍ਰਾਪਤ ਹੋਏਗਾ। ਉਸ ਤੋਂ ਜ਼ਿਆਦਾ ਨਹੀਂ ਮਿਲੇਗਾ ਨਾ ? ਇਹ ਤੁਹਾਨੂੰ ਸਮਝ ਵਿੱਚ ਆਇਆ ?

ਮੇਰਾ ਕਹਿਣਾ ਹੈ ਕਿ ਗੰਭੀਰਤਾ ਧਾਰਣ ਕਰੋ, ਸ਼ਾਂਤੀ ਰੱਖੋ, ਕਿਉਂਕਿ ਜਿਸ ਪੂਰਨ-ਗਲਨ ਲਈ ਲੋਕ ਭੱਜ-ਦੌੜ ਕਰ ਰਹੇ ਹਨ, ਵੱਧ-ਘੱਟ ਕਰ ਰਹੇ ਹਨ ਉਹ ਆਪਣੇ ਜਨਮ ਵਿਗਾੜ ਰਹੇ ਹਨ ਅਤੇ ਬੈਂਕ-ਬੈਲੇਂਸ ਵਿੱਚ ਕੋਈ ਫ਼ਰਕ ਹੋਣ ਵਾਲਾ ਨਹੀਂ ਹੈ, ਉਹ ਨੈਚੁਰਲ (ਕੁਦਰਤੀ) ਹੈ। ਨੈਚੁਰਲ ਵਿੱਚ ਕੀ ਕਰ ਸਕਦੇ ਹੋ ? ਇਸ ਲਈ ਅਸੀਂ ਤੁਹਾਡਾ ਭੈਅ (ਡਰ) ਭਜਾਉਂਦੇ ਹਾਂ। ਅਸੀਂ 'ਜਿਵੇਂ ਹੈ ਉਵੇਂ' ਖੁੱਲ੍ਹਾ ਕਰ ਰਹੇ ਹਾਂ ਕਿ ਜੋੜਨਾ-ਘਟਾਉਣਾ (ਕਮਾਉਣਾ ਜਾਂ ਗਵਾਉਣਾ) ਕਿਸੇ ਦੇ ਹੱਥ ਵਿੱਚ ਨਹੀਂ ਹੈ, ਉਹ ਨੇਚਰ ਦੇ ਹੱਥਾਂ ਵਿੱਚ ਹੈ। ਬੈਂਕ ਵਿੱਚ ਜੋੜਨਾ ਉਹ ਵੀ

ਨੇਚਰ ਦੇ ਹੱਥ ਵਿੱਚ ਅਤੇ ਬੈਂਕ ਵਿੱਚ ਘਟਾਉਣਾ ਉਹ ਵੀ ਨੇਚਰ ਦੇ ਹੱਥ ਵਿੱਚ ਹੈ। ਵਰਨਾ ਬੈਂਕ ਵਾਲੇ ਇੱਕ ਹੀ ਖਾਤਾ ਰੱਖਦੇ। ਸਿਰਫ਼ ਕ੍ਰੈਡਿਟ ਹੀ ਰੱਖਦੇ, ਡੈਬਿਟ ਰੱਖਦੇ ਹੀ ਨਾ।

ਕਿਸੇ ਨਾਲ ਵਿਵਾਦ (ਕਿਚ-ਕਿਚ) ਨਾ ਕਰਨਾ। ਅਤੇ ਫਿਰ ਉਸ ਤਰ੍ਹਾਂ ਦੇ ਲੋਕ ਤਾਂ ਕਦੇ-ਕਦੇ ਹੀ ਮਿਲਦੇ ਹਨ! ਹੁਣ ਉਹਨਾਂ ਨਾਲ ਲੜਾਈ ਕਰਕੇ ਕੀ ਪ੍ਰਾਪਤ ਹੋਏਗਾ ? ਇੱਕ ਵਾਰ ਹੀ ਕਹਿਣਾ ਕਿ 'ਭਗਵਾਨ ਨੂੰ ਤਾਂ ਯਾਦ ਕਰ' ਤਾਂ ਜੇ ਉਹ ਕਹੇ, 'ਭਗਵਾਨ-ਵਗਵਾਨ ਕੀ?' ਇਹੋ ਜਿਹੇ ਸ਼ਬਦ ਨਿਕਲਣ ਤਾਂ ਸਮਝ ਲੈਣਾ ਕਿ ਇਹ ਵਿਦਰੋਹੀ ਹੈ।

ਲਾਚਾਰੀ ਵਰਗਾ ਦੂਸਰਾ ਪਾਪ ਨਹੀਂ ਹੈ! ਲਾਚਾਰੀ ਨਹੀਂ ਹੋਣੀ ਚਾਹੀਦੀ। ਨੌਕਰੀ ਨਾ ਮਿਲਦੀ ਹੋਵੇ ਤਾਂ ਲਾਚਾਰੀ, ਘਾਟਾ ਹੋਇਆ ਤਾਂ ਵੀ ਲਾਚਾਰੀ, ਇਨਕਮ ਟੈਕਸ ਆਫਿਸਰ ਧਮਕਾਏ ਤਾਂ ਵੀ ਲਾਚਾਰੀ। ਓਏ, ਲਾਚਾਰੀ ਕਿਉਂ ਕਰਦਾ ਹੈਂ ? ਜ਼ਿਆਦਾ ਤੋਂ ਜ਼ਿਆਦਾ ਉਹ ਕੀ ਕਰੇਗਾ ? ਪੈਸੇ ਲੈ ਜਾਏਗਾ, ਘਰ ਲੈ ਜਾਏਗਾ, ਹੋਰ ਕੀ ਲੈ ਜਾਏਗਾ ? ਤਾਂ ਲਾਚਾਰੀ ਕਿਉਂ ? ਲਾਚਾਰੀ ਤਾਂ ਭਿਅੰਕਰ ਅਪਮਾਨ ਹੈ ਭਗਵਾਨ ਦਾ। ਅਸੀਂ ਲਾਚਾਰੀ ਕਰੀਏ ਤਾਂ ਅੰਦਰ ਭਗਵਾਨ ਦਾ ਭਿਅੰਕਰ ਅਪਮਾਨ ਹੁੰਦਾ ਹੈ। ਪਰ ਕੀ ਕਰੇ ਭਗਵਾਨ ?

ਵਿਹਾਰਿਕ ਕਾਨੂੰਨ ਕੀ ਹੈ! ਸ਼ੇਅਰ ਬਾਜ਼ਾਰ ਵਿੱਚ ਘਾਟਾ ਹੋਇਆ ਹੋਵੇ ਤਾਂ ਉਸ ਦੀ ਕਰਿਆਨਾ ਬਾਜ਼ਾਰ ਨਾਲ ਭਰਪਾਈ ਨਾ ਕਰਨਾ। ਸ਼ੇਅਰ ਬਾਜ਼ਾਰ ਤੋਂ ਹੀ ਭਰਪਾਈ ਕਰਨਾ।

ਬਹੁਤ ਸਾਰੇ ਮੱਛਰ ਹੋਣਗੇ ਤਾਂ ਵੀ ਸਾਰੀ ਰਾਤ ਸੌਣ ਨਹੀਂ ਦੇਣਗੇ ਅਤੇ ਦੋ ਹੋਣਗੇ ਤਾਂ ਵੀ ਸਾਰੀ ਰਾਤ ਸੌਣ ਨਹੀਂ ਦੇਣਗੇ। ਤਾਂ ਅਸੀਂ ਕਹਾਂਗੇ ਕਿ 'ਹੇ ਮੱਛਰਮਯ ਦੁਨੀਆਂ! ਦੋ ਹੀ ਸੌਣ ਨਹੀਂ ਦਿੰਦੇ ਤਾਂ ਸਾਰੇ ਇਕੱਠੇ ਆਓ ਨਾ!' ਇਹ ਮੁਨਾਫ਼ਾ-ਘਾਟਾ, ਮੱਛਰ ਹੀ ਕਹਾਉਂਦੇ ਹਨ। ਮੱਛਰ ਤਾਂ ਆਉਂਦੇ ਹੀ ਰਹਿਣਗੇ। ਤੁਸੀਂ ਉਹਨਾਂ ਨੂੰ ਉਡਾਉਂਦੇ ਰਹੋ ਅਤੇ ਸੌਂ ਜਾਓ।

ਅੰਦਰ ਅਨੰਤ ਸ਼ਕਤੀ ਹੈ। ਉਹ ਸ਼ਕਤੀ ਵਾਲੇ ਕੀ ਕਹਿੰਦੇ ਹਨ ਕਿ 'ਹੇ ਚੰਦੂਭਾਈ! ਤੁਹਾਡਾ ਕੀ ਵਿਚਾਰ ਹੈ ?' ਤਾਂ ਅੰਦਰ, ਬੁੱਧੀ ਕਹਿੰਦੀ ਹੈ ਕਿ 'ਇਸ ਧੰਦੇ ਵਿੱਚ ਇੰਨਾ ਘਾਟਾ ਹੋਇਆ ਹੈ। ਹੁਣ ਕੀ ਹੋਏਗਾ ? ਹੁਣ ਨੌਕਰੀ ਕਰਕੇ ਘਾਟਾ ਪੂਰਾ ਕਰੋ।' ਅੰਦਰ ਅਨੰਤ ਸ਼ਕਤੀ ਵਾਲੇ ਕੀ ਕਹਿੰਦੇ ਹਨ, 'ਮੇਰੇ ਤੋਂ ਪੁੱਛੋ ਨਾ, ਬੁੱਧੀ ਦੀ ਸਲਾਹ ਕਿਉਂ ਲੈਂਦੇ ਹੋ ? ਮੇਰੇ ਤੋਂ ਪੁੱਛੋ, ਸਾਡੇ ਕੋਲ ਅਨੰਤ ਸ਼ਕਤੀ

ਹੈ। ਜੋ ਸ਼ਕਤੀ ਘਾਟਾ ਕਰਵਾਉਂਦੀ ਹੈ ਉਸੇ ਸ਼ਕਤੀ ਕੋਲ ਮੁਨਾਫ਼ਾ ਲੱਭੋ! ਘਾਟਾ ਕਰਵਾਉਂਦੀ ਹੈ ਦੂਸਰੀ ਸ਼ਕਤੀ ਅਤੇ ਮੁਨਾਫ਼ਾ ਲੱਭਦੇ ਹਨ ਕਿਤੇ ਹੋਰ। ਇਸ ਨਾਲ ਤਾਲਮੇਲ ਕਿਵੇਂ ਬੈਠੇਗਾ?' ਅੰਦਰ ਅਨੰਤ ਸ਼ਕਤੀ ਹੈ। ਤੁਹਾਡਾ 'ਭਾਵ' ਨਾ ਬਦਲਿਆ ਹੋਵੇ ਤਾਂ ਇਸ ਸੰਸਾਰ ਵਿੱਚ ਇਹੋ ਜਿਹੀ ਕੋਈ ਸ਼ਕਤੀ ਨਹੀਂ ਜੋ ਤੁਹਾਡੀ ਇੱਛਾ ਅਨੁਸਾਰ ਨਾ ਚੱਲੇ। ਇਹੋ ਜਿਹੀ ਅਨੰਤ ਸ਼ਕਤੀ ਆਪਣੇ ਸਭ ਦੇ ਅੰਦਰ ਹੈ। ਪਰ ਕਿਸੇ ਨੂੰ ਦੁੱਖ ਨਾ ਹੋਵੇ, ਕਿਸੇ ਦੀ ਹਿੰਸਾ ਨਾ ਹੋਵੇ, ਇਹੋ ਜਿਹੇ ਸਾਡੇ ਲਾਅ (ਕਾਨੂੰਨ) ਹੋਣੇ ਚਾਹੀਦੇ ਹਨ। ਸਾਡੇ ਭਾਵ ਦਾ ਲਾਅ ਇੰਨਾ ਸਖ਼ਤ ਹੋਣਾ ਚਾਹੀਦਾ ਹੈ ਕਿ ਜਾਨ ਜਾਵੇ ਪਰ ਸਾਡਾ ਭਾਵ ਨਾ ਟੁੱਟੇ। ਜਾਨ ਬੇਸ਼ੱਕ ਚਲੀ ਜਾਵੇ, ਉਸ ਵਿੱਚ ਡਰਨ ਦੀ ਜ਼ਰੂਰਤ ਨਹੀਂ ਹੈ। ਇੰਝ ਡਰਦੇ ਰਹੇ ਤਾਂ ਲੋਕਾਂ ਦੀ ਹਾਲਤ ਖਰਾਬ ਹੋ ਜਾਏਗੀ, ਕੋਈ ਸੌਦਾ ਹੀ ਨਹੀਂ ਕਰਨਗੇ ਨਾ! ਅਸੀਂ ਤਾਂ ਇਹੋ ਜਿਹੇ ਵੱਡੇ-ਵੱਡੇ ਦਲਾਲ ਦੇਖੇ ਹਨ ਜੋ ਚਾਲ਼ੀ ਲੱਖ ਰੁਪਏ ਦੀ ਵਸੂਲੀ ਦੀ ਗੱਲ ਕਰਦੇ ਹਨ ਅਤੇ ਇੰਝ ਕਹਿੰਦੇ ਹਨ ਕਿ, ਦਾਦਾਸ੍ਰੀ, ਜ਼ਿਆਦਾਤਰ ਲੋਕ ਉਲਟਾ ਬੋਲਦੇ (ਡਰਾਉਂਦੇ) ਹਨ, ਤਾਂ ਕੀ ਹੋਏਗਾ ? ਮੈਂ ਕਿਹਾ, ਜ਼ਰਾ ਧੀਰਜ ਰੱਖਣਾ ਪਏਗਾ, ਨੀਂਹ ਮਜ਼ਬੂਤ ਹੋਣੀ ਚਾਹੀਦੀ ਹੈ। ਰਸਤੇ 'ਤੇ ਗੱਡੀਆਂ ਇੰਨੀਆਂ ਤੇਜ਼ ਚੱਲਦੀਆਂ ਹਨ, ਫਿਰ ਵੀ ਸਭ ਸਲਾਮਤ ਰਹਿੰਦੇ ਹਨ, ਤਾਂ ਕੀ ਧੰਦੇ ਵਿੱਚੋਂ ਸੇਫ਼ (ਸਲਾਮਤ) ਨਹੀਂ ਨਿਕਲਾਂਗੇ ? ਰਸਤੇ 'ਤੇ, ਜਗ੍ਹਾ-ਜਗ੍ਹਾ ਟਕਰਾ ਜਾਵਾਂਗੇ ਇੰਝ ਲੱਗਦਾ ਹੈ, ਪਰ ਟਕਰਾਉਂਦੇ ਨਹੀਂ। ਕੀ ਸਾਰੇ ਟਕਰਾ ਜਾਂਦੇ ਹਨ ? ਅਰਥਾਤ ਜਿਸ ਜਗ੍ਹਾ ਸੱਟ ਲੱਗੇ ਉਸੇ ਜਗ੍ਹਾ ਭਰ ਜਾਏਗਾ, ਇਸ ਲਈ ਜਗ੍ਹਾ ਨਾ ਬਦਲਣਾ। ਨਿਯਮ ਵੀ ਇਹੀ ਹੈ।

ਸਾਡੀ ਜੋ-ਜੋ ਸ਼ਕਤੀ ਹੋਵੇ ਉਸ ਨਾਲ ਅਸੀਂ ਔਬਲਾਈਜ (ਉਪਕਾਰ) ਕਰੀਏ। ਤਰੀਕਾ ਚਾਹੇ ਕੋਈ ਵੀ ਹੋਵੇ, ਸਾਹਮਣੇ ਵਾਲੇ ਨੂੰ, ਸਭ ਨੂੰ ਸੁੱਖ ਦੇਣਾ। ਸਵੇਰੇ ਤੈਅ ਕਰਨਾ ਚਾਹੀਦਾ ਹੈ ਕਿ ਮੈਨੂੰ ਜੋ ਕੋਈ ਵੀ ਮਿਲੇ ਉਸ ਨੂੰ ਕੁੱਝ ਨਾ ਕੁੱਝ ਸੁੱਖ ਦੇਣਾ ਹੈ। ਪੈਸੇ ਨਹੀਂ ਦੇ ਸਕਦੇ ਤਾਂ ਵੀ ਸੁੱਖ ਦੇਣ ਦੇ ਹੋਰ ਕਈ ਰਸਤੇ ਹਨ। ਸਮਝਾ ਸਕਦੇ ਹਾਂ, ਕੋਈ ਉਲਝਣ ਵਿੱਚ ਹੋਵੇ ਤਾਂ ਧੀਰਜ ਦੇ ਸਕਦੇ ਹਾਂ ਅਤੇ ਪੈਸੇ ਵੀ ਪੰਜ-ਪੰਜਾਹ ਡਾਲਰ ਦੇ ਸਕਦੇ ਹਾਂ ਨਾ!

ਜੋ ਜਿੰਨੀ ਜ਼ਿੰਮੇਵਾਰੀ ਨਾਲ ਪਰਾਇਆਂ ਦਾ ਕਰਦਾ ਹੈ ਉਹ ਖੁਦ ਦਾ (ਕਲਿਆਣ) ਹੀ ਕਰਦਾ ਹੈ।

**ਪ੍ਰਸ਼ਨਕਰਤਾ** : ਪਰਾਇਆਂ ਦਾ ਕਰੇ ਉਹ ਖੁਦ ਦਾ ਹੀ ਕਰਦਾ ਹੈ। ਇਹ ਕਿਸ ਤਰ੍ਹਾਂ ?

**ਦਾਦਾਸ੍ਰੀ** : ਸਾਰੀਆਂ ਆਤਮਾਵਾਂ ਇੱਕ ਹੀ ਸੁਭਾਅ ਦੀਆਂ ਹਨ। ਇਸ ਲਈ ਜੋ ਪਰਾਇਆਂ ਦੀ ਆਤਮਾ ਲਈ ਕਰੇ ਉਹ ਖੁਦ ਦੀ ਆਤਮਾ ਨੂੰ ਪਹੁੰਚਦਾ ਹੈ ਅਤੇ ਜੋ ਪਰਾਇਆਂ ਦੀ ਦੇਹ ਲਈ ਕਰੇ, ਉਹ ਵੀ ਪਹੁੰਚਦਾ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਜੋ ਆਤਮਾ ਲਈ ਕਰੇ ਉਹ ਹੋਰ ਤਰ੍ਹਾਂ ਨਾਲ ਪਹੁੰਚਦਾ ਹੈ, ਉਸ ਦਾ ਮੋਕਸ਼ ਵਿੱਚ ਜਾਣ ਦਾ ਰਸਤਾ ਖੁੱਲ੍ਹ ਜਾਂਦਾ ਹੈ। ਅਤੇ ਜੇਕਰ ਸਿਰਫ਼ ਦੇਹ ਲਈ ਕਰੇ ਤਾਂ ਇੱਥੇ ਸੁੱਖ ਭੋਗਦਾ ਰਹਿੰਦਾ ਹੈ। ਇੰਨਾ ਹੀ ਫ਼ਰਕ ਹੈ।

**ਪ੍ਰਸ਼ਨਕਰਤਾ** : ਮੇਰੇ ਮਾਮੇ ਨੇ ਮੈਨੂੰ ਧੰਦੇ ਵਿੱਚ ਫਸਾਇਆ ਹੈ, ਉਹ ਜਦੋਂ-ਜਦੋਂ ਯਾਦ ਆਉਂਦਾ ਹੈ ਉਦੋਂ ਮੈਨੂੰ ਮਾਮੇ ਲਈ ਬਹੁਤ ਉਦਵੇਗ ਹੁੰਦਾ ਹੈ ਕਿ ਉਹਨਾਂ ਨੇ ਇੰਝ ਕਿਉਂ ਕੀਤਾ ਹੋਵੇਗਾ ? ਮੈਂ ਕੀ ਕਰਾਂ ? ਕੋਈ ਸਮਾਧਾਨ ਨਹੀਂ ਮਿਲਦਾ ?

**ਦਾਦਾਸ੍ਰੀ** : ਇੰਝ ਹੈ ਕਿ ਭੁੱਲ ਤੇਰੀ ਹੈ, ਇਸ ਲਈ ਤੈਨੂੰ ਤੇਰੇ ਮਾਮੇ ਨੇ ਫਸਾਇਆ। ਜਦੋਂ ਤੇਰੀ ਭੁੱਲ ਨਹੀਂ ਰਹੇਗੀ ਉਦੋਂ ਤੈਨੂੰ ਕੋਈ ਫਸਾਉਣ ਵਾਲਾ ਨਹੀਂ ਮਿਲੇਗਾ। ਜਦੋਂ ਤੇਰੀਆਂ ਭੁੱਲਾਂ ਖਤਮ ਹੋ ਜਾਣਗੀਆਂ, ਤਦ ਤੈਨੂੰ ਫਸਾਉਣ ਵਾਲਾ ਨਹੀਂ ਮਿਲੇਗਾ। ਜਿੱਥੇ ਤੱਕ ਤੁਹਾਨੂੰ ਫਸਾਉਣ ਵਾਲੇ ਮਿਲਦੇ ਹਨ ਨਾ, ਉੱਥੇ ਤੱਕ ਤੁਹਾਡੀਆਂ ਹੀ ਭੁੱਲਾਂ ਹਨ। ਮੈਨੂੰ (ਦਾਦਾਜੀ ਨੂੰ) ਕਿਉਂ ਕੋਈ ਫਸਾਉਣ ਵਾਲਾ ਨਹੀਂ ਮਿਲਦਾ? ਮੈਂ ਫਸਣਾ ਹੈ ਫਿਰ ਵੀ ਮੈਨੂੰ ਕੋਈ ਨਹੀਂ ਫਸਾਉਂਦਾ ਅਤੇ ਤੈਨੂੰ ਕੋਈ ਫਸਾਉਣ ਆਵੇ ਤਾਂ ਤੂੰ ਛਟਕ ਜਾਂਦਾ ਹੈਂ! ਪਰ ਮੈਨੂੰ ਤਾਂ ਛਟਕਣਾ ਵੀ ਨਹੀਂ ਆਉਂਦਾ। ਅਰਥਾਤ ਤੁਹਾਨੂੰ ਕੋਈ ਕਿੱਥੇ ਤੱਕ ਫਸਾਏਗਾ? ਜਿੱਥੇ ਤੱਕ ਤੁਹਾਡੇ ਬਹੀਖਾਤੇ ਦਾ ਕੁੱਝ ਹਿਸਾਬ ਬਾਕੀ ਹੈ, ਲੈਣ-ਦੇਣ ਦਾ ਹਿਸਾਬ ਬਾਕੀ ਹੈ, ਉੱਥੇ ਤੱਕ ਹੀ ਤੁਹਾਨੂੰ ਫਸਾਉਣਗੇ। ਮੇਰੇ ਬਹੀਖਾਤੇ ਦੇ ਸਾਰੇ ਹਿਸਾਬ ਚੁਕਤਾ ਹੋ ਗਏ ਹਨ। ਕੁੱਝ ਸਮਾਂ ਪਹਿਲਾਂ ਤਾਂ ਮੈਂ ਲੋਕਾਂ ਨੂੰ ਇੱਥੋਂ ਤੱਕ ਕਹਿੰਦਾ ਸੀ ਕਿ ਭਾਈ ਜਿਸਨੂੰ ਵੀ ਪੈਸੇ ਦੀ ਤੰਗੀ ਹੋਵੇ, ਉਹ ਮੈਨੂੰ ਇੱਕ ਥੱਪੜ ਮਾਰ ਕੇ ਮੇਰੇ ਤੋਂ ਪੰਜ ਸੌ ਰੁਪਏ ਲੈ ਜਾਵੇ। ਤਾਂ ਉਹ ਲੋਕ ਕਹਿੰਦੇ ਕਿ, ਨਹੀਂ ਭਾਈ, ਇਸ ਤੰਗੀ ਨਾਲ ਤਾਂ ਮੈਂ ਜਿਵੇਂ-ਤਿਵੇਂ ਨਿਪਟ ਲਵਾਂਗਾ, ਪਰ ਜੇ ਤੁਹਾਨੂੰ ਮੈਂ ਥੱਪੜ ਮਾਰਾਂਗਾ ਤਾਂ ਮੇਰੀ ਕੀ ਦਸ਼ਾ ਹੋਵੇਗੀ ? ਹੁਣ ਇਹ ਗੱਲ ਹਰ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ, ਕੁੱਝ ਡਿਵੈਲਪਡ ਲੋਕਾਂ ਨਾਲ ਹੀ ਇਹ ਗੱਲਾਂ ਕੀਤੀਆਂ ਜਾ ਸਕਦੀਆਂ ਹਨ।

ਅਰਥਾਤ ਵਰਲਡ (ਸੰਸਾਰ) ਵਿੱਚ ਤੁਹਾਨੂੰ ਕੋਈ ਫਸਾਉਣ ਵਾਲਾ ਨਹੀਂ ਹੈ ਕਿਉਂਕਿ ਵਰਲਡ ਦਾ ਤੂੰ ਮਾਲਕ ਹੈਂ, ਤੇਰਾ ਕੋਈ ਉੱਪਰੀ (ਮਾਲਕ) ਹੈ ਹੀ ਨਹੀਂ। ਜਿੱਥੇ ਤੱਕ ਖੁਦ ਦੇ ਸਰੂਪ ਦੀ ਪਹਿਚਾਣ ਤੋਂ ਵਿਮੁੱਖ ਹੈ, ਉੱਥੇ ਤੱਕ ਖੁਦਾ ਇਕੱਲੇ ਹੀ ਤੇਰੇ ਉੱਪਰੀ (ਮਾਲਕ) ਹਨ। ਪਰ ਜੇ ਤੂੰ ਖੁਦ ਨੂੰ ਪਹਿਚਾਣ ਲਵੇਂ ਤਾਂ ਫਿਰ

ਕੋਈ ਤੇਰਾ ਉੱਪਰੀ ਹੈ ਹੀ ਨਹੀਂ। ਫਿਰ ਕੌਣ ਫਸਾਉਣ ਵਾਲਾ ਹੈ ਵਰਲਡ ਵਿੱਚ ? ਕੋਈ ਸਾਡਾ ਨਾਮ ਲੈਣ ਵਾਲਾ ਨਹੀਂ ਹੈ। ਪਰ ਦੇਖੋ ਨਾ, ਕਿੰਨਾ ਸਾਰਾ ਫਸਾਵ (ਝੰਜਟ) ਹੋ ਗਿਆ ਹੈ!

ਇਸ ਲਈ, 'ਮਾਮੇ ਨੇ ਮੈਨੂੰ ਫਸਾਇਆ' ਇਹ ਮਨ ਵਿੱਚੋਂ ਕੱਢ ਦੇਣਾ ਅਤੇ ਵਿਹਾਰ ਵਿੱਚ ਕੋਈ ਪੁੱਛੇ ਤਾਂ ਇੰਝ ਨਾ ਕਹਿਣਾ ਕਿ 'ਮੈਂ ਉਹਨਾਂ ਨੂੰ ਫਸਾਇਆ ਸੀ, ਇਸ ਲਈ ਉਹਨਾਂ ਨੇ ਮੈਨੂੰ ਫਸਾਇਆ!' ਕਿਉਂਕਿ ਲੋਕ ਇਹ ਵਿਗਿਆਨ ਨਹੀਂ ਜਾਣਦੇ, ਇਸ ਲਈ ਉਹਨਾਂ ਦੀ ਭਾਸ਼ਾ ਵਿੱਚ ਗੱਲ ਕਰਨੀ ਚਾਹੀਦੀ ਹੈ ਕਿ 'ਮਾਮੇ ਨੇ ਇੰਝ ਕੀਤਾ।' ਪਰ ਅੰਦਰ ਸਮਝਣਾ ਹੈ ਕਿ 'ਇਸ ਵਿੱਚ ਮੇਰੀ ਹੀ ਭੁੱਲ ਸੀ।' ਅਤੇ ਗੱਲ ਸਹੀ ਵੀ ਹੈ ਨਾ, ਕਿਉਂਕਿ ਮਾਮਾ ਅੱਜ ਭੁਗਤ ਨਹੀਂ ਰਿਹਾ ਹੈ, ਉਹ ਤਾਂ ਗੱਡੀ ਲਿਆ ਕੇ ਮਜ਼ੇ ਲੁੱਟ ਰਿਹਾ ਹੈ। ਜਦੋਂ ਕੁਦਰਤ ਉਹਨਾਂ ਨੂੰ ਫੜੇਗੀ ਉਦੋਂ ਉਹਨਾਂ ਦਾ ਗੁਨਾਹ ਸਾਬਿਤ ਹੋਏਗਾ ਅਤੇ ਅੱਜ ਤਾਂ ਕੁਦਰਤ ਨੇ ਤੈਨੂੰ ਫੜਿਆ ਹੈ ਨਾ!

ਦੁਕਾਨ 'ਤੇ ਨਹੀਂ ਜਾਓਗੇ ਤਾਂ ਦੁਕਾਨ ਖੁਸ਼ ਨਹੀਂ ਹੋਏਗੀ। ਦੁਕਾਨ ਖੁਸ਼ ਹੋਏਗੀ ਤਾਂ ਕਮਾਈ ਹੋਏਗੀ ਉਸੇ ਤਰ੍ਹਾਂ ਇੱਥੇ ਸਤਿਸੰਗ ਵਿੱਚ, ਤੁਹਾਡੇ ਕੋਲ ਜ਼ਿਆਦਾ ਸਮਾਂ ਨਾ ਹੋਣ 'ਤੇ ਵੀ ਪੰਜ-ਦਸ ਮਿੰਟ ਆ ਕੇ ਦਰਸ਼ਨ ਕਰ ਜਾਓ, ਜੇ ਅਸੀਂ ਇੱਥੇ ਹਾਂ ਤਾਂ, ਹਾਜ਼ਰੀ ਤਾਂ ਦੇਣੀ ਚਾਹੀਦੀ ਹੈ ਨਾ!

ਇਹ ਤਾਂ ਦਾਦਾਜੀ ਦਾ ਬਲੈਂਕ ਚੈੱਕ, ਕੋਰਾ ਚੈੱਕ ਕਹਾਉਂਦਾ ਹੈ। ਉਸ ਨੂੰ ਘੜੀ-ਘੜੀ ਖਰਚ ਨਾ ਕਰੋ, ਖਾਸ ਅੜਚਨ ਆਉਣ 'ਤੇ ਹੀ ਜ਼ੰਜੀਰ ਖਿੱਚਣਾ। ਸਿਗਰਟ ਦਾ ਪੈਕਟ ਡਿੱਗ ਜਾਵੇ ਅਤੇ ਅਸੀਂ ਗੱਡੀ ਦੀ ਜ਼ੰਜੀਰ ਖਿੱਚੀਏ ਤਾਂ ਜੁਰਮਾਨਾ ਹੋਏਗਾ ਕਿ ਨਹੀਂ ਹੋਏਗਾ ? ਅਰਥਾਤ ਅਜਿਹਾ ਦੁਰਉਪਯੋਗ ਨਾ ਕਰਨਾ।

**ਪ੍ਰਸ਼ਨਕਰਤਾ** : ਅੱਜਕੱਲ ਟੈਕਸ ਇੰਨੇ ਵੱਧ ਗਏ ਹਨ ਕਿ ਚੋਰੀ ਕੀਤੇ ਬਿਨਾਂ ਵੱਡੇ ਧੰਦੇ ਦਾ ਸੰਤੁਲਨ ਕਰਨਾ ਮੁਸ਼ਕਿਲ ਹੈ। ਸਾਰੇ ਰਿਸ਼ਵਤ ਮੰਗਦੇ ਹਨ ਤਾਂ ਇਸਦੇ ਲਈ ਚੋਰੀ ਤਾਂ ਕਰਨੀ ਹੀ ਪਏਗੀ ਨਾ ?

**ਦਾਦਾਸ਼੍ਰੀ** : ਚੋਰੀ ਕਰੋ ਪਰ ਤੁਹਾਨੂੰ ਪਛਤਾਵਾ ਹੁੰਦਾ ਹੈ ਕਿ ਨਹੀਂ ? ਪਛਤਾਵਾ ਹੋਣ 'ਤੇ ਵੀ ਉਹ ਹਲਕਾ ਹੋ ਜਾਏਗਾ।

**ਪ੍ਰਸ਼ਨਕਰਤਾ** : ਤਾਂ ਫਿਰ ਇਹੋ ਜਿਹੇ ਸੰਜੋਗਾਂ ਵਿੱਚ ਕੀ ਕਰਨਾ ਚਾਹੀਦਾ ਹੈ ?

**ਦਾਦਾਸ਼੍ਰੀ** : ਜਿੱਥੇ ਤੁਹਾਨੂੰ ਲੱਗੇ ਕਿ ਇਹ ਗਲਤ ਹੋ ਰਿਹਾ ਹੈ, ਉੱਥੇ ਹਾਰਟਿਲੀ (ਦਿਲ ਤੋਂ) ਪਛਤਾਵਾ ਕਰਨਾ। ਦੁੱਖ ਹੋਣਾ ਚਾਹੀਦਾ ਹੈ ਤਾਂ ਹੀ ਛੁੱਟਿਆ ਜਾ ਸਕਦਾ ਹੈ। ਅੱਜ ਜੇਕਰ ਕਾਲੇ ਬਾਜ਼ਾਰ ਦਾ ਮਾਲ ਲਿਆਏ ਤਾਂ ਫਿਰ ਉਸ ਨੂੰ ਕਾਲੇ ਬਾਜ਼ਾਰ ਵਿੱਚ ਹੀ ਵੇਚਣਾ ਪਵੇਗਾ। ਉਦੋਂ ਚੰਦੂਲਾਲ ਨੂੰ ਕਹਿਣਾ ਕਿ 'ਪ੍ਰਤੀਕ੍ਰਮਣ ਕਰੋ'। ਹਾਂ, ਪਹਿਲਾਂ ਪ੍ਰਤੀਕ੍ਰਮਣ ਨਹੀਂ ਕਰਦੇ ਸੀ ਇਸ ਲਈ ਕਰਮ ਦੇ ਇੰਨੇ ਸਾਰੇ ਤਲਾਅ ਭਰੇ। ਹੁਣ ਪ੍ਰਤੀਕ੍ਰਮਣ ਕਰਕੇ ਸ਼ੁੱਧ ਕਰ ਦੇਣਾ ਹੈ। ਜੇਕਰ ਲੋਹਾ ਕਾਲੇ ਬਾਜ਼ਾਰ ਵਿੱਚ ਵੇਚਿਆ ਤਾਂ ਚੰਦੂਲਾਲ ਨੂੰ ਕਹਿਣਾ "ਚੰਦੂਲਾਲ! ਵੇਚੋ, ਇਸ ਵਿੱਚ ਹਰਜ਼ ਨਹੀਂ ਹੈ, ਉਹ 'ਵਿਵਸਥਿਤ' ਦੇ ਅਧੀਨ ਹੈ। ਪਰ ਹੁਣ ਉਸਦਾ ਪ੍ਰਤੀਕ੍ਰਮਣ ਕਰ ਲਓ ਅਤੇ ਕਹੋ ਕਿ ਇੰਝ ਦੁਬਾਰਾ ਨਹੀਂ ਹੋਣਾ ਚਾਹੀਦਾ।"

ਜੇਕਰ ਇੱਕ ਆਦਮੀ ਕਹੇ, 'ਮੈਨੂੰ ਧਰਮ ਨਹੀਂ ਚਾਹੀਦਾ। ਭੌਤਿਕ ਸੁੱਖ ਚਾਹੀਦਾ ਹੈ।' ਤਾਂ ਉਸ ਨੂੰ ਮੈਂ ਕਹਾਂਗਾ, 'ਪ੍ਰਮਾਣਿਕ ਰਹਿਣਾ, ਨੀਤੀ ਪਾਲਨਾ।' ਮੰਦਰ ਜਾਣ ਨੂੰ ਨਹੀਂ ਕਹਾਂਗਾ। ਦੂਸਰਿਆਂ ਨੂੰ ਤੂੰ ਦਿੰਦਾ ਹੈਂ, ਉਹ ਦੇਵ ਧਰਮ ਹੈ। ਪਰ ਦੂਸਰਿਆਂ ਦਾ, ਬਿਨਾਂ ਹੱਕ ਦਾ ਲੈਂਦਾ ਨਹੀਂ ਹੈਂ ਉਹ ਮਾਨਵ ਧਰਮ ਹੈ। ਅਰਥਾਤ ਪ੍ਰਮਾਣਿਕਤਾ ਇਹ ਸਭ ਤੋਂ ਵੱਡਾ ਧਰਮ ਹੈ। ਡਿਸਆਨੇਸਟੀ ਇਜ਼ ਦੀ ਬੈਸਟ ਫੂਲਿਸ਼ਨੈੱਸ (ਅਪ੍ਰਮਾਣਿਕਤਾ ਸਭ ਤੋਂ ਵੱਡੀ ਮੂਰਖਤਾ ਹੈ)। ਪਰ ਆਨੇਸਟ ਨਹੀਂ ਰਹਿ ਸਕਦੇ, ਤਾਂ ਕੀ ਮੈਂ ਸਮੁੰਦਰ ਵਿੱਚ ਕੁੱਦ ਜਾਵਾਂ। ਦਾਦਾਜੀ ਸਿਖਾਉਂਦੇ ਹਨ ਕਿ ਡਿਸਆਨੇਸਟੀ ਦਾ ਪ੍ਰਤੀਕ੍ਰਮਣ ਕਰੋ। ਅਗਲਾ ਜਨਮ ਤੁਹਾਡਾ ਉਜਲਾ ਹੋ ਜਾਵੇਗਾ। ਡਿਸਆਨੇਸਟੀ ਨੂੰ ਡਿਸਆਨੇਸਟੀ ਸਮਝੋ ਅਤੇ ਉਸਦਾ ਪਸ਼ਚਾਤਾਪ ਕਰੋ। ਪਸ਼ਚਾਤਾਪ ਕਰਨ ਵਾਲਾ ਮਨੁੱਖ ਆਨੇਸਟ ਹੈ, ਇਹ ਨਿਸ਼ਚਿਤ ਹੈ।

ਅਨੀਤੀ ਨਾਲ ਪੈਸੇ ਕਮਾਉਂਦਾ ਹੈ, ਵਗੈਰਾ ਸਭ ਦੇ ਉਪਾਅ ਦੱਸੇ ਗਏ ਹਨ। ਅਨੀਤੀ ਨਾਲ ਪੈਸੇ ਕਮਾਏ ਤਾਂ ਰਾਤ ਨੂੰ 'ਚੰਦੂਲਾਲ' ਨੂੰ ਕਹਿਣਾ ਕਿ ਬਾਰ-ਬਾਰ ਪ੍ਰਤੀਕ੍ਰਮਣ ਕਰੋ, ਅਨੀਤੀ ਨਾਲ ਕਿਉਂ ਕਮਾਏ ? ਇਸਦੇ ਲਈ ਪ੍ਰਤੀਕ੍ਰਮਣ ਕਰੋ। ਰੋਜ਼ਾਨਾ 400-500 ਪ੍ਰਤੀਕ੍ਰਮਣ ਕਰਵਾਉਣਾ। ਖੁਦ ਸ਼ੁੱਧਾਤਮਾ ਨੂੰ ਨਹੀਂ ਕਰਨੇ ਹਨ। 'ਚੰਦੂਲਾਲ' ਤੋਂ ਕਰਵਾਉਣਾ। ਜਿਸ ਨੇ ਅਤੀਕ੍ਰਮਣ ਕੀਤਾ ਉਸ ਤੋਂ ਪ੍ਰਤੀਕ੍ਰਮਣ ਕਰਵਾਉਣਾ।

ਹੁਣ ਹਿੱਸੇਦਾਰ ਨਾਲ ਮਤਭੇਦ ਹੋ ਜਾਵੇ ਤਾਂ ਤੁਰੰਤ ਤੁਹਾਨੂੰ ਪਤਾ ਲੱਗ ਜਾਏਗਾ ਕਿ ਜ਼ਰੂਰਤ ਤੋਂ ਜ਼ਿਆਦਾ ਬੋਲ ਦਿੱਤਾ। ਤਾਂ ਤੁਰੰਤ ਉਸ ਦੇ ਨਾਮ ਦਾ

ਪ੍ਰਤੀਕ੍ਰਮਣ ਕਰ ਲੈਣਾ। ਸਾਡਾ ਪ੍ਰਤੀਕ੍ਰਮਣ ਕੈਸ਼ ਪੇਮੈਂਟ (ਨਕਦ) ਹੋਣਾ ਚਾਹੀਦਾ ਹੈ। ਇਹ ਬੈਂਕ ਵੀ ਕੈਸ਼ ਕਹਾਉਂਦਾ ਹੈ ਅਤੇ ਪੇਮੈਂਟ ਵੀ ਕੈਸ਼ ਕਹਾਉਂਦਾ ਹੈ।

ਇਸ ਸੰਸਾਰ ਵਿੱਚ ਅੰਤਰਾਏ ਕਿਵੇਂ ਪੈਂਦੇ ਹਨ ਇਹ ਮੈਂ ਤੁਹਾਨੂੰ ਸਮਝਾਵਾਂ। ਤੁਸੀਂ ਜਿਸ ਆਫਿਸ ਵਿੱਚ ਨੌਕਰੀ ਕਰਦੇ ਹੋ ਉੱਥੇ ਤੁਹਾਡੇ ਅਸਿਸਟੈਂਟ (ਸਹਾਇਕ) ਨੂੰ ਬਿਨਾਂ ਅਕਲ ਦਾ ਕਿਹਾ, ਤਾਂ ਉਸ ਨਾਲ ਤੁਹਾਡੀ ਅਕਲ 'ਤੇ ਅੰਤਰਾਏ ਪਿਆ। ਬੋਲੋ, ਹੁਣ ਸਾਰਾ ਸੰਸਾਰ ਇਸ ਅੰਤਰਾਏ ਨਾਲ ਫਸ ਕੇ ਇਸ ਮਨੁੱਖ ਜਨਮ ਨੂੰ ਵਿਅਰਥ ਗਵਾਉਂਦਾ ਹੈ! ਤੁਹਾਨੂੰ 'ਰਾਈਟ' (ਅਧਿਕਾਰ) ਹੀ ਨਹੀਂ ਹੈ, ਸਾਹਮਣੇ ਵਾਲੇ ਨੂੰ ਬਿਨਾਂ ਅਕਲ ਦਾ ਕਹਿਣ ਦਾ। ਤੁਸੀਂ ਇੰਝ ਬੋਲੋਗੇ ਤਾਂ ਸਾਹਮਣੇ ਵਾਲਾ ਵੀ ਉਲਟਾ ਬੋਲੇਗਾ, ਇਸ ਨਾਲ ਉਸਨੂੰ ਵੀ ਅੰਤਰਾਏ ਪਏਗਾ। ਬੋਲੋ ਹੁਣ, ਇਸ ਸੰਸਾਰ ਵਿੱਚ ਅੰਤਰਾਏ ਪੈਣੇ ਕਿਸ ਤਰ੍ਹਾਂ ਬੰਦ ਹੋਣਗੇ ? ਕਿਸੇ ਨੂੰ ਤੁਸੀਂ ਨਲਾਇਕ ਕਿਹਾ ਤਾਂ ਤੁਹਾਡੀ ਲਿਆਕਤ 'ਤੇ ਅੰਤਰਾਏ ਪੈਂਦਾ ਹੈ। ਜੇ ਤੁਸੀਂ ਤੁਰੰਤ ਹੀ ਇਸਦਾ ਪ੍ਰਤੀਕ੍ਰਮਣ ਕਰੋ ਤਾਂ ਅੰਤਰਾਏ ਪੈਣ ਤੋਂ ਪਹਿਲਾਂ ਧੋਤਾ ਜਾਏਗਾ।

**ਪ੍ਰਸ਼ਨਕਰਤਾ** : ਨੌਕਰੀ ਦੇ ਫ਼ਰਜ਼ ਅਦਾ ਕਰਦੇ ਹੋਏ, ਮੈਂ ਬਹੁਤ ਸਖ਼ਤੀ ਨਾਲ ਲੋਕਾਂ ਦੇ ਅਪਮਾਨ ਕੀਤੇ ਸਨ, ਦੁਤਕਾਰ ਦਿੱਤਾ ਸੀ।

**ਦਾਦਾਸ਼੍ਰੀ** : ਉਹਨਾਂ ਸਭ ਦਾ ਪ੍ਰਤੀਕ੍ਰਮਣ ਕਰਨਾ। ਉਸ ਵਿੱਚ ਤੁਹਾਡਾ ਇਰਾਦਾ ਮਾੜਾ ਨਹੀਂ ਸੀ, ਆਪਣੇ ਖੁਦ ਲਈ ਨਹੀਂ, ਸਰਕਾਰ ਲਈ ਕੀਤਾ ਸੀ ਸਭ। ਇਸ ਲਈ ਉਹ ਸਿਨਸਿਆਰਿਟੀ (ਨਿਸ਼ਠਾ) ਕਹਾਉਂਦੀ ਹੈ।

## (5) ਲੋਭ ਨਾਲ ਖੜ੍ਹਾ ਸੰਸਾਰ

ਜੋ ਚੀਜ਼ ਪਿਆਰੀ ਹੋਵੇ ਉਸ ਵਿੱਚ ਹੀ ਮੂਰਛਿਤ ਰਹਿਣਾ, ਉਸਦਾ ਨਾਮ ਹੈ ਲੋਭ। ਉਹ ਚੀਜ਼ ਪ੍ਰਾਪਤ ਹੋਣ 'ਤੇ ਵੀ ਸੰਤੋਸ਼ ਨਹੀਂ ਹੁੰਦਾ। ਲੋਭ ਤਾਂ, ਸਵੇਰੇ ਉੱਠਿਆ ਉਦੋਂ ਤੋਂ ਲੈ ਕੇ ਰਾਤੀਂ ਸੌਣ ਤੱਕ, ਲੋਭ ਵਿੱਚ ਹੀ ਰਹਿੰਦਾ ਹੈ। ਸਵੇਰੇ ਜਾਗਿਆ ਉਦੋਂ ਤੋਂ ਲੋਭ ਦੀ ਗ੍ਰੰਥੀ ਜਿਵੇਂ ਦਿਖਾਏ ਉਵੇਂ ਕਰਦਾ ਰਹਿੰਦਾ ਹੈ। ਲੋਭੀ ਹੱਸਣ ਵਿੱਚ ਵੀ ਵਕਤ ਨਹੀਂ ਗਵਾਉਂਦਾ, ਸਾਰਾ ਦਿਨ ਲੋਭ ਵਿੱਚ ਹੀ ਰਹਿੰਦਾ ਹੈ। ਮਾਰਕਿਟ ਜਾਵੇ ਉਦੋਂ ਤੋਂ ਲੋਭ, ਲੋਭ, ਲੋਭ! ਬਿਨਾਂ ਮਤਲਬ ਦੇ ਪੂਰਾ ਦਿਨ ਘੁੰਮਦਾ ਰਹਿੰਦਾ ਹੈ। ਲੋਭੀ, ਸਬਜ਼ੀ ਮੰਡੀ ਜਾਵੇ ਉਦੋਂ ਉਸ ਨੂੰ ਪਤਾ ਹੁੰਦਾ ਹੈ ਕਿ ਇਸ ਪਾਸੇ ਮਹਿੰਗੀ ਸਬਜ਼ੀ ਮਿਲਦੀ ਹੈ ਅਤੇ ਉਸ ਪਾਸੇ ਸਸਤੀਆਂ ਢੇਰੀਆਂ

ਵਿਕਦੀਆਂ ਹਨ। ਤਾਂ ਫਿਰ ਸਸਤੀਆਂ ਢੇਰੀਆਂ ਲੱਭ ਲੈਂਦਾ ਹੈ ਅਤੇ ਰੋਜ਼ ਉੱਧਰ ਹੀ ਸਬਜ਼ੀ ਲੈਣ ਜਾਂਦਾ ਹੈ।

ਲੋਭੀ ਵਿਅਕਤੀ ਭਵਿੱਖ ਲਈ ਸਭ ਕੁੱਝ ਜਮ੍ਹਾਂ ਕਰਦਾ ਹੈ। ਫਿਰ ਬਹੁਤ ਜਮ੍ਹਾਂ ਹੋ ਜਾਂਦਾ ਹੈ ਤਾਂ ਉਦੋਂ, ਦੋ ਵੱਡੇ-ਵੱਡੇ ਚੂਹੇ ਘੁਸ ਜਾਂਦੇ ਹਨ ਅਤੇ ਸਭ ਸਫ਼ਾਇਆ ਕਰ ਦਿੰਦੇ ਹਨ!

ਲੱਛਮੀ ਜਮ੍ਹਾਂ ਕਰਨ ਦੀ ਇੱਛਾ ਦੇ ਬਗੈਰ ਜਮ੍ਹਾਂ ਕਰਨਾ। ਲੱਛਮੀ ਆਵੇ ਤਾਂ ਰੋਕਣਾ ਨਹੀਂ ਅਤੇ ਨਹੀਂ ਆਵੇ ਤਾਂ ਗਲਤ ਤਰੀਕਿਆਂ ਨਾਲ ਉਸ ਨੂੰ ਖਿੱਚਣਾ ਨਹੀਂ।

ਲੱਛਮੀ ਜੀ ਤਾਂ ਆਪਣੇ ਆਪ ਆਉਣ ਲਈ ਬੰਨ੍ਹੀ ਹੋਈ ਹੈ। ਇੰਝ ਸਾਡੇ ਸੰਗ੍ਰਹਿ ਕਰਨ ਨਾਲ ਸੰਗ੍ਰਹਿਤ ਨਹੀਂ ਹੁੰਦੀ ਕਿ ਅੱਜ ਸੰਗ੍ਰਹਿ ਕਰੀਏ ਅਤੇ ਪੱਚੀ ਸਾਲ ਬਾਅਦ, ਬੇਟੀ ਵਿਆਉਂਦੇ ਸਮੇਂ ਤੱਕ ਰਹੇਗੀ, ਉਸ ਗੱਲ ਵਿੱਚ ਕੁੱਝ ਨਹੀਂ ਰੱਖਿਆ। ਜੇ ਕੋਈ ਇਸ ਤਰ੍ਹਾਂ ਮੰਨਦਾ ਹੈ ਤਾਂ ਉਹ ਬਿਲਕੁਲ ਗਲਤ ਹੈ। ਉਸ ਦਿਨ ਜੋ ਮਿਲੇ, ਉਹ ਠੀਕ, ਫ੍ਰੈਸ਼ ਹੋਣਾ ਚਾਹੀਦਾ ਹੈ।

ਜੋ ਚੀਜ਼ਾਂ ਸਹਿਜ ਮਿਲਣ ਉਹਨਾਂ ਦਾ ਉਪਯੋਗ ਕਰਨਾ, ਸੁੱਟ ਨਾ ਦੇਣਾ। ਸਦ ਰਸਤੇ ਉਪਯੋਗ ਕਰਨਾ। ਬਹੁਤ ਜਮ੍ਹਾਂ ਕਰਨ ਦੀ ਇੱਛਾ ਨਾ ਕਰਨਾ। ਜਮ੍ਹਾਂ ਕਰਨ ਦਾ ਇੱਕ ਨਿਯਮ ਹੋਣਾ ਚਾਹੀਦਾ ਹੈ ਕਿ ਸਾਡੀ ਪੂੰਜੀ ਇੰਨੀ (ਅਮੁਕ ਮਾਤਰਾ ਵਿੱਚ) ਤਾਂ ਹੋਣੀ ਚਾਹੀਦੀ ਹੈ। ਫਿਰ ਓਨੀ ਪੂੰਜੀ ਰੱਖ ਕੇ, ਬਾਕੀ ਯੋਗ ਜਗ੍ਹਾ 'ਤੇ ਖਰਚ ਕਰਨਾ। ਲੱਛਮੀ ਨੂੰ ਸੁੱਟ ਨਹੀਂ ਸਕਦੇ।

ਲੋਭ ਦਾ ਪ੍ਰਤੀਪੱਖ (ਵਿਪਰੀਤ) ਸ਼ਬਦ ਹੈ ਸੰਤੋਖ। ਪਿਛਲੇ ਜਨਮ ਵਿੱਚ ਥੋੜ੍ਹਾ ਬਹੁਤ ਗਿਆਨ ਸਮਝਿਆ ਹੋਵੇ, ਆਤਮਗਿਆਨ ਨਹੀਂ ਪਰ ਸੰਸਾਰੀ ਗਿਆਨ ਸਮਝਿਆ ਹੋਵੇ ਤਾਂ ਉਸ ਵਿੱਚ ਸੰਤੋਖ ਹੁੰਦਾ ਹੈ ਅਤੇ ਜਿੱਥੇ ਤੱਕ ਸਮਝ ਵਿੱਚ ਨਹੀਂ ਆਉਂਦਾ ਉੱਥੇ ਤੱਕ ਲੋਭ ਬਣਿਆ ਰਹਿੰਦਾ ਹੈ।

ਅਨੰਤ ਜਨਮਾਂ ਤੱਕ ਖੁਦ ਨੇ ਇੰਨਾ ਕੁੱਝ ਭੋਗਿਆ ਹੁੰਦਾ ਹੈ, ਉਸ ਦਾ ਫਿਰ ਉਸ ਨੂੰ ਸੰਤੋਖ ਰਹਿੰਦਾ ਹੈ ਕਿ ਹੁਣ ਕੁੱਝ ਨਹੀਂ ਚਾਹੀਦਾ ਅਤੇ ਜਿਸ ਨੇ ਨਾ ਭੋਗਿਆ ਹੋਵੇ, ਉਸ ਵਿੱਚ ਕਿੰਨੇ ਹੀ ਤਰ੍ਹਾਂ ਦੇ ਲੋਭ ਘੁਸ ਜਾਂਦੇ ਹਨ। ਫਿਰ ਉਸ ਨੂੰ, 'ਇਹ ਭੋਗ ਲਵਾਂ, ਉਹ ਭੋਗ ਲਵਾਂ', ਅਜਿਹਾ ਰਿਹਾ ਕਰਦਾ ਹੈ।

**ਪ੍ਰਸ਼ਨਕਰਤਾ :** ਲੋਭੀ ਥੋੜ੍ਹੇ ਕੰਜੂਸ ਵੀ ਹੁੰਦੇ ਹਨ ਨਾ ?

**ਦਾਦਾਸ਼੍ਰੀ** : ਨਹੀਂ। ਕੰਜੂਸ, ਉਹ ਅਲੱਗ ਹਨ। ਕੰਜੂਸ ਤਾਂ ਆਪਣੇ ਕੋਲ ਪੈਸੇ ਨਾ ਹੋਣ ਦੀ ਵਜ੍ਹਾ ਨਾਲ ਕੰਜੂਸੀ ਕਰਦਾ ਹੈ ਅਤੇ ਲੋਭੀ ਤਾਂ ਘਰ ਵਿੱਚ ਪੱਚੀ ਹਜ਼ਾਰ ਪਏ ਹੋਣ 'ਤੇ ਵੀ ਕਣਕ, ਚੌਲ਼ ਸਸਤੇ ਕਿਵੇਂ ਮਿਲਣ, ਘਿਓ ਕਿਵੇਂ ਸਸਤਾ ਮਿਲੇ, ਇਸ ਤਰ੍ਹਾਂ ਉਸ ਦਾ ਚਿਤ ਲੋਭ ਵਿੱਚ ਹੀ ਰਹਿੰਦਾ ਹੈ। ਸਬਜ਼ੀ ਮੰਡੀ ਜਾਵੇ ਤਾਂ ਵੀ ਕਿਸ ਜਗ੍ਹਾ ਸਸਤੀਆਂ ਢੇਰੀਆਂ ਮਿਲਦੀਆਂ ਹਨ, ਉਹੀ ਲੱਭਦਾ ਰਹਿੰਦਾ ਹੈ!

ਲੋਭੀ ਕਿਸ ਨੂੰ ਕਹਿੰਦੇ ਹਨ ਕਿ ਜੋ ਹਰ ਇੱਕ ਗੱਲ ਵਿੱਚ ਜਾਗ੍ਰਿਤ ਹੋਵੇ।

**ਪ੍ਰਸ਼ਨਕਰਤਾ** : ਲੋਭੀ ਅਤੇ ਕੰਜੂਸ ਵਿੱਚ ਕੀ ਫ਼ਰਕ ਹੈ ?

**ਦਾਦਾਸ਼੍ਰੀ** : ਕੰਜੂਸ ਤਾਂ ਕੇਵਲ ਲੱਛਮੀ ਦੀ ਹੀ ਕੰਜੂਸੀ ਕਰਦਾ ਹੈ। ਲੋਭੀ ਤਾਂ ਹਰ ਪਾਸੇ ਤੋਂ ਲੋਭ ਵਿੱਚ ਰਹਿੰਦਾ ਹੈ। ਮਾਨ ਦਾ ਵੀ ਲੋਭ ਕਰੇ ਅਤੇ ਲੱਛਮੀ ਦਾ ਵੀ ਕਰਦਾ ਹੈ। ਲੋਭੀ ਨੂੰ ਹਰ ਤਰ੍ਹਾਂ ਦਾ ਲੋਭ ਰਹਿੰਦਾ ਹੈ ਜੋ ਉਸ ਨੂੰ ਹਰ ਜਗ੍ਹਾ ਖਿੱਚ ਲੈਂਦਾ ਹੈ।

**ਪ੍ਰਸ਼ਨਕਰਤਾ** : ਲੋਭੀ ਹੋਈਏ ਕਿ ਕਿਫ਼ਾਇਤੀ।

**ਦਾਦਾਸ਼੍ਰੀ** : ਲੋਭੀ ਹੋਣਾ ਗੁਨਾਹ ਹੈ। ਕਿਫ਼ਾਇਤੀ ਹੋਣਾ ਗੁਨਾਹ ਨਹੀਂ ਹੈ।

'ਇਕੋਨਮੀ' (ਕਿਫ਼ਾਇਤ) ਕਿਸ ਨੂੰ ਕਹਿੰਦੇ ਹਨ ? ਤੰਗੀ ਹੋਵੇ ਉਦੋਂ ਤੰਗੀ ਅਤੇ ਠੰਡਾ ਹੋਵੇ ਉਦੋਂ ਠੰਡਾ। ਕਦੇ ਵੀ ਕਰਜ਼ ਲੈ ਕੇ ਕੰਮ ਨਹੀਂ ਕਰਨਾ ਚਾਹੀਦਾ। ਕਰਜ਼ ਲੈ ਕੇ ਵਪਾਰ ਕਰ ਸਕਦੇ ਹਾਂ ਪਰ ਮੌਜ਼-ਮਸਤੀ ਨਹੀਂ ਕਰ ਸਕਦੇ। ਕਰਜ਼ ਲੈ ਕੇ ਕਦੋਂ ਖਾ ਸਕਦੇ ਹਾਂ ? ਜਦੋਂ ਮਰਨ ਦਾ ਵਕਤ ਆਵੇ ਉਦੋਂ, ਪਰ ਕਰਜ਼ ਲੈ ਕੇ ਘਿਓ ਨਹੀਂ ਪੀ ਸਕਦੇ।

**ਪ੍ਰਸ਼ਨਕਰਤਾ** : ਦਾਦਾਜੀ, ਕੰਜੂਸੀ ਅਤੇ ਕਿਫ਼ਾਇਤ ਵਿੱਚ ਕੀ ਫ਼ਰਕ ਹੈ ?

**ਦਾਦਾਸ਼੍ਰੀ** : ਹਾਂ, ਬਹੁਤ ਫ਼ਰਕ ਹੈ। ਹਜ਼ਾਰ ਰੁਪਏ ਮਹੀਨੇ ਦੇ ਕਮਾਉਂਦੇ ਹੋ ਤਾਂ ਅੱਠ ਸੌ ਰੁਪਏ ਖਰਚ ਕਰਨਾ ਅਤੇ ਪੰਜ ਸੌ ਆਉਂਦੇ ਹੋਣ ਤਾਂ ਚਾਰ ਸੌ ਦਾ ਖਰਚ ਕਰਨਾ, ਇਸ ਦਾ ਨਾਮ ਹੈ ਕਿਫ਼ਾਇਤ। ਜਦੋਂ ਕਿ ਕੰਜੂਸ ਤਾਂ ਚਾਰ ਸੌ ਦੇ ਚਾਰ ਸੌ ਹੀ ਖਰਚ ਕਰੇਗਾ, ਫਿਰ ਬੇਸ਼ੱਕ ਹਜ਼ਾਰ ਆਉਣ ਜਾਂ ਦੋ ਹਜ਼ਾਰ ਆਉਣ। ਉਹ ਟੈਕਸੀ ਵਿੱਚ ਨਹੀਂ ਜਾਏਗਾ। ਕਿਫ਼ਾਇਤ ਤਾਂ, ਇਕੋਨੋਮਿਕਸ-ਅਰਥਸ਼ਾਸਤਰ ਹੈ। ਕਿਫ਼ਾਇਤੀ ਤਾਂ ਭਵਿੱਖ ਦੀਆਂ ਮੁਸ਼ਕਿਲਾਂ 'ਤੇ ਨਜ਼ਰ ਰੱਖਦਾ ਹੈ। ਕੰਜੂਸ ਨੂੰ ਦੇਖ ਕੇ ਦੂਸਰਿਆਂ ਨੂੰ ਚਿੜ੍ਹ ਹੁੰਦੀ ਹੈ ਕਿ ਕੰਜੂਸ ਹੈ। ਕਿਫ਼ਾਇਤੀ ਨੂੰ ਦੇਖ ਕੇ ਚਿੜ੍ਹ ਨਹੀਂ ਹੁੰਦੀ।

ਘਰ ਵਿੱਚ ਕਿਫ਼ਾਇਤ ਕਿਹੋ ਜਿਹੀ ਹੋਣੀ ਚਾਹੀਦੀ ਹੈ ? ਬਾਹਰ ਖਰਾਬ ਨਾ ਦਿਸੇ ਇਹੋ ਜਿਹੀ ਕਿਫ਼ਾਇਤ ਹੋਣੀ ਚਾਹੀਦੀ ਹੈ। ਕਿਫ਼ਾਇਤ ਰਸੋਈ ਵਿੱਚ ਪਹੁੰਚਣੀ ਨਹੀਂ ਚਾਹੀਦੀ। ਉਦਾਰ ਕਿਫ਼ਾਇਤ ਹੋਣੀ ਚਾਹੀਦੀ ਹੈ। ਰਸੋਈ ਵਿੱਚ ਕਿਫ਼ਾਇਤ ਘੁਸੇ ਤਾਂ ਮਨ ਵਿਗੜ ਜਾਏਗਾ, ਕੋਈ ਮਹਿਮਾਨ ਆਵੇ ਤਾਂ ਵੀ ਮਨ ਵਿਗੜ ਜਾਵੇਗਾ ਕਿ ਚੌਲ਼ ਖਤਮ ਹੋ ਜਾਣਗੇ! ਕੋਈ ਬਹੁਤ ਫ਼ਜ਼ੂਲ-ਖ਼ਰਚੀ ਹੋਵੇ, ਉਸਨੂੰ ਅਸੀਂ ਕਹਾਂਗੇ ਕਿ 'ਨੋਬਲ' (ਉਮਦਾ) ਕਿਫ਼ਾਇਤ ਕਰੋ।

ਪੈਸੇ ਕਮਾਉਣ ਦੀ ਭਾਵਨਾ ਕਰਨ ਦੀ ਜ਼ਰੂਰਤ ਨਹੀਂ ਹੈ, ਯਤਨ ਬੇਸ਼ੱਕ ਜਾਰੀ ਰਹਿਣ। "ਪੈਸੇ ਮੈਂ ਖਿੱਚ ਲਵਾਂ" ਤਾਂ ਸਾਹਮਣੇ ਵਾਲੇ ਦੇ ਹਿੱਸੇ ਵਿੱਚ ਰਹਿਣਗੇ ਨਹੀਂ। ਇਸ ਲਈ ਜੋ ਕੁਦਰਤੀ ਕੋਟਾ (ਹਿੱਸਾ) ਨਿਰਮਾਣ ਹੋਇਆ ਹੈ ਉਸ ਨੂੰ ਹੀ ਕਾਇਮ ਰਹਿਣ ਦਿਓ ਨਾ! ਲੋਭ ਯਾਨੀ ਕੀ ? ਦੂਸਰਿਆਂ ਦਾ ਹੜੱਪ ਲੈਣਾ। ਫਿਰ ਕਮਾਉਣ ਦੀ ਭਾਵਨਾ ਕਰਨ ਦੀ ਜ਼ਰੂਰਤ ਹੀ ਕੀ ਹੈ ? ਮਰਨ ਵਾਲਾ ਹੈ ਉਸ ਨੂੰ ਮਾਰਨ ਦੀ ਭਾਵਨਾ ਕਰਨ ਦੀ ਕੀ ਜ਼ਰੂਰਤ ਹੈ ? ਇਸ ਤਰ੍ਹਾਂ ਮੈਂ ਕਹਿਣਾ ਚਾਹੁੰਦਾ ਹਾਂ। ਇਸ ਇੱਕ ਵਾਕ ਵਿੱਚ, ਲੋਕਾਂ ਦੇ ਕਈ ਪਾਪ ਹੁੰਦੇ-ਹੁੰਦੇ ਅਟਕ ਜਾਣਗੇ, ਇਹ ਮੈਂ ਕਹਿਣਾ ਚਾਹੁੰਦਾ ਹਾਂ!

ਲੋਭ ਦੇ ਕਾਰਣ ਜੋ ਆਚਰਣ ਹੁੰਦਾ ਹੈ ਨਾ, ਉਹ ਆਚਰਣ ਹੀ ਉਸ ਨੂੰ ਜਾਨਵਰ ਯੋਨੀ ਵਿੱਚ ਲੈ ਜਾਂਦਾ ਹੈ।

ਤੁਸੀਂ ਚੰਗੇ ਇਨਸਾਨ ਹੋ ਅਤੇ ਜੇ ਤੁਸੀਂ ਨਹੀਂ ਠੱਗੇ ਜਾਓਗੇ ਤਾਂ ਦੂਸਰਾ ਕੌਣ ਠੱਗਿਆ ਜਾਏਗਾ ? ਨਲਾਇਕ ਤਾਂ ਠੱਗਿਆ ਨਹੀਂ ਜਾਏਗਾ। ਉਹਨਾਂ ਦਾ ਤਾਂ, ਜਿਵੇਂ ਸੱਪ ਦੇ ਘਰ ਸੱਪ ਗਿਆ ਅਤੇ ਜੀਭ ਚੱਟ ਕੇ ਵਾਪਿਸ ਆਇਆ, ਇਸ ਤਰ੍ਹਾਂ! ਠੱਗੇ ਜਾਈਏ ਤਾਂ ਹੀ ਸਾਡੀ ਖਾਨਦਾਨੀ ਕਹਾਵੇਗੀ ਨਾ! ਸਾਨੂੰ ਜਿਹੜੇ 'ਆਓ ਪਧਾਰੋ!' ਕਹਿੰਦੇ ਹਨ ਨਾ, ਉਹ ਤਾਂ ਉਸ ਦਾ ਪ੍ਰੀਪੇਮੈਂਟ ਹੈ।

ਇਸ ਲਈ ਅਸੀਂ (ਦਾਦਾਜੀ) ਲੋਭੀ ਦੁਆਰਾ ਠੱਗੇ ਗਏ। ਕਿਉਂਕਿ ਠੱਗੇ ਜਾਣ ਨਾਲ ਮੈਂ ਮੋਕਸ਼ ਵਿੱਚ ਜਾਣਾ ਹੈ। ਮੈਂ ਇੱਥੇ ਪੈਸੇ ਜਮ੍ਹਾਂ ਕਰਨ ਨਹੀਂ ਆਇਆ ਹਾਂ। ਅਤੇ ਮੈਂ ਇਹ ਵੀ ਜਾਣਦਾ ਹਾਂ ਕਿ ਉਹ ਨਿਯਮ ਦੇ ਅਧੀਨ ਠੱਗਦੇ ਹਨ ਕਿ ਅਨਿਯਮ ਨਾਲ। ਮੈਂ ਇਹ ਸਮਝ ਕੇ ਬੈਠਾ ਹਾਂ ਇਸ ਲਈ ਹਰਜ਼ ਨਹੀਂ ਹੈ।

ਮੈਂ ਭੋਲ਼ੇਪਨ ਨਾਲ ਨਹੀਂ ਠੱਗਿਆ ਗਿਆ। ਮੈਨੂੰ ਪਤਾ ਹੈ ਕਿ ਇਹ ਸਭ ਮੈਨੂੰ ਠੱਗ ਰਹੇ ਹਨ। ਮੈਂ ਜਾਣ-ਬੁੱਝ ਕੇ ਧੋਖਾ ਖਾਂਦਾ ਹਾਂ। ਭੋਲ਼ੇਪਨ ਨਾਲ ਠੱਗੇ ਜਾਣ

ਵਾਲੇ ਪਾਗਲ ਕਹਾਉਂਦੇ ਹਨ। ਅਸੀਂ ਕਿਤੇ ਭੋਲ਼ੇ ਹੁੰਦੇ ਹੋਵਾਂਗੇ ? ਜੋ ਜਾਣ-ਬੁੱਝ ਕੇ ਠੱਗੇ ਜਾਣ, ਕੀ ਉਹ ਭੋਲ਼ੇ ਹੁੰਦੇ ਹੋਣਗੇ ?

ਸਾਡੇ ਹਿੱਸੇਦਾਰ ਨੇ ਇੱਕ ਵਾਰੀ ਮੈਨੂੰ ਕਿਹਾ ਕਿ, 'ਤੁਹਾਡੇ ਭੋਲ਼ੇਪਨ ਦਾ ਲੋਕ ਫ਼ਾਇਦਾ ਉਠਾਉਂਦੇ ਹਨ।' ਤਾਂ ਮੈਂ ਕਿਹਾ ਕਿ, 'ਤੁਸੀਂ ਮੈਨੂੰ ਭੋਲ਼ਾ ਸਮਝਦੇ ਹੋ, ਇਸ ਲਈ ਤੁਸੀਂ ਹੀ ਭੋਲ਼ੇ ਹੋ। ਮੈਂ ਸਮਝ ਕੇ ਠੱਗਿਆ ਜਾਂਦਾ ਹਾਂ।' ਤਾਂ ਉਹਨਾਂ ਨੇ ਕਿਹਾ ਕਿ, 'ਮੈਂ ਦੁਬਾਰਾ ਇੰਝ ਨਹੀਂ ਕਹਾਂਗਾ।'

ਮੈਂ ਜਾਣਦਾ ਹਾਂ ਕਿ ਇਸ ਵਿਚਾਰੇ ਦੀ ਮਤੀ (ਮੱਤ, ਅਕਲ) ਅਜਿਹੀ ਹੈ। ਉਸ ਦੀ ਨੀਅਤ ਅਜਿਹੀ ਹੈ। ਇਸ ਲਈ ਉਸ ਨੂੰ ਜਾਣ ਦਿਓ। 'ਲੈੱਟ ਗੋ' ਕਰੋ ਨਾ! ਅਸੀਂ ਕਸ਼ਾਇਆਂ ਤੋਂ ਮੁਕਤ ਹੋਣ ਲਈ ਆਏ ਹਾਂ। ਕਸ਼ਾਏ ਨਾ ਹੋਣ ਇਸ ਲਈ ਅਸੀਂ ਠੱਗੇ ਜਾਂਦੇ ਹਾਂ, ਦੂਸਰੀ ਵਾਰੀ ਵੀ ਠੱਗੇ ਜਾਂਦੇ ਹਾਂ। ਜਾਣ-ਬੁੱਝ ਕੇ ਠੱਗੇ ਜਾਣ ਵਾਲੇ ਘੱਟ ਹੋਣਗੇ ਨਾ ?

ਬਚਪਨ ਤੋਂ ਹੀ ਮੇਰਾ ਪ੍ਰਿੰਸੀਪਲ (ਸਿਧਾਂਤ) ਰਿਹਾ ਹੈ ਕਿ ਜਾਣ-ਬੁੱਝ ਕੇ ਠੱਗਿਆ ਜਾਣਾ। ਬਾਕੀ ਮੈਨੂੰ ਕੋਈ ਮੂਰਖ ਬਣਾ ਜਾਵੇ ਅਤੇ ਠੱਗ ਕੇ ਜਾਵੇ ਉਸ ਗੱਲ 'ਚ ਕੀਮਤ ਨਹੀਂ ਹੈ।

ਇੰਝ ਜਾਣ-ਬੁੱਝ ਕੇ ਠੱਗੇ ਜਾਣ ਨਾਲ ਕੀ ਹੋਇਆ ? ਬ੍ਰੇਨ (ਦਿਮਾਗ) ਟੌਪ 'ਤੇ ਗਿਆ। ਵੱਡੇ-ਵੱਡੇ ਜੱਜਾਂ ਦਾ ਬ੍ਰੇਨ (ਦਿਮਾਗ) ਕੰਮ ਨਾ ਕਰੇ ਇੰਝ ਸਾਡਾ ਬ੍ਰੇਨ ਕੰਮ ਕਰਨ ਲੱਗਾ।

ਸ਼੍ਰੀਮਦ ਰਾਜਚੰਦਰ ਨੇ ਪੁਸਤਕ ਵਿੱਚ ਲਿਖਿਆ ਹੈ ਕਿ ਗਿਆਨੀ ਪੁਰਖ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨਾ। ਤਾਂ ਕਿਸੇ ਨੇ ਪੁੱਛਿਆ, 'ਭਾਈ, ਗਿਆਨੀ ਪੁਰਖ ਨੂੰ ਧਨ ਦੀ ਕੀ ਲੋੜ ਹੈ ? ਉਹ ਤਾਂ ਕਿਸੇ ਚੀਜ਼ ਦੇ ਇੱਛੁਕ ਹੀ ਨਹੀਂ ਹੁੰਦੇ।' ਤਾਂ ਕਹੀਏ, ਇੰਝ ਨਹੀਂ, ਤਨ-ਮਨ ਤੋਂ ਤੁਸੀਂ ਸੇਵਾ ਕਰਦੇ ਹੋ ਪਰ ਉਹ ਤੁਹਾਨੂੰ ਕਹਿਣ ਕਿ ਇਹ ਚੰਗੀ ਜਗ੍ਹਾ ਧਨ ਦੇ ਦਿਓ, ਤਾਂ ਤੁਹਾਡੀ ਲੋਭ ਦੀ ਗ੍ਰੰਥੀ ਟੁੱਟ ਜਾਏਗੀ। ਵਰਨਾ ਤੁਹਾਡਾ ਚਿਤ ਲੱਛਮੀ ਵਿੱਚ ਹੀ ਰਹੇਗਾ।

ਇੱਕ ਸੱਜਣ ਮੈਨੂੰ ਕਹਿੰਦੇ ਹਨ, 'ਮੇਰਾ ਲੋਭ ਕੱਢ ਦਿਓ, ਮੇਰੀ ਲੋਭ ਦੀ ਗ੍ਰੰਥੀ ਬਹੁਤ ਵੱਡੀ ਹੈ! ਉਸ ਨੂੰ ਕੱਢ ਦਿਓ।' ਮੈਂ ਕਿਹਾ, 'ਇੰਝ ਕੱਢਣ ਨਾਲ ਨਹੀਂ ਨਿਕਲੇਗੀ। ਉਹ ਤਾਂ ਕੁਦਰਤੀ ਪੰਜਾਹ ਹਜ਼ਾਰ ਦਾ ਘਾਟਾ ਹੋਣ 'ਤੇ ਲੋਭ ਦੀ ਗ੍ਰੰਥੀ ਆਪਣੇ ਆਪ ਘੱਟ ਜਾਏਗੀ।' ਕਹਿਣਗੇ, 'ਹੁਣ ਪੈਸੇ ਚਾਹੀਦੇ ਹੀ ਨਹੀਂ!!'

ਅਰਥਾਤ ਇਹ ਲੋਭ ਦੀ ਗ੍ਰੰਥੀ ਤਾਂ ਘਾਟਾ ਆਉਣ ’ਤੇ ਜਾਏਗੀ। ਭਾਰੀ ਘਾਟਾ ਹੋ ਜਾਏ ਤਾਂ ਉਹ ਗ੍ਰੰਥੀ ਫਰਾਟੇ ਨਾਲ ਟੁੱਟ ਜਾਏਗੀ। ਵਰਨਾ ਇਕੱਲੀ ਲੋਭ ਦੀ ਹੀ ਗ੍ਰੰਥੀ ਨਹੀਂ ਘੱਟਦੀ, ਦੂਸਰੀਆਂ ਸਾਰੀਆਂ ਗ੍ਰੰਥੀਆਂ ਘੱਟ ਜਾਂਦੀਆਂ ਹਨ। ਲੋਭ ਦੇ ਦੋ ਗੁਰੂ ਇੱਕ ਠੱਗ ਅਤੇ ਦੂਸਰਾ ਘਾਟਾ। ਘਾਟਾ ਲੋਭ ਦੀ ਗ੍ਰੰਥੀ ਨੂੰ ਫਰਾਟੇ ਨਾਲ ਤੋੜ ਦਿੰਦਾ ਹੈ। ਅਤੇ ਦੂਸਰਾ, ਲੋਭੀ ਨੂੰ ਉਸ ਦਾ ਗੁਰੂ ਮਿਲ ਜਾਂਦਾ ਹੈ, ਠੱਗ! ਹਥੇਲੀ ’ਤੇ ਚੰਦ ਦਿਖਾਉਣ ਅਜਿਹੇ ਠੱਗ ਹੁੰਦੇ ਹਨ, ਉਦੋਂ ਉਹ ਲੋਭੀ ਖੁਸ਼ ਹੋ ਜਾਂਦਾ ਹੈ। ਫਿਰ ਉਹ ਸਾਰੀ ਪੂੰਜੀ ਹੀ ਉਡਾ ਕੇ ਲੈ ਜਾਂਦੇ ਹਨ।

ਮੈਨੂੰ ਲੋਕ ਪੁੱਛਦੇ ਹਨ ਕਿ, ‘ਸਮਾਧੀ ਸੁੱਖ ਕਦੋਂ ਵਰਤੇਗਾ ?’ ਤਾਂ ਮੈਂ ਕਹਿੰਦਾ ਹਾਂ, ‘ਜਿਸਨੂੰ ਕੁੱਝ ਵੀ ਨਹੀਂ ਚਾਹੀਦਾ, ਲੋਭ ਦੀਆਂ ਸਾਰੀਆਂ ਗ੍ਰੰਥੀਆਂ ਛੁੱਟ ਜਾਣਗੀਆਂ, ਉਦੋਂ।’ ਲੋਭ ਦੀ ਗ੍ਰੰਥੀ ਛੁੱਟਣ ’ਤੇ ਸੁੱਖ ਵਰਤਦਾ ਰਹਿੰਦਾ ਹੈ। ਬਾਕੀ, ਗ੍ਰੰਥੀ ਵਾਲੇ ਨੂੰ ਕੋਈ ਸੁੱਖ ਹੁੰਦਾ ਹੀ ਨਹੀਂ ਨਾ! ਇਸ ਲਈ ਹੋਰਾਂ ਲਈ ਲੁਟਾ ਦਿਓ, ਜਿੰਨਾ ਹੋਰਾਂ ਲਈ ਲੁਟਾਇਆ ਓਨਾ ਤੁਹਾਡਾ!

ਪੈਸੇ ਜਿੰਨੇ ਆਉਣ ਓਨੇ ਹੀ ਚੰਗੇ ਰਸਤੇ ’ਤੇ ਖਰਚ ਕਰ ਦਿਓ, ਉਹ ਸੁਖੀ ਆ। ਓਨੇ ਤੁਹਾਡੇ ਖਾਤੇ ਵਿੱਚ ਜਮ੍ਹਾਂ ਹੋਣਗੇ, ਵਰਨਾ ਗਟਰ ਵਿੱਚ ਤਾਂ ਜਾਣਗੇ ਹੀ। ਕਿੱਥੇ ਚਲੇ ਜਾਣਗੇ ? ਗਟਰ ਵਿੱਚ ਜਾਂਦੇ ਹੋਣਗੇ ? ਮੁੰਬਈ ਦੇ ਸਾਰੇ ਰੁਪਏ ਕਿੱਥੇ ਜਾਂਦੇ ਹੋਣਗੇ ? ਉਹ ਸਾਰੇ ਗਟਰ ਵਿੱਚ ਵਹਿੰਦੇ ਰਹਿੰਦੇ ਹਨ। ਜਿੰਨੇ ਚੰਗੇ ਰਾਹ ਖਰਚ ਹੋਏ ਓਨੇ ਰੁਪਏ ਸਾਡੇ ਨਾਲ ਆਉਂਦੇ ਹਨ। ਹੋਰ ਕੁੱਝ ਵੀ ਨਾਲ ਨਹੀਂ ਆਉਂਦਾ ਹੈ।

ਜਿੱਥੇ ਤਿਰਸਕਾਰ ਅਤੇ ਨਿੰਦਾ ਹੈ, ਉੱਥੇ ਲੱਛਮੀ ਨਹੀਂ ਰਹੇਗੀ। ‘ਲੱਛਮੀ ਕਦੋਂ ਪ੍ਰਾਪਤ ਨਹੀਂ ਹੁੰਦੀ ?’ ਲੋਕਾਂ ਦੀ ਬੁਰਾਈ ਅਤੇ ਨਿੰਦਾ ਵਿੱਚ ਪਏ, ਉਦੋਂ।

ਇਹ ਸਾਡਾ ਦੇਸ਼ ਕਦੋਂ ਅਮੀਰ ਹੋਏਗਾ ? ਕਦੋਂ ਲੱਛਮੀਵਾਨ ਅਤੇ ਸੁਖੀ ਹੋਏਗਾ ? ਜਦੋਂ ਨਿੰਦਾ ਅਤੇ ਤਿਰਸਕਾਰ ਬੰਦ ਹੋ ਜਾਣਗੇ ਉਦੋਂ। ਇਹ ਦੋਵੇਂ ਬੰਦ ਹੋਏ ਕਿ ਦੇਸ਼ ਵਿੱਚ ਪੈਸਾ ਹੀ ਪੈਸਾ ਹੋਏਗਾ!

## (6) ਲੋਭ ਦੀ ਸਮਝ, ਸੂਖ਼ਮਤਾ ਨਾਲ

**ਪ੍ਰਸ਼ਨਕਰਤਾ** : ਕਿਸ ਪ੍ਰਕਾਰ ਦੇ ਦੋਸ਼ ਇੰਨੇ ਭਾਰੀ ਹੁੰਦੇ ਹਨ ਕਿ ਜੋ ਕਈ ਜਨਮਾਂ ਤੱਕ ਚੱਲਦੇ ਹਨ ? ਕਈ ਜਨਮ ਲੈਣੇ ਪੈਣ ਇਹੋ ਜਿਹੇ ਦੋਸ਼ ਕਿਹੜੇ ਹਨ ?

**ਦਾਦਾਸ਼੍ਰੀ** : ਲੋਭ! ਲੋਭ ਕਈ ਜਨਮਾਂ ਤੱਕ ਨਾਲ ਰਹਿੰਦਾ ਹੈ। ਜੋ ਲੋਭੀ ਹੋਏਗਾ ਉਹ ਹਰੇਕ ਜਨਮ ਵਿੱਚ ਲੋਭੀ ਰਹੇਗਾ, ਅਰਥਾਤ ਉਸ ਨੂੰ ਬਹੁਤ ਚੰਗਾ ਲੱਗਦਾ ਹੈ ਇਹ (ਲੋਭ)!

**ਪ੍ਰਸ਼ਨਕਰਤਾ** : ਕਰੋੜਾਂ ਰੁਪਏ ਹੋਣ ਦੇ ਬਾਵਜੂਦ ਧਰਮ ਵਿੱਚ ਪੈਸੇ ਨਾ ਦੇ ਸਕੀਏ ਉਸਦਾ ਕੀ ਕਾਰਨ ਹੈ ?

**ਦਾਦਾਸ਼੍ਰੀ** : ਬੰਧੇ ਹੋਏ ਬੰਧ ਕਿਵੇਂ ਛੁੱਟਣ ? ਇਸ ਲਈ ਕੋਈ ਛੁੱਟ ਹੀ ਨਹੀਂ ਪਾਉਂਦਾ ਅਤੇ ਬੰਧੇ ਦਾ ਬੰਧਿਆ ਹੀ ਰਹਿੰਦਾ ਹੈ। ਖੁਦ ਖਾਂਦਾ ਵੀ ਨਹੀਂ। ਕਿਸ ਦੇ ਲਈ ਜਮ੍ਹਾਂ ਕਰਦਾ ਹੈ ? ਪਹਿਲਾਂ ਤਾਂ ਸੱਪ ਬਣ ਕੇ ਚੱਕਰ ਕੱਟਦੇ ਸਨ। ਧਨ ਦੱਬਦੇ ਸਨ ਉੱਥੇ ਸੱਪ ਬਣ ਕੇ ਫਿਰਦੇ ਸਨ ਅਤੇ ਰੱਖਿਆ ਕਰਦੇ ਸਨ, 'ਮੇਰਾ ਧਨ, ਮੇਰਾ ਧਨ' ਕਰਕੇ!

'ਜਿਊਣਾ ਆਇਆ' ਤਾਂ ਕਿਸਨੂੰ ਕਹਾਂਗੇ ? ਜੋ ਆਪਣੇ ਕੋਲ ਆਵੇ ਉਹ ਦੂਸਰਿਆਂ ਲਈ ਲੁਟਾ ਦੇਵੇ। ਉਸ ਦਾ ਨਾਮ 'ਜਿਊਣਾ ਆਇਆ' ਪਾਗਲਪਨ ਨਹੀਂ, ਸਿਆਣੇਪਨ ਨਾਲ ਲੁਟਾ ਦੇਵੇ। ਪਾਗਲਪਨ ਵਿੱਚ ਸ਼ਰਾਬ ਵਗੈਰਾ ਪੀਂਦੇ ਹਨ, ਉਸ ਵਿੱਚ ਬਰਕਤ ਨਹੀਂ। ਕੋਈ ਵਿਅਸਨ (ਨਸ਼ਾ, ਮਾੜੀਆਂ ਆਦਤਾਂ) ਨਾ ਹੋਣ ਅਤੇ ਲੁਟਾ ਦੇਵੇ (ਖਰਚੇ)। ਦੇਖੋ, ਇਹ ਲੁਟਾ ਰਹੇ ਹਨ ਨਾ! ਇਹ ਪੁੰਨਿਆਨੁਬੰਧੀ ਪੁੰਨ ਕਹਾਉਂਦਾ ਹੈ।

ਪੁੰਨਿਆਨੁਬੰਧੀ ਪੁੰਨ ਕਿਹੜਾ ? ਕਿਸੇ ਵੀ ਕਿਰਿਆ ਵਿੱਚ ਬਦਲੇ ਦੀ ਇੱਛਾ ਨਾ ਕਰੇ ਉਹ ਪੁੰਨਿਆਨੁਬੰਧੀ ਪੁੰਨ! ਸਾਹਮਣੇ ਵਾਲੇ ਨੂੰ ਸੁੱਖ ਪਹੁੰਚਾਉਂਦੇ ਸਮੇਂ ਕਿਸੇ ਵੀ ਪ੍ਰਕਾਰ ਦੀ ਬਦਲੇ ਦੀ ਇੱਛਾ ਨਾ ਰੱਖੇ, ਉਸ ਦਾ ਨਾਮ ਹੈ ਪੁੰਨਿਆਨੁਬੰਧੀ ਪੁੰਨ।

**ਪ੍ਰਸ਼ਨਕਰਤਾ** : ਪੈਸਾ ਨਾਲ ਲੈ ਜਾਣਾ ਹੋਵੇ ਤਾਂ, ਕਿਸ ਤਰ੍ਹਾਂ ਲੈ ਜਾ ਸਕਦੇ ਹਾਂ ?

**ਦਾਦਾਸ਼੍ਰੀ** : ਰਸਤਾ ਤਾਂ ਇੱਕ ਹੀ ਹੈ। ਜੋ ਸਾਡੇ ਰਿਸ਼ਤੇਦਾਰ ਨਾ ਹੋਣ ਇਹੋ ਜਿਹੇ ਪਰਾਇਆਂ ਦੇ ਦਿਲ ਨੂੰ ਠੰਡਕ ਪਹੁੰਚਾਈ ਹੋਵੇ, ਤਾਂ ਨਾਲ ਆਏਗਾ। ਰਿਸ਼ਤੇਦਾਰਾਂ ਨੂੰ ਠੰਡਕ ਪਹੁੰਚਾਈ ਹੋਵੇ ਤਾਂ ਨਾਲ ਨਹੀਂ ਆਉਂਦਾ, ਪਰ ਹਿਸਾਬ ਚੁਕਤਾ ਹੋ ਜਾਂਦਾ ਹੈ।

ਜਾਂ ਸਾਡੇ ਵਰਗਿਆਂ (ਦਾਦਾਜੀ) ਨੂੰ ਕਹੋਗੇ ਤਾਂ ਲੋਕਾਂ ਦਾ ਕਲਿਆਣ ਹੋਵੇ, ਇਹੋ ਜਿਹਾ ਗਿਆਨ ਦਾਨ ਦੱਸਾਂਗੇ। ਅਰਥਾਤ ਚੰਗੀਆਂ ਕਿਤਾਬਾਂ ਛਪਵਾਓ ਕਿ

ਜੋ ਪੜ੍ਹਨ ਨਾਲ ਕਈ ਲੋਕ ਸਹੀ ਰਸਤੇ ’ਤੇ ਆ ਜਾਣ। ਸਾਨੂੰ ਪੁੱਛਣ ’ਤੇ ਅਸੀਂ ਦੱਸਾਂਗੇ। ਸਾਨੂੰ ਲੈਣਾ-ਦੇਣਾ ਨਹੀਂ ਹੁੰਦਾ।

ਲੋਭੀ ਨੇ ਇੰਝ ਮੰਨਿਆ ਹੈ ਕਿ ਪੈਸੇ ਇਕੱਠੇ ਕਰਾਂਗਾ ਤਾਂ ਮੈਨੂੰ ਸੁੱਖ ਮਿਲੇਗਾ ਅਤੇ ਫਿਰ ਦੁੱਖ ਕਦੇ ਵੀ ਨਹੀਂ ਆਵੇਗਾ। ਪਰ ਉਹ ਇਕੱਠੇ ਕਰਦੇ-ਕਰਦੇ ਲੋਭੀ ਹੋ ਗਿਆ, ਖੁਦ ਲੋਭੀ ਬਣ ਗਿਆ। ਕਿਫ਼ਾਇਤ ਕਰਨੀ ਹੈ, ਇਕੋਨਮੀ ਕਰਨੀ ਹੈ, ਪਰ ਲੋਭ ਨਹੀਂ ਕਰਨਾ ਹੈ।

ਲੋਭ ਕਿਵੇਂ ਘਰ ਕਰਦਾ ਹੈ ? ਉਸ ਦੀ ਸ਼ੁਰੂਆਤ ਕਿੱਥੋਂ ਹੁੰਦੀ ਹੈ ? ਪੈਸੇ ਨਹੀਂ ਹੁੰਦੇ ਉਸ ਘੜੀ ਲੋਭ ਨਹੀਂ ਹੁੰਦਾ। ਪਰ ਜੇ ਨੜਿਨਵੇਂ (99) ਰੁਪਏ ਹੋਏ ਹੋਣ, ਤਾਂ ਮਨ ਵਿੱਚ ਇੰਝ ਹੋਵੇ ਕਿ ਅੱਜ ਘਰ ਵਿੱਚ ਖਰਚ ਨਹੀਂ ਕਰਾਂਗੇ ਤੇ ਇੱਕ ਰੁਪਈਆ ਬਚਾ ਕੇ ਸੌ ਪੂਰੇ ਕਰਨੇ ਹਨ। ਇਹ ਲੱਗਿਆ ਨੜਿਨਵੇਂ ਦਾ ਧੱਕਾ। ਇਹ ਧੱਕਾ ਲੱਗਿਆ ਤਾਂ ਫਿਰ ਇਹ ਲੋਭ ਪੰਜ ਕਰੋੜ ਹੋਣ ’ਤੇ ਵੀ ਨਹੀਂ ਛੁੱਟੇਗਾ। ਉਹ ਤਾਂ ਗਿਆਨੀ ਪੁਰਖ ਧੱਕਾ ਲਗਾਉਣ, ਤਾਂ ਛੁੱਟੇਗਾ!

ਲੋਭੀ ਸਵੇਰੇ ਉੱਠਦੇ ਹੀ ਲੋਭ ਕਰਦਾ ਰਹਿੰਦਾ ਹੈ। ਉਸ ਦਾ ਸਾਰਾ ਦਿਨ ਉਸੇ ਵਿੱਚ ਜਾਂਦਾ ਹੈ। ਕਹੇਗਾ, ਭਿੰਡੀ ਮਹਿੰਗੀ ਹੈ। ਬਾਲ ਕਟਵਾਉਣ ਵਿੱਚ ਵੀ ਲੋਭ! ਅੱਜ ਬਾਈ ਦਿਨ ਹੋਏ ਹਨ, ਪੂਰਾ ਮਹੀਨਾ ਹੋਣ ਦਿਓ, ਕੋਈ ਹਰਜ਼ ਨਹੀਂ ਹੈ। ਆਇਆ ਸਮਝ ਵਿੱਚ ? ਇਹ ਸੁਭਾਅ ਹੈ, ਇਸ ਲਈ ਇਹ ਗ੍ਰੰਥੀ ਉਸ ਨੂੰ ਵਾਰ-ਵਾਰ ਇੰਝ ਦਿਖਾਉਂਦੀ ਰਹਿੰਦੀ ਹੈ ਅਤੇ ਕਸ਼ਾਏ ਹੁੰਦੇ ਰਹਿੰਦੇ ਹਨ। ਕਪਟ ਅਤੇ ਲੋਭ ਦੋਵੇਂ ਬਹੁਤ ਵਿਕਟ ਹਨ।

ਪੰਜ-ਪੰਜਾਹ ਰੁਪਏ ਹੱਥ ਵਿੱਚ ਹੁੰਦੇ ਹਨ ਫਿਰ ਵੀ ਰਿਕਸ਼ੇ ਦਾ ਖਰਚ ਨਹੀਂ ਕਰਦਾ। ਸਰੀਰ ਤੋਂ ਚੱਲਿਆ ਨਹੀਂ ਜਾਂਦਾ, ਫਿਰ ਵੀ! ਫਿਰ ਮੈਂ ਉਸ ਨੂੰ ਕਿਹਾ ਕਿ, ‘ਇੰਝ ਨਾ ਕਰੋ, ਕੁੱਝ ਰੁਪਏ, ਦਸ-ਦਸ ਰੁਪਏ ਰਿਕਸ਼ੇ ’ਤੇ ਖਰਚ ਕਰਨਾ ਸ਼ੁਰੂ ਕਰੋ।’ ਤਾਂ ਉਸ ਨੇ ਕਿਹਾ ਕਿ ਖਰਚ ਹੀ ਨਹੀਂ ਕਰ ਪਾਉਂਦਾ। ਪੈਸੇ ਦੇਣੇ ਪੈਣ ਤਾਂ ਖਾਣਾ ਨਹੀਂ ਭਾਉਂਦਾ। ‘ਹੁਣ ਉੱਥੇ ਹਿਸਾਬ ਨਾਲ ਤਾਂ ਮੈਨੂੰ ਵੀ ਪਤਾ ਲੱਗਦਾ ਕਿ ਇਹ ਗਲਤ ਹੈ। ਪ੍ਰਕ੍ਰਿਤੀ ਮਨ੍ਹਾ ਕਰਦੀ ਹੈ, ਤਾਂ ਇੱਕ ਵਾਰੀ ਮੈਂ ਉਸ ਨੂੰ ਕਿਹਾ ਕਿ ਪੈਸਿਆਂ ਦੀ ਭਾਨ (ਸਿੱਕੇ) ਲੈ ਕੇ ਰਸਤੇ ਵਿੱਚ ਸੁੱਟਦੇ ਹੋਏ ਆਉਣਾ! ਤਾਂ ਇੱਕ ਦਿਨ ਥੋੜ੍ਹੇ ਸੁੱਟੇ, ਫਿਰ ਨਹੀਂ ਸੁੱਟੇ।

ਇਸ ਤਰ੍ਹਾਂ ਦੋ-ਚਾਰ ਵਾਰੀ ਸੁੱਟਣ ’ਤੇ ਸਾਡਾ ਮਨ ਕੀ ਕਹੇਗਾ ਕਿ ‘ਇਹ (ਚੰਦੂਭਾਈ) ਮੇਰੇ ਕਾਬੂ ਵਿੱਚ ਨਹੀਂ ਰਹੇ, ਮੇਰੀ ਸੁਣਦੇ ਹੀ ਨਹੀਂ ਹਨ।’ ਤਾਂ ਇੰਝ

ਕਰਨ ’ਤੇ ਸਾਡਾ ਮਨ-ਵਨ ਸਭ ਬਦਲ ਜਾਏਗਾ। ਸਾਨੂੰ ਉਸ ਤੋਂ ਉਲਟਾ ਕਰਨਾ ਪਏਗਾ। ਉਹ ਤਾਂ ਕਰਨਾ ਪਵੇਗਾ, ਉਲਟਾ ਕੀਤੇ ਬਗੈਰ ਨਹੀਂ ਚੱਲੇਗਾ। ਜਿਵੇਂ ਘਰ ਦੇ ਲੋਕ ਜੇਕਰ ਕਾਬੂ ਵਿੱਚ ਨਾ ਆਉਣ ਤਾਂ ਉਲਟਾ ਕਰਨਾ ਪੈਂਦਾ ਹੈ ਉਸੇ ਤਰ੍ਹਾਂ ਮਨ ਨੂੰ ਕਾਬੂ ਕਰਨ ਦੇ ਲਈ ਉਲਟਾ ਕਰਨਾ ਪਵੇਗਾ।

ਲੋਭ ਦੀ ਗ੍ਰੰਥੀ ਯਾਨੀ ਕੀ ? ਕਿੱਥੇ ਕਿੰਨੇ ਹਨ ? ਉੱਥੇ ਕਿੰਨੇ ਹਨ ? ਇਹੀ ਲਕਸ਼ ਵਿੱਚ ਰਹਿੰਦਾ ਹੈ। ਬੈਂਕ ਵਿੱਚ ਇੰਨੇ ਹਨ, ਉਸਦੇ ਕੋਲ ਇੰਨੇ ਹਨ, ਫਲਾਣੀ ਜਗ੍ਹਾ ’ਤੇ ਇੰਨੇ ਹਨ, ਇਹੀ ਲਕਸ਼ ਵਿੱਚ ਰਹਿੰਦਾ ਹੈ। ‘ਮੈਂ ਆਤਮਾ ਹਾਂ’ ਇਹ ਉਸ ਨੂੰ ਲਕਸ਼ ਵਿੱਚ ਨਹੀਂ ਰਹਿੰਦਾ। ਲੋਭ ਦਾ ਇਹ ਲਕਸ਼ ਟੁੱਟ ਜਾਣਾ ਚਾਹੀਦਾ ਹੈ। ‘ਮੈਂ ਆਤਮਾ ਹਾਂ’ ਇਹੀ ਲਕਸ਼ ਰਹਿਣਾ ਚਾਹੀਦਾ ਹੈ।

ਲੋਭੀ ਤਾਂ ਸੁਭਾਅ ਤੋਂ ਹੀ ਅਜਿਹਾ ਹੁੰਦਾ ਹੈ ਕਿ ਕਿਸੇ ਵੀ ਰੰਗ ਵਿੱਚ ਰੰਗਦਾ ਹੀ ਨਹੀਂ। ਉਸ ’ਤੇ ਕੋਈ ਰੰਗ ਨਹੀਂ ਚੜ੍ਹਦਾ! ਜੇ ਕੋਈ ਲੋਭੀ ਹੋਵੇ ਤਾਂ ਤੁਸੀਂ ਇੰਨਾ ਦੇਖ ਲੈਣਾ ਕਿ ਉਸ ਉੱਤੇ ਕੋਈ ਰੰਗ ਨਹੀਂ ਚੜ੍ਹੇਗਾ! ਲਾਲ ਰੰਗ ਵਿੱਚ ਡੁਬੋਈਏ ਤਾਂ ਵੀ ਪੀਲੇ ਦਾ ਪੀਲਾ! ਹਰੇ ਰੰਗ ਵਿੱਚ ਡੁਬੋਈਏ ਤਾਂ ਵੀ ਪੀਲੇ ਦਾ ਪੀਲਾ!

ਲੋਭ ਰਹਿਤ ਸਾਰੇ ਲੋਕ ਰੰਗੇ ਜਾਂਦੇ ਹਨ। ਲੋਭੀ ਹੱਸੇ ਤਾਂ ਸਾਨੂੰ ਇੰਝ ਲੱਗਦਾ ਹੈ ਕਿ ਰੰਗਿਆ ਗਿਆ। ਮੈਂ ਜੋ ਗੱਲ ਕਹਾਂ ਉਹ ਸੁਣਦਾ ਵੀ ਹੈ। ‘ਬਹੁਤ ਚੰਗੀ ਗੱਲ ਹੈ, ਬਹੁਤ ਆਨੰਦ ਦੀ ਗੱਲ ਹੈ’, ਇੰਝ ਕਹਿੰਦਾ ਹੈ, ਪਰ ਅੰਦਰ ਤਨਮਯਾਕਾਰ ਨਹੀਂ ਹੁੰਦਾ। ਅਰਥਾਤ ਦੂਸਰੇ ਲੋਕ ਘਰ-ਬਾਰ ਭੁੱਲ ਜਾਂਦੇ ਹਨ ਪਰ ਉਹ ਨਹੀਂ ਭੁੱਲਦਾ। ਉਸ ਦਾ ਲੋਭ ਨਹੀਂ ਜਾਂਦਾ। ਹੁਣ ਇਹਨਾਂ ਨਾਲ ਇਹਨਾਂ ਦੀ ਗੱਡੀ ਵਿੱਚ ਜਾਵਾਂਗਾ ਤਾਂ ਪੰਜ ਬਚਣਗੇ, ਇਹ ਭੁੱਲਦਾ ਨਹੀਂ। ਦੂਸਰੇ ਤਾਂ ਪੰਜ ਬਚਾਉਣਾ ਭੁੱਲ ਜਾਂਦੇ ਹਨ। ‘ਬਾਅਦ ਵਿੱਚ ਚਲੇ ਜਾਵਾਂਗੇ’, ਇੰਝ ਕਹਿਣਗੇ। ਜਦੋਂਕਿ ਉਹ ਕੁੱਝ ਨਹੀਂ ਭੁੱਲਦਾ। ਉਹ ਰੰਗਿਆ ਗਿਆ ਨਹੀਂ ਕਹਾਉਂਦਾ। ਰੰਗਿਆ ਗਿਆ ਕਦੋਂ ਕਹਾਵੇਗਾ ਕਿ ਜਦੋਂ ਤਨਮਯਾਕਾਰ ਹੋ ਜਾਵੇ ਪੂਰਾ, ਘਰ-ਬਾਰ ਸਭ ਭੁੱਲ ਜਾਵੇ। ਤੁਸੀਂ ਨਹੀਂ ਸਮਝੇ ? ਇਹ ਲੋਕ ਨਹੀਂ ਕਹਿੰਦੇ ਕਿ ਦਾਦਾਜੀ ਦਾ ਰੰਗ ਲੱਗਿਆ ? ਉਸ ਨੂੰ ਦਾਦਾਜੀ ਦਾ ਰੰਗ ਨਹੀਂ ਲੱਗਦਾ, ਚਾਹੇ ਕਿੰਨੀ ਹੀ ਵਾਰੀ ਉਸ ਨੂੰ ਰੰਗ ਵਿੱਚ ਡੁਬੋ-ਡੁਬੋ ਕਰੀਏ ਤਾਂ ਵੀ।

ਮਨ ਵਿੱਚ ਪੈਸੇ ਦੇਣ ਦਾ ਭਾਵ ਹੋਵੇ ਤਾਂ ਵੀ ਦੇ ਨਾ ਸਕੇ ਉਹ ਹੈ ਲੋਭ ਦੀ ਗ੍ਰੰਥੀ।

**ਪ੍ਰਸ਼ਨਕਰਤਾ** : ਸੰਜੋਗ ਹੀ ਅਜਿਹੇ ਹੋਣ ਕਿ ਦੇਣ ਦਾ ਭਾਵ ਹੋਣ 'ਤੇ ਵੀ ਨਹੀਂ ਦੇ ਸਕਦੇ।

**ਦਾਦਾਸ਼੍ਰੀ** : ਉਹ ਅਲੱਗ ਗੱਲ ਹੈ। ਉਹ ਤਾਂ ਸਾਨੂੰ ਇੰਝ ਲੱਗਦਾ ਹੈ ਕਿ ਸੰਜੋਗ ਇਹੋ ਜਿਹੇ ਹਨ, ਪਰ ਇੰਝ ਹੁੰਦਾ ਨਹੀਂ ਹੈ। ਦੇਣ ਦਾ ਨਿਸ਼ਚਾ ਕਰਨ 'ਤੇ ਦੇ ਸਕਦੇ ਹਾਂ, ਇੰਝ ਹੈ।

**ਪ੍ਰਸ਼ਨਕਰਤਾ** : ਹਾਂ, ਪਰ ਹੋਣ 'ਤੇ ਵੀ ਨਹੀਂ ਦਿੰਦਾ।

**ਦਾਦਾਸ਼੍ਰੀ** : ਹੋਣ 'ਤੇ ਵੀ ਨਹੀਂ ਦੇ ਸਕਦਾ, ਦੇ ਹੀ ਨਹੀਂ ਸਕਦਾ ਨਾ, ਉਹ ਬੰਧ ਟੁੱਟਦਾ ਹੀ ਨਹੀਂ। ਉਹ ਬੰਧ ਟੁੱਟ ਜਾਵੇ ਤਾਂ ਮੋਕਸ਼ ਹੋ ਜਾਵੇਗਾ ਨਾ! ਇਹ ਅਸਾਨ ਚੀਜ਼ ਨਹੀਂ ਹੈ।

**ਪ੍ਰਸ਼ਨਕਰਤਾ** : ਵੈਸੇ ਤਾਂ ਸਭ ਦੀ ਲਿਮਿਟ ਵਿੱਚ ਦੇਣ ਦੀ ਕੁੱਝ ਸ਼ਕਤੀ ਤਾਂ ਹੁੰਦੀ ਹੀ ਹੈ ਨਾ ?

**ਦਾਦਾਸ਼੍ਰੀ** : ਨਹੀਂ, ਉਹ ਲੋਭ ਦੇ ਕਾਰਨ ਨਹੀਂ ਹੁੰਦੀ। ਲੋਭੀ ਕੋਲ ਲੱਖ ਰੁਪਏ ਹੋਣ ਤਾਂ ਵੀ, ਚਾਰ ਆਨੇ ਦੇਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਬੁਖਾਰ ਚੜ੍ਹ ਜਾਂਦਾ ਹੈ। ਓਏ, ਕਿਤਾਬ ਵਿੱਚ ਪੜ੍ਹੇ ਕਿ ਗਿਆਨੀ ਪੁਰਖ ਦੀ ਤਨ-ਮਨ-ਧਨ ਨਾਲ ਸੇਵਾ ਕਰਨੀ ਚਾਹੀਦੀ ਹੈ। ਤਾਂ ਉਸ ਘੜੀ ਪੜ੍ਹਦੇ ਸਮੇਂ ਹੀ ਬੁਖਾਰ ਚੜ੍ਹ ਜਾਂਦਾ ਹੈ ਕਿ ਇੰਝ ਕਿਉਂ ਲਿਖਿਆ ਹੈ!

ਲੋਭ ਟੁੱਟਣ ਦੇ ਦੋ ਰਸਤੇ ਹਨ। ਇੱਕ, ਗਿਆਨੀ ਪੁਰਖ ਤੁੜਵਾ ਦੇਣ, ਆਪਣੇ ਵਚਨ ਬਲ ਨਾਲ। ਅਤੇ ਦੂਸਰਾ, ਜ਼ਬਰਦਸਤ ਘਾਟਾ ਆਉਣ 'ਤੇ ਲੋਭ ਛੁੱਟ ਜਾਂਦਾ ਹੈ ਕਿ ਹੁਣ ਮੈਂ ਕੁੱਝ ਨਹੀਂ ਕਰਨਾ, ਹੁਣ ਜੋ ਬਚੇ ਹਨ ਉਹਨਾਂ ਨਾਲ ਨਿਭਾ ਲੈਣਾ ਹੈ। ਮੈਨੂੰ ਕਈ ਲੋਕਾਂ ਨੂੰ ਕਹਿਣਾ ਪੈਂਦਾ ਹੈ ਕਿ ਘਾਟਾ ਆਉਣ 'ਤੇ ਲੋਭ ਛੁੱਟੇਗਾ ਵਰਨਾ ਲੋਭ ਛੁੱਟਣ ਵਾਲਾ ਨਹੀਂ ਹੈ। ਸਾਡੇ ਕਹਿਣ 'ਤੇ ਵੀ ਨਹੀਂ ਛੁੱਟੇ, ਇਹੋ ਜਿਹੀ ਪੱਕੀ ਗੰਢ ਪੈ ਗਈ ਹੁੰਦੀ ਹੈ।

ਲੋਭੀ ਦੀ ਗੰਢ ਨੁਕਸਾਨ ਨਾਲ ਜਾਂਦੀ ਹੈ। ਜਾਂ ਜੇ ਗਿਆਨੀ ਪੁਰਖ ਦੀ ਆਗਿਆ ਮਿਲ ਜਾਵੇ ਤਾਂ ਉੱਤਮ। ਫਿਰ ਆਗਿਆ ਦਾ ਪਾਲਣ ਕਰਨ ਨੂੰ ਤਿਆਰ ਨਾ ਹੋਵੇ ਉਸ ਨੂੰ ਕੌਣ ਸੁਧਾਰੇ ?

ਸਤਿਸੰਗ ਵਿੱਚ ਰਹਿਣ 'ਤੇ ਹੀ ਗੰਢਾਂ ਘੱਟ ਹੋਣਗੀਆਂ, ਜਦੋਂ ਤੱਕ ਸਤਿਸੰਗ ਦਾ ਪਰਿਚਯ (ਪਹਿਚਾਣ) ਨਾ ਹੋਵੇ ਉੱਦੋਂ ਤੱਕ ਗੰਢਾਂ ਦਾ ਪਤਾ ਨਹੀਂ ਚੱਲਦਾ।

ਸਤਿਸੰਗ ਵਿੱਚ ਰਹਿਣ ’ਤੇ ਉਹ ਨਿਰਮਲ ਹੁੰਦੀ ਨਜ਼ਰ ਆਉਂਦੀ ਹੈ। ‘ਆਪ’ (ਆਤਮਾ) ਦੂਰ ਰਹੇ ਨਾ! ਦੂਰ ਰਹਿ ਕੇ ਸਭ ਦੇਖੀਏ ਆਰਾਮ ਨਾਲ। ਤਾਂ ਸਾਰੇ ਦੋਸ਼ ਨਜ਼ਰ ਆਉਣਗੇ। ਜੇਕਰ ਗੰਢਾਂ ਵਿੱਚ ਰਹਿ ਕੇ ਦੇਖਦੇ ਹਨ, ਤਾਂ ਦੋਸ਼ ਨਹੀਂ ਦਿਸਦੇ। ਤਾਂ ਹੀ ਕਿਰਪਾਲੂ ਦੇਵ ਨੇ ਕਿਹਾ ਹੈ, ‘ਦੀਠਾ ਨਹੀਂ ਨਿਜ ਦੋਸ਼ ਤੋ ਤਰੀਏ ਕੋਨ ਉਪਾਏ!’

ਸਾਡਾ ਜੀਵਨ ਕਿਸੇ ਦੇ ਲਾਭ ਲਈ ਬਤੀਤ ਹੋਣਾ ਚਾਹੀਦਾ ਹੈ, ਜਿਵੇਂ ਇਹ ਮੋਮਬੱਤੀ ਜਲਦੀ ਹੈ ਉਹ ਕੀ ਖੁਦ ਦੇ ਪ੍ਰਕਾਸ਼ ਲਈ ਜਲਦੀ ਹੈ ? ਹੋਰਾਂ ਲਈ, ਪਰਾਰਥ (ਪਰ-ਅਰਥ) ਲਈ ਜਲਦੀ ਹੈ ਨਾ ? ਹੋਰਾਂ ਦੇ ਫ਼ਾਇਦੇ ਲਈ ਜਲਦੀ ਹੈ ਨਾ ? ਇਸੇ ਤਰ੍ਹਾਂ ਇਹ ਮਨੁੱਖ ਹੋਰਾਂ ਦੇ ਫ਼ਾਇਦੇ (ਕਲਿਆਣ) ਲਈ ਜੀਵੇ ਤਾਂ ਖੁਦ ਦਾ ਫ਼ਾਇਦਾ ਤਾਂ ਉਸ ਵਿੱਚ ਨਿਹਿਤ ਹੀ ਹੈ। ਉਂਝ ਵੀ, ਮਰਨਾ ਤਾਂ ਹੈ ਹੀ ਇੱਕ ਦਿਨ। ਜੇਕਰ ਹੋਰਾਂ ਦਾ ਫ਼ਾਇਦਾ ਕਰਨ ਜਾਓਗੇ ਤਾਂ ਤੁਹਾਡਾ ਫ਼ਾਇਦਾ ਉਸ ਵਿੱਚ ਨਿਹਿਤ ਹੀ ਹੈ। ਅਤੇ ਜੇ ਹੋਰਾਂ ਨੂੰ ਕਸ਼ਟ ਪਹੁੰਚਾਈਏ ਤਾਂ ਖੁਦ ਨੂੰ ਕਸ਼ਟ ਹੈ ਹੀ ਅੰਦਰ। ਤੂੰ ਜੋ ਕਰਨਾ ਹੋਵੇ, ਸੋ ਕਰੀਂ।

ਆਤਮਾ ਪ੍ਰਾਪਤ ਕਰਨ ਦੇ ਲਈ ਜੋ ਕੁੱਝ ਵੀ ਕੀਤਾ ਜਾਂਦਾ ਹੈ, ਉਹ ਮੇਨ ਪ੍ਰੋਡਕਸ਼ਨ ਹੈ, ਅਤੇ ਉਸ ਦੇ ਕਾਰਨ ਬਾਇ-ਪ੍ਰੋਡਕਸ਼ਨ ਪ੍ਰਾਪਤ ਹੁੰਦਾ ਹੈ, ਜਿਸ ਨਾਲ ਸਾਰੀਆਂ ਸੰਸਾਰੀ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ। ਮੈਂ ਆਪਣਾ ਇੱਕ ਹੀ ਤਰ੍ਹਾਂ ਦਾ ਪ੍ਰੋਡਕਸ਼ਨ ਰੱਖਦਾ ਹਾਂ, ‘ਸਾਰਾ ਸੰਸਾਰ ਪਰਮ ਸ਼ਾਂਤੀ ਪਾਵੇ ਅਤੇ ਕੁੱਝ ਮੋਕਸ਼ ਪ੍ਰਾਪਤ ਕਰਨ।’ ਮੇਰਾ ਇਹ ਪ੍ਰੋਡਕਸ਼ਨ ਅਤੇ ਉਸ ਦਾ ਬਾਇ-ਪ੍ਰੋਡਕਸ਼ਨ ਮੈਨੂੰ ਮਿਲਦਾ ਹੀ ਰਹਿੰਦਾ ਹੈ। ਸਾਨੂੰ ਚਾਹ-ਨਾਸ਼ਤਾ ਤੁਹਾਡੇ ਤੋਂ ਕੁੱਝ ਅਲੱਗ ਤਰ੍ਹਾਂ ਦਾ ਮਿਲਦਾ ਹੈ, ਉਸ ਦੀ ਕੀ ਵਜ੍ਹਾ ਹੈ ? ਤੁਹਾਡੀ ਤੁਲਨਾ ਵਿੱਚ ਮੇਰਾ ਪ੍ਰੋਡਕਸ਼ਨ ਉੱਚ ਕੋਟੀ ਦਾ ਹੈ। ਉਸੇ ਤਰ੍ਹਾਂ ਹੀ ਤੁਹਾਡਾ ਪ੍ਰੋਡਕਸ਼ਨ ਉੱਚ ਕੋਟੀ ਦਾ ਹੋਵੇਗਾ ਤਾਂ ਬਾਇ-ਪ੍ਰੋਡਕਸ਼ਨ ਵੀ ਉੱਚ ਕੋਟੀ ਦਾ ਆਵੇਗਾ!

ਤੁਹਾਨੂੰ ਕੇਵਲ ਹੇਤੂ ਹੀ ਬਦਲਣਾ ਹੈ, ਹੋਰ ਕੁੱਝ ਨਹੀਂ ਕਰਨਾ ਹੈ। ਪੰਪ ਦੇ ਇੰਜਣ ਦਾ ਇੱਕ ਪਟਾ ਇਸ ਪਾਸੇ ਦੇਣ ’ਤੇ ਪਾਣੀ ਨਿਕਲੇਗਾ ਅਤੇ ਉਸ ਪਾਸੇ ਪਟਾ ਦੇਣ ’ਤੇ ਜੀਰੀ ਵਿੱਚੋਂ ਚੌਲ਼ ਨਿਕਲਣਗੇ, ਅਰਥਾਤ ਸਿਰਫ਼ ਪਟਾ ਲਗਾਉਣ ਦਾ ਹੀ ਫ਼ਰਕ ਹੈ। ਹੇਤੂ ਨਿਸ਼ਚਿਤ ਕਰਨਾ ਹੈ ਅਤੇ ਉਹ ਹੇਤੂ ਸਾਨੂੰ ਲਕਸ਼ ਵਿੱਚ ਰਹਿਣਾ ਚਾਹੀਦਾ ਹੈ। ਬੱਸ, ਹੋਰ ਕੁੱਝ ਵੀ ਨਹੀਂ ਹੈ। ਲੱਛਮੀ ਲਕਸ਼ ਵਿੱਚ ਨਹੀਂ ਰਹਿਣੀ ਚਾਹੀਦੀ।

**ਪ੍ਰਸ਼ਨਕਰਤਾ** : ਲੱਛਮੀ ਦਾ ਸਦਉਪਯੋਗ ਕਿਸ ਨੂੰ ਕਹਾਂਗੇ ?

**ਦਾਦਾਸ਼੍ਰੀ** : ਲੋਕਾਂ ਦੇ ਉਪਯੋਗ ਹੇਤੂ ਜਾਂ ਭਗਵਾਨ ਹੇਤੂ ਖਰਚ ਕਰੇ, ਉਹ ਸਦਉਪਯੋਗ ਕਹਾਉਂਦਾ ਹੈ।

**ਪ੍ਰਸ਼ਨਕਰਤਾ** : ਲੱਛਮੀ ਟਿਕਦੀ ਨਹੀਂ ਤਾਂ ਕੀ ਕਰੀਏ ?

**ਦਾਦਾਸ਼੍ਰੀ** : ਲੱਛਮੀ ਤਾਂ ਟਿਕੇ, ਅਜਿਹੀ ਹੈ ਹੀ ਨਹੀਂ। ਪਰ ਉਸ ਦਾ ਰਸਤਾ ਬਦਲ ਦੇਣਾ। ਦੂਸਰੇ ਰਸਤੇ ਜਾ ਰਹੀ ਹੋਵੇ ਤਾਂ ਉਸ ਦਾ ਪ੍ਰਵਾਹ ਬਦਲ ਦੇਣਾ ਅਤੇ ਧਰਮ ਦੇ ਰਸਤੇ ਮੋੜ ਦੇਣਾ। ਜਿੰਨੀ ਚੰਗੇ ਰਾਹ ’ਤੇ ਗਈ, ਓਨੀ ਸਹੀ। ਭਗਵਾਨ ਆਵੇ, ਫਿਰ ਲੱਛਮੀ ਟਿਕੇ, ਉਸ ਤੋਂ ਸਿਵਾ ਲੱਛਮੀ ਕਿਵੇਂ ਟਿਕੇਗੀ ?

ਪੈਸੇ ਖੋਟੇ ਰਸਤੇ ’ਤੇ ਗਏ ਤਾਂ ਕੰਟਰੋਲ ਕਰ ਦੇਣਾ ਅਤੇ ਪੈਸੇ ਸਹੀ ਰਸਤੇ ਖਰਚ ਹੋਣ ਤਾਂ ਡੀਕੰਟਰੋਲ ਕਰ ਦੇਣਾ।

ਇਹ ਸੱਜਣ ਕਿਸੇ ਵਿਅਕਤੀ ਨੂੰ ਦਾਨ ਦੇ ਰਹੇ ਹੋਣ, ਅਤੇ ਜੇ ਉੱਥੇ ਕੋਈ ਬੁੱਧੀਮਾਨ ਕਹੇ ਕਿ, ‘ਓਏ, ਇਸ ਨੂੰ ਕਿਉਂ ਦੇ ਰਹੇ ਹੋ ?’ ਤਾਂ ਇਹ ਕਹਿਣਗੇ, ‘ਹੁਣ ਦੇਣ ਦਿਓ ਨਾ, ਗਰੀਬ ਹੈ।’ ਇੰਝ ਕਹਿ ਕੇ ਦਾਨ ਕਰਦੇ ਹਨ ਅਤੇ ਉਹ ਗਰੀਬ ਲੈ ਲੈਂਦਾ ਹੈ। ਪਰ ਉਹ ਬੁੱਧੀਮਾਨ ਬੋਲਿਆ ਉਸ ਦਾ ਉਸ ਨੂੰ ਅੰਤਰਾਏ ਪਿਆ। ਇਸ ਨਾਲ ਫਿਰ ਉਸ ਨੂੰ ਦੁੱਖ ਵਿੱਚ ਕੋਈ ਦਾਤਾ ਨਹੀਂ ਮਿਲੇਗਾ।

## (7) ਦਾਨ ਦੇ ਪ੍ਰਵਾਹ

ਹੁਣ ਤਾਂ ਅਸੀਂ ਪਛਚਾਤਾਪ ਨਾਲ ਸਭ ਮਿਟਾ ਸਕਦੇ ਹਾਂ ਅਤੇ ਮਨ ਵਿੱਚ ਤੈਅ ਕਰ ਲਈਏ ਕਿ ਇੰਝ ਨਹੀਂ ਬੋਲਣਾ ਚਾਹੀਦਾ ਅਤੇ ਬੋਲਿਆ, “ਉਸ ਦੇ ਲਈ ਮਾਫ਼ੀ ਮੰਗਦਾ ਹਾਂ’, ਤਾਂ ਮਿਟ ਜਾਵੇਗਾ। ਕਿਉਂਕਿ ਉਹ ਖਤ ਪੋਸਟ ਵਿੱਚ ਗਿਆ ਨਹੀਂ ਹੈ। ਉਸ ਤੋਂ ਪਹਿਲਾਂ ਪਰਿਵਰਤਨ ਕਰ ਦੇਈਏ ਕਿ ਪਹਿਲਾਂ ਅਸੀਂ ਸੋਚਿਆ ਸੀ ‘ਦਾਨ ਨਹੀਂ ਕਰਨਾ ਚਾਹੀਦਾ’ ਉਹ ਗਲਤ ਹੈ। ਪਰ ਹੁਣ ਸਾਡੇ ਵਿਚਾਰ ਵਿੱਚ ‘ਦਾਨ ਕਰਨਾ ਚੰਗਾ ਹੈ’, ਇਸ ਨਾਲ ਉਸ ਤੋਂ ਪਹਿਲਾਂ ਦਾ ਮਿਟ ਜਾਵੇਗਾ।

ਖਰੇ ਵਕਤ ’ਤੇ ਤਾਂ ਧਰਮ ਇਕੱਲਾ ਹੀ ਤੁਹਾਡੀ ਮੱਦਦ ਵਿੱਚ ਖੜ੍ਹਾ ਰਹਿੰਦਾ ਹੈ, ਇਸ ਲਈ ਲੱਛਮੀ ਜੀ ਨੂੰ ਧਰਮ ਦੇ ਪ੍ਰਵਾਹ ਵਿੱਚ ਜਾਣ ਦਿਓ।

ਪੈਸਿਆਂ ਦਾ ਸੁਭਾਅ ਕਿਹੋ ਜਿਹਾ ਹੈ ? ਚੰਚਲ ਹੈ, ਇਸ ਲਈ ਆਉਂਦੇ ਹਨ ਅਤੇ ਇੱਕ ਦਿਨ ਵਾਪਿਸ ਚਲੇ ਜਾਂਦੇ ਹਨ। ਇਸ ਲਈ ਪੈਸੇ ਲੋਕਾਂ ਦੇ ਕਲਿਆਣ

ਹੇਤੂ ਖਰਚ ਕਰਨੇ ਚਾਹੀਦੇ ਹਨ। ਜਦੋਂ ਤੁਹਾਡਾ ਖਰਾਬ ਉਦੈ ਆਇਆ ਹੋਵੇ ਤਾਂ ਲੋਕਾਂ ਨੂੰ ਦਿੱਤਾ ਹੀ ਤੁਹਾਡੀ ਮੱਦਦ ਕਰੇਗਾ, ਇਸ ਲਈ ਪਹਿਲਾਂ ਤੋਂ ਸਮਝਣਾ ਚਾਹੀਦਾ ਹੈ। ਪੈਸੇ ਦਾ ਸਦਉਪਯੋਗ ਤਾਂ ਕਰਨਾ ਹੀ ਚਾਹੀਦਾ ਹੈ ਨਾ?

ਦਾਨ ਦੇ ਚਾਰ ਪ੍ਰਕਾਰ ਹਨ :

ਪਹਿਲਾ ਆਹਾਰ ਦਾਨ, ਦੂਸਰਾ ਔਸ਼ਧ ਦਾਨ, ਤੀਸਰਾ ਗਿਆਨ ਦਾਨ ਅਤੇ ਚੌਥਾ ਅਭੈਯ ਦਾਨ।

ਗਿਆਨ ਦਾਨ ਵਿੱਚ ਕਿਤਾਬਾਂ ਛਪਵਾਉਣਾ, ਲੋਕਾਂ ਨੂੰ ਸੱਚੇ ਰਾਹ 'ਤੇ ਲੈ ਜਾਣ ਅਤੇ ਲੋਕਾਂ ਦਾ ਕਲਿਆਣ ਹੋਵੇ ਇਹੋ ਜਿਹੀਆਂ ਕਿਤਾਬਾਂ ਛਪਵਾਉਣਾ ਆਦਿ ਉਹ, ਗਿਆਨ ਦਾਨ। ਗਿਆਨ ਦਾਨ ਦੇਣ, ਤਾਂ ਚੰਗੀਆਂ ਗਤੀਆਂ, ਉੱਚੀਆਂ ਗਤੀਆਂ ਪ੍ਰਾਪਤ ਕਰਦਾ ਹੈ ਜਾਂ ਫਿਰ ਮੋਕਸ਼ ਵਿੱਚ ਵੀ ਜਾਂਦਾ ਹੈ।

ਇਸ ਲਈ ਭਗਵਾਨ ਨੇ ਗਿਆਨ ਦਾਨ ਨੂੰ ਪਹਿਲ ਦਿੱਤੀ ਹੈ ਅਤੇ ਜਿੱਥੇ ਪੈਸਿਆਂ ਦੀ ਜ਼ਰੂਰਤ ਨਹੀਂ ਉੱਥੇ ਅਭੈਯ ਦਾਨ ਦੀ ਗੱਲ ਕਹੀ ਹੈ। ਜਿੱਥੇ ਪੈਸਿਆਂ ਦਾ ਲੈਣ-ਦੇਣ ਹੈ, ਉੱਥੇ ਇਹ ਗਿਆਨ ਦਾਨ ਦਾ ਨਿਰਦੇਸ਼ ਹੈ ਅਤੇ ਸਧਾਰਨ ਸਥਿਤੀ, ਨਰਮ ਸਥਿਤੀ ਦੇ ਲੋਕਾਂ ਨੂੰ ਔਸ਼ਧ ਦਾਨ ਅਤੇ ਆਹਾਰ ਦਾਨ, ਇਹ ਦੋ ਹੀ ਕਹੇ ਹਨ।

ਚੌਥਾ ਅਭੈਯ ਦਾਨ। ਅਭੈਯ ਦਾਨ ਤਾਂ ਕਿਸੇ ਜੀਵ ਮਾਤਰ ਨੂੰ ਤ੍ਰਾਸ ਨਾ ਹੋਵੇ ਇਹੋ ਜਿਹਾ ਵਿਹਾਰ ਕਰਨਾ, ਉਹ ਹੈ ਅਭੈਯ ਦਾਨ!

**ਪ੍ਰਸ਼ਨਕਰਤਾ** : ਅੱਜ ਦੇ ਜ਼ਮਾਨੇ ਵਿੱਚ ਧਰਮ ਵਿੱਚ ਦੋ ਨੰਬਰ ਦਾ ਪੈਸਾ ਖਰਚ ਹੁੰਦਾ ਹੈ, ਤਾਂ ਕੀ ਇਸ ਨਾਲ ਲੋਕਾਂ ਨੂੰ ਪੁੰਨ ਮਿਲਦਾ ਹੈ ?

**ਦਾਦਾਸ੍ਰੀ** : ਜ਼ਰੂਰ ਹੁੰਦਾ ਹੈ ਨਾ! ਉਸ ਨੇ ਤਿਆਗ ਕੀਤਾ ਨਾ ਓਨਾ! ਆਪਣੇ ਕੋਲ ਆਏ ਹੋਏ ਦਾ ਤਿਆਗ ਕੀਤਾ ਨਾ! ਪਰ ਉਸ ਵਿੱਚ ਹੇਤੂ ਦੇ ਅਨੁਸਾਰ ਪੁੰਨ ਮਿਲੇਗਾ, ਹੇਤੂ ਵਾਲਾ! ਪੈਸੇ ਦਿੱਤੇ ਇਹ ਇੱਕ ਹੀ ਗੱਲ ਨਹੀਂ ਦੇਖੀ ਜਾਂਦੀ। ਪੈਸਿਆਂ ਦਾ ਤਿਆਗ ਕੀਤਾ ਇਹ ਨਿਰਵਿਵਾਦ ਹੈ। ਬਾਕੀ ਪੈਸਾ ਕਿੱਥੋਂ ਆਇਆ ? ਹੇਤੂ ਕੀ ਹੈ ? ਇਹ ਸਭ ਪਲੱਸ-ਮਾਈਨਸ ਹੋ ਕੇ ਜੋ ਬਾਕੀ ਰਹੇਗਾ, ਉਹ ਉਸਦਾ। ਉਸਦਾ ਹੇਤੂ ਕੀ ਹੈ ਕਿ ਸਰਕਾਰ ਲੈ ਜਾਵੇਗੀ, ਉਸਦੇ ਬਜਾਏ ਇਸ ਵਿੱਚ ਪਾ ਦਿਓ ਨਾ!

**ਪ੍ਰਸ਼ਨਕਰਤਾ** : ਲੋਕ ਲੱਛਮੀ ਦਾ ਸੰਗ੍ਰਹਿ ਕਰਕੇ ਰੱਖਦੇ ਹਨ, ਇਹ ਹਿੰਸਾ ਕਹਾਵੇਗੀ ਕਿ ਨਹੀਂ ?

**ਦਾਦਾਸ੍ਰੀ** : ਹਿੰਸਾ ਹੀ ਕਹਾਵੇਗੀ। ਸੰਗ੍ਰਹਿ ਕਰਨਾ ਇਹ ਹਿੰਸਾ ਹੈ। ਦੂਸਰੇ ਲੋਕਾਂ ਦੇ ਕੰਮ ਨਹੀਂ ਆਉਂਦੀ ਨਾ!

**ਪ੍ਰਸ਼ਨਕਰਤਾ** : ਕੁੱਝ ਪ੍ਰਾਪਤ ਕਰਨ ਦੀ ਇੱਛਾ ਨਾਲ ਜੋ ਦਾਨ ਕਰਦੇ ਹਨ, ਉਸ ਦੀ ਵੀ ਸ਼ਾਸਤਰਾਂ ਵਿੱਚ ਮਨਾਹੀ ਨਹੀਂ ਹੈ ? ਉਸ ਦੀ ਨਿੰਦਾ ਨਹੀਂ ਕੀਤੀ ਹੈ ?

**ਦਾਦਾਸ੍ਰੀ** : ਇਹੋ ਜਿਹੀ ਇੱਛਾ ਨਾ ਰੱਖਣਾ ਉੱਤਮ ਹੈ। ਇੱਛਾ ਰੱਖਣ 'ਤੇ ਤਾਂ ਉਹ ਦਾਨ ਨਿਰਮੂਲ ਹੋ ਗਿਆ, ਸਤਵਹੀਨ ਹੋ ਗਿਆ ਕਹਾਉਂਦਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਪੰਜ ਹੀ ਰੁਪਏ ਦਿਓ ਪਰ ਬਿਨਾਂ ਕਿਸੇ ਇੱਛਾ ਦੇ ਦਿਓ।

ਕੋਈ ਧਰਮ ਵਿੱਚ ਲੱਖ ਰੁਪਏ ਦਾਨ ਕਰਦਾ ਹੈ ਅਤੇ ਤਖ਼ਤੀ ਲਗਵਾਉਂਦਾ ਹੈ ਅਤੇ ਕੋਈ ਮਨੁੱਖ ਇੱਕ ਹੀ ਰੁਪਈਆ ਧਰਮ ਵਿੱਚ ਦੇਵੇ, ਪਰ ਗੁਪਤ ਰੂਪ ਵਿੱਚ ਦੇਵੇ, ਤਾਂ ਗੁਪਤ ਰੂਪ ਨਾਲ ਦਿੱਤਾ ਉਸ ਦੀ ਜ਼ਿਆਦਾ ਕੀਮਤ ਹੈ, ਫਿਰ ਬੇਸ਼ੱਕ ਹੀ ਇੱਕ ਰੁਪਈਆ ਹੀ ਕਿਉਂ ਨਾ ਦਿੱਤਾ ਹੋਵੇ। ਅਤੇ ਇਹ ਤਖ਼ਤੀ ਲਗਵਾਈ ਉਹ, ਉਸ ਨਾਲ ਤਾਂ 'ਬੈਲੇਂਸ ਸ਼ੀਟ' ਪੂਰੀ ਹੋ ਗਈ। ਜੋ ਧਰਮ ਦੇ ਨਾਮ 'ਤੇ ਦਿੱਤਾ ਉਸ ਦਾ ਬਦਲਾ ਉਸ ਨੇ ਤਖ਼ਤੀ ਲਗਵਾ ਕੇ ਲੈ ਲਿਆ ਅਤੇ ਜਿਸ ਨੇ ਇੱਕ ਹੀ ਰੁਪਈਆ ਪ੍ਰਾਈਵੇਟ ਵਿੱਚ ਦਿੱਤਾ ਹੋਵੇਗਾ ਪਰ ਉਸ ਦੀ ਵਸੂਲੀ ਨਹੀਂ ਕੀਤੀ, ਇਸ ਲਈ ਉਸ ਦਾ ਬੈਲੇਂਸ ਬਾਕੀ ਰਿਹਾ।

**ਪ੍ਰਸ਼ਨਕਰਤਾ** : ਪੁੰਨ ਦੇ ਉਦੈ ਨਾਲ ਜ਼ਰੂਰਤ ਤੋਂ ਜ਼ਿਆਦਾ ਲੱਛਮੀ ਦੀ ਪ੍ਰਾਪਤੀ ਹੋਵੇ ਤਾਂ ?

**ਦਾਦਾਸ੍ਰੀ** : ਤਾਂ ਖਰਚ ਕਰ ਦੇਣੀ ਚਾਹੀਦੀ ਹੈ। ਬੱਚਿਆਂ ਲਈ ਜ਼ਿਆਦਾ ਰੱਖਣੀ ਨਹੀਂ ਚਾਹੀਦੀ। ਉਹਨਾਂ ਨੂੰ ਪੜ੍ਹਾਉਣਾ-ਲਿਖਾਉਣਾ, ਸਭ ਕੰਪਲੀਟ (ਪੂਰਾ) ਕਰਕੇ ਉਹਨਾਂ ਨੂੰ ਨੌਕਰੀ 'ਤੇ ਲਗਾ ਦਿੱਤਾ ਤਾਂ ਫਿਰ ਉਹ ਕਮਾਉਣ ਲੱਗ ਗਏ, ਇਸ ਲਈ ਜ਼ਿਆਦਾ ਨਹੀਂ ਰੱਖਣੀ ਚਾਹੀਦੀ। ਥੋੜ੍ਹੇ-ਬਹੁਤ ਬੈਂਕ ਆਦਿ 'ਚ ਕਿਸੇ ਜਗ੍ਹਾ ਰੱਖ ਦੇਣਾ, ਦਸ-ਵੀਹ ਹਜ਼ਾਰ, ਤਾਂ ਕਦੇ ਮੁਸ਼ਕਿਲ ਆਉਣ 'ਤੇ ਉਸ ਨੂੰ ਦੇ ਦੇਣਾ। ਉਸ ਨੂੰ ਦੱਸਣਾ ਨਹੀਂ ਕਿ ਭਾਈ ਮੈਂ ਰੱਖੇ ਹੋਏ ਹਨ। ਵਰਨਾ ਮੁਸ਼ਕਿਲ ਵਿੱਚ ਨਹੀਂ ਆਉਂਦੇ ਹੋਣਗੇ ਫਿਰ ਵੀ ਆ ਜਾਣਗੇ।

ਇੱਕ ਆਦਮੀ ਨੇ ਮੈਨੂੰ ਪ੍ਰਸ਼ਨ ਪੁੱਛਿਆ ਕਿ, 'ਕੀ ਬੱਚਿਆਂ ਨੂੰ ਕੁੱਝ ਨਹੀਂ ਦੇਣਾ ਚਾਹੀਦਾ ?' ਮੈਂ ਕਿਹਾ, 'ਬੱਚਿਆਂ ਨੂੰ ਦੇਣਾ ਜ਼ਰੂਰ, ਸਾਡੇ ਪਿਤਾ ਜੀ ਨੇ ਜੋ ਸਾਨੂੰ

ਦਿੱਤਾ ਹੋਵੇ ਉਹ ਸਾਰਾ ਦੇ ਦੇਣਾ ਪਰ ਵਿਚਲਾ ਜੋ ਮਾਲ ਹੈ ਉਹ ਆਪਣਾ। ਉਸ ਨੂੰ ਅਸੀਂ ਆਪਣੀ ਮਰਜ਼ੀ ਨਾਲ ਧਰਮ ਦੇ ਨਾਮ 'ਤੇ ਦਾਨ ਵਿੱਚ ਖਰਚ ਕਰ ਦੇਈਏ।'

**ਪ੍ਰਸ਼ਨਕਰਤਾ** : ਸਾਡੇ ਵਕੀਲਾਂ ਦਾ ਕਾਨੂੰਨ ਵੀ ਇਹੀ ਕਹਿੰਦਾ ਹੈ ਕਿ ਬਾਪ-ਦਾਦਾ ਦੀ ਪ੍ਰਾਪਰਟੀ (ਜਾਇਦਾਦ) ਹੋਵੇ ਉਹ ਬੱਚਿਆਂ ਨੂੰ ਦੇਣੀ ਹੀ ਪਵੇਗੀ ਅਤੇ ਖੁਦ ਦੀ ਕਮਾਈ ਦਾ ਉਸ ਦੇ ਬਾਪ ਨੂੰ ਜੋ ਕਰਨਾ ਹੋਵੇ ਸੋ ਕਰੇ।

**ਦਾਦਾਸ਼੍ਰੀ** : ਹਾਂ, ਜੋ ਚਾਹੇ ਸੋ ਕਰੇ। ਆਪਣੇ ਹੱਥਾਂ ਨਾਲ ਹੀ ਕਰ ਲੈਣਾ ਚਾਹੀਦਾ ਹੈ! ਸਾਡਾ ਮਾਰਗ ਕੀ ਕਹਿੰਦਾ ਹੈ ਕਿ ਆਪਣਾ ਖੁਦ ਦਾ ਮਾਲ ਹੋਵੇ ਉਹ ਮਾਲ ਤੂੰ ਅਲੱਗ ਕਰਕੇ ਉਪਯੋਗ ਵਿੱਚ ਲੈ, ਤਾਂ ਉਹ ਤੇਰੇ ਨਾਲ ਆਵੇਗਾ। ਕਿਉਂਕਿ ਇਹ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਹੁਣ ਇੱਕ-ਦੋ ਅਵਤਾਰ ਬਾਕੀ ਰਹੇ ਹਨ, ਇਸ ਲਈ ਨਾਲ ਹੋਣਾ ਚਾਹੀਦਾ ਹੈ ਨਾ!

**ਪ੍ਰਸ਼ਨਕਰਤਾ** : ਅਗਲੇ ਜਨਮ ਦੇ ਪੁੰਨ ਦੇ ਉਪਾਰਜਨ ਲਈ ਇਸ ਜਨਮ ਵਿੱਚ ਕੀ ਕਰਨਾ ਚਾਹੀਦਾ ਹੈ ?

**ਦਾਦਾਸ਼੍ਰੀ** : ਇਸ ਜਨਮ ਵਿੱਚ ਜੋ ਪੈਸੇ ਆਉਣ, ਉਸਦਾ ਪੰਜਵਾਂ ਹਿੱਸਾ ਭਗਵਾਨ ਦੇ ਮੰਦਰ ਵਿੱਚ ਦਾਨ ਕਰਨਾ ਜਾਂ ਫਿਰ ਲੋਕਾਂ ਦੇ ਸੁੱਖ ਲਈ ਖਰਚ ਕਰਨਾ। ਅਰਥਾਤ ਓਨਾ ਤਾਂ ਉੱਥੇ ਓਵਰਡਰਾਫ਼ਟ ਪਹੁੰਚਿਆ! ਇਹ ਪਿਛਲੇ ਜਨਮ ਦਾ ਓਵਰਡਰਾਫ਼ਟ ਤਾਂ ਭੋਗ ਰਹੇ ਹੋ। ਇਸ ਜਨਮ ਦਾ ਪੁੰਨ ਹੈ, ਉਹ ਫਿਰ ਅੱਗੇ ਆਵੇਗਾ। ਅੱਜ ਦੀ ਕਮਾਈ ਅੱਗੇ ਕੰਮ ਆਵੇਗੀ।

## (8) ਲੱਛਮੀ ਅਤੇ ਧਰਮ

ਮੋਕਸ਼ ਮਾਰਗ ਵਿੱਚ ਦੋ ਚੀਜ਼ਾਂ ਨਹੀਂ ਹੋਣੀਆਂ ਚਾਹੀਦੀਆਂ। ਇਸਤਰੀ ਦੇ ਵਿਚਾਰ ਅਤੇ ਲੱਛਮੀ ਦੇ ਵਿਚਾਰ! ਜਿੱਥੇ ਇਸਤਰੀ ਦਾ ਵਿਚਾਰ ਮਾਤਰ ਵੀ ਹੋਵੇ ਉੱਥੇ ਧਰਮ ਨਹੀਂ ਹੁੰਦਾ ਅਤੇ ਲੱਛਮੀ ਦਾ ਵਿਚਾਰ ਮਾਤਰ ਵੀ ਹੋਏ ਉੱਥੇ ਵੀ ਧਰਮ ਨਹੀਂ ਹੁੰਦਾ। ਇਹ ਦੋਨਾਂ ਤਰ੍ਹਾਂ ਦੀ ਮਾਇਆ ਦੀ ਵਜ੍ਹਾ ਨਾਲ ਤਾਂ ਇਹ ਸੰਸਾਰ ਖੜ੍ਹਾ ਹੈ। ਇਸ ਲਈ ਉੱਥੇ ਧਰਮ ਦੀ ਖੋਜ ਕਰਨਾ ਭੁੱਲ ਹੈ।

ਜਦੋਂਕਿ ਹੁਣ ਲੱਛਮੀ ਦੇ ਬਿਨਾਂ ਕਿੰਨੇ ਕੇਂਦਰ ਚੱਲਦੇ ਹਨ ?

ਅਤੇ ਤੀਸਰਾ ਕੀ ? ਸਮਯਕ ਦ੍ਰਿਸ਼ਟੀ ਹੋਣੀ ਚਾਹੀਦੀ ਹੈ।

ਇਸ ਲਈ ਜਿੱਥੇ ਲੱਛਮੀ ਅਤੇ ਇਸਤਰੀ ਸਬੰਧ ਹੋਣ ਉੱਥੇ ਖੜ੍ਹੇ ਨਹੀਂ ਰਹਿਣਾ। ਸੋਚ-ਸਮਝ ਕੇ ਗੁਰੂ ਬਣਾਉਣਾ। ਲੀਕੇਜ ਵਾਲਾ (ਬਗੈਰ ਨਿਸ਼ਠਾ ਦਾ) ਹੋਵੇ ਤਾਂ ਨਾ ਬਣਾਉਣਾ।

ਜਿਸ ਦੀ ਸਭ ਪ੍ਰਕਾਰ ਦੀ ਭੀਖ ਮਿਟੇ ਉਸ ਨੂੰ ਗਿਆਨੀ ਦਾ ਪਦ ਪ੍ਰਾਪਤ ਹੁੰਦਾ ਹੈ। ਗਿਆਨੀ ਦਾ ਪਦ ਕਦੋਂ ਮਿਲਦਾ ਹੈ ? ਕਿੰਨੇ ਪ੍ਰਕਾਰ ਦੀ ਭੀਖ ਜਦੋਂ ਖਤਮ ਹੋ ਜਾਵੇ, ਲੱਛਮੀ ਦੀ ਭੀਖ, ਕੀਰਤੀ ਦੀ ਭੀਖ, ਵਿਸ਼ਿਆਂ ਦੀ ਭੀਖ, ਚੇਲਿਆਂ ਦੀ ਭੀਖ, ਮੰਦਰ ਬਣਾਉਣ ਦੀ ਭੀਖ, ਸਾਰੀ ਭੀਖ, ਭੀਖ ਅਤੇ ਭੀਖ ਹੈ!

ਇੱਕ ਆਦਮੀ ਮੈਨੂੰ ਪੁੱਛਦਾ ਹੈ ਕਿ, 'ਉਸ ਵਿੱਚ ਦੁਕਾਨਦਾਰ ਦਾ ਦੋਸ਼ ਹੈ ਜਾਂ ਗਾਹਕ ਦਾ ਦੋਸ਼ ?' ਮੈਂ ਕਿਹਾ, 'ਗਾਹਕ ਦਾ ਦੋਸ਼ ਹੈ!' ਦੁਕਾਨਦਾਰ ਤਾਂ ਭਲੇ ਕਿਵੇਂ ਦੀ ਵੀ ਦੁਕਾਨ ਪਾ ਕੇ ਬੈਠ ਜਾਵੇ, ਕੀ ਸਾਨੂੰ ਸਮਝਣਾ ਨਹੀਂ ਚਾਹੀਦਾ ?

ਸੰਤ ਪੁਰਸ਼ ਤਾਂ ਪੈਸੇ ਲੈਂਦੇ ਨਹੀਂ। ਦੁਖੀਆ ਹੈ ਇਸ ਲਈ ਤਾਂ ਉਹ ਤੁਹਾਡੇ ਕੋਲ ਆਇਆ ਅਤੇ ਉੱਪਰੋਂ ਉਸਦੇ ਸੌ ਖੋਹ ਲਏ! ਕਿਸੇ ਨੇ ਜੇ ਹਿੰਦੁਸਤਾਨ ਨੂੰ ਖਤਮ ਕੀਤਾ ਹੈ ਤਾਂ ਇਹੋ ਜਿਹੇ ਸੰਤਾਂ ਨੇ ਖਤਮ ਕੀਤਾ ਹੈ। ਸੰਤ ਤਾਂ ਉਸ ਦਾ ਨਾਂ ਕਹਾਵੇ ਕਿ ਜੋ ਆਪਣਾ ਸੁੱਖ ਦੂਸਰਿਆਂ ਨੂੰ ਵੰਡਦੇ ਹੋਣ, ਸੁੱਖ ਲੈਣ ਨਹੀਂ ਆਏ ਹੁੰਦੇ।

ਇਹ ਸੰਘ ਇੰਨਾ ਚੋਖਾ ਹੈ ਕਿ ਜਿਸ ਵਿੱਚ ਮੈਂ (ਦਾਦਾਜੀ) ਤਾਂ ਆਪਣੇ ਘਰ ਦੇ ਕੱਪੜੇ-ਧੋਤੀ ਪਹਿਨਦਾ ਹਾਂ। ਸੰਘ ਦੇ ਪਹਿਨਦਾ ਹੁੰਦਾ ਤਾਂ ਚਾਰ ਸੌ-ਚਾਰ ਸੌ ਦੇ ਵੀ ਮਿਲਣ ਨਾ ? ਓਏ, ਮੈਂ ਤਾਂ ਨਹੀਂ ਲੈਂਦਾ, ਪਰ ਇਹ ਭੈਣ ਜੀ (ਨੀਰੂਬੇਨ) ਵੀ ਨਹੀਂ ਲੈਂਦੇ! ਇਹ ਭੈਣ ਜੀ ਵੀ ਸਾਡੇ ਨਾਲ ਰਹਿੰਦੇ ਹਨ ਅਤੇ ਉਹ ਆਪਣੇ ਘਰ ਦੇ ਹੀ ਕੱਪੜੇ ਪਹਿਨਦੇ ਹਨ।

ਇਸ ਦੁਨੀਆਂ ਵਿੱਚ ਜਿੰਨੀ ਤੁਹਾਡੀ ਸਵੱਛਤਾ ਓਨੀ ਦੁਨੀਆਂ ਤੁਹਾਡੀ, ਤੁਸੀਂ ਮਾਲਕ ਹੋ ਇਸ ਦੁਨੀਆਂ ਦੇ! ਮੈਂ ਇਸ ਦੇਹ ਦਾ ਛੱਬੀ ਸਾਲ ਤੋਂ ਮਾਲਕ ਨਹੀਂ ਰਿਹਾ, ਇਸ ਲਈ ਸਾਡੀ ਸਵੱਛਤਾ ਸੰਪੂਰਨ ਰੂਪ ਤੋਂ ਹੈ। ਇਸ ਲਈ ਸਵੱਛ ਹੋ ਜਾਓ, ਸਵੱਛ!

ਸਵੱਛਤਾ ਯਾਨੀ ਇਸ ਦੁਨੀਆਂ ਦੀ ਕਿਸੇ ਵੀ ਚੀਜ਼ ਦੀ ਜਿਸ ਨੂੰ ਜ਼ਰੂਰਤ ਹੀ ਨਹੀਂ ਹੋਵੇ, ਭਿਖਾਰੀਪਨ ਹੀ ਨਹੀਂ ਹੋਵੇ!

ਹੁਣ ਵੀ ਪਛਤਾਵਾ ਕਰੋਗੇ ਤਾਂ ਇਸੇ ਦੇਹ ਨਾਲ ਪਾਪ ਭਸਮੀਭੂਤ ਕਰ ਸਕੋਗੇ। ਪਛਤਾਵੇ ਦੀ ਹੀ ਸਾਮਾਯਿਕ ਕਰੋ। ਕਿਸ ਦੀ ਸਾਮਾਯਿਕ ? ਪਛਤਾਵੇ ਦੀ ਸਾਮਾਯਿਕ, ਕਾਹਦਾ ਪਛਤਾਵਾ ? ਤਾਂ ਕਹੀਏ, ਮੈਂ ਲੋਕਾਂ ਤੋਂ ਗਲਤ ਪੈਸੇ ਲਏ ਹਨ। ਉਹ ਸਾਰੇ ਜਿਸ ਦੇ ਲਏ ਹੋਣ ਉਸ ਦਾ ਨਾਮ ਲੈ ਕੇ, ਉਸ ਦਾ ਚਿਹਰਾ ਯਾਦ ਕਰਕੇ, ਵਯਭਿਚਾਰ (ਕੁਕਰਮ) ਆਦਿ ਕੀਤਾ ਹੋਵੇ, ਦ੍ਰਿਸ਼ਟੀ ਵਿਗਾੜੀ ਹੋਵੇ, ਉਹ ਸਾਰੇ ਪਾਪ ਧੋਣਾ ਚਾਹੋ ਤਾਂ ਅਜੇ ਵੀ ਧੋ ਸਕਦੇ ਹੋ।

ਲੋਕਾਂ ਦਾ ਕਲਿਆਣ ਕਦੋਂ ਹੋਵੇਗਾ ? ਜਦੋਂ ਅਸੀਂ ਬਿਲਕੁਲ ਸਵੱਛ ਹੋ ਜਾਈਏ ਉਦੋਂ! ਪਿਓਰਿਟੀ (ਸ਼ੁੱਧਤਾ) ਹੀ ਸਭ ਨੂੰ, ਸਾਰੇ ਸੰਸਾਰ ਨੂੰ ਆਕਰਸ਼ਿਤ ਕਰੇਗੀ! ਪਿਓਰਿਟੀ!!! ਪਿਓਰ ਵਸਤੂ ਜਗਤ ਨੂੰ ਆਕਰਸ਼ਿਤ ਕਰਦੀ ਹੈ ਇਮਪਿਓਰਿਟੀ (ਅਸ਼ੁੱਧਤਾ) ਸੰਸਾਰ ਨੂੰ ਫਰੈਕਚਰ ਕਰ ਦਿੰਦੀ ਹੈ। ਇਸ ਲਈ ਪਿਓਰਿਟੀ ਲਿਆਓ।

**-ਜੈ ਸੱਚਿਦਾਨੰਦ**

## ਅੰਮ੍ਰਿਤ ਵੇਲੇ ਦੀ ਵਿਧੀ (ਪ੍ਰਭਾਤ ਵਿਧੀ)

1. ਸ੍ਰੀ ਸੀਮੰਧਰ ਸੁਆਮੀ ਨੂੰ ਨਮਸਕਾਰ ਕਰਦਾ ਹਾਂ। (5)
2. ਵਾਤਸਲਿਆ ਮੂਰਤੀ 'ਦਾਦਾ ਭਗਵਾਨ' ਨੂੰ ਨਮਸਕਾਰ ਕਰਦਾ ਹਾਂ। (5)
3. ਪ੍ਰਾਪਤ ਮਨ-ਵਚਨ-ਕਾਇਆ ਤੋਂ ਇਸ ਸੰਸਾਰ ਦੇ ਕਿਸੇ ਵੀ ਜੀਵ ਨੂੰ ਕਿਚਿੰਤਮਾਤਰ ਵੀ ਦੁੱਖ ਨਾ ਹੋ, ਨਾ ਹੋ, ਨਾ ਹੋ। (5)
4. ਕੇਵਲ ਸ਼ੁੱਧਾਤਮਾਨੁਭਵ ਤੋਂ ਇਲਾਵਾ ਇਸ ਸੰਸਾਰ ਦੀ ਕੋਈ ਵੀ ਵਿਨਾਸ਼ੀ ਚੀਜ਼ ਮੈਨੂੰ ਨਹੀਂ ਚਾਹੀਦੀ। (5)
5. ਪ੍ਰਗਟ ਗਿਆਨੀਪੁਰਖ ਦਾਦਾ ਭਗਵਾਨ ਦੀ ਆਗਿਆ ਵਿੱਚ ਨਿਰੰਤਰ ਰਹਿਣ ਦੀ ਪਰਮ ਸ਼ਕਤੀ ਪ੍ਰਾਪਤ ਹੋ, ਪ੍ਰਾਪਤ ਹੋ, ਪ੍ਰਾਪਤ ਹੋ। (5)
6. ਗਿਆਨੀਪੁਰਖ 'ਦਾਦਾ ਭਗਵਾਨ' ਦੇ ਵੀਤਰਾਗ ਵਿਗਿਆਨ ਦਾ ਯਥਾਰਥ ਰੂਪ ਵਿੱਚ, ਸੰਪੂਰਨ-ਸਰਵਾਂਗ ਰੂਪ ਵਿੱਚ ਕੇਵਲ ਗਿਆਨ, ਕੇਵਲ ਦਰਸ਼ਨ ਅਤੇ ਕੇਵਲ ਚਰਿੱਤਰ ਵਿੱਚ ਪਰਿਣਮਨ ਹੋ, ਪਰਿਣਮਨ ਹੋ, ਪਰਿਣਮਨ ਹੋ। (5)

## ਨੌਂ ਕਲਮਾਂ (ਭਾਵਨਾਵਾਂ)

1. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਦੇਹਧਾਰੀ ਜੀਵਾਤਮਾ ਦਾ ਕਿਚਿੰਤਮਾਤਰ ਵੀ ਅਹਮ ਨਾ ਦੁਭੇ (ਦੁਖੇ), ਨਾ ਦੁਭਾਇਆ (ਦੁਖਾਇਆ) ਜਾਏ ਜਾਂ ਦੁਭਾਉਣ (ਦੁਖਾਉਣ) ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

   ਮੈਨੂੰ, ਕਿਸੇ ਦੇਹਧਾਰੀ ਜੀਵਾਤਮਾ ਦਾ ਕਿਚਿੰਤਮਾਤਰ ਵੀ ਅਹਮ ਨਾ ਦੁਭੇ, ਇਹੋ ਜਿਹੀ ਸਿਆਦਵਾਦ ਬਾਣੀ, ਸਿਆਦਵਾਦ ਵਰਤਨ ਅਤੇ ਸਿਆਦਵਾਦ ਮਨਨ ਕਰਨ ਦੀ ਪਰਮ ਸ਼ਕਤੀ ਦਿਓ।

2. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਧਰਮ ਦਾ ਕਿਚਿੰਤਮਾਤਰ ਵੀ ਪ੍ਰਮਾਣ ਨਾ ਦੁਭੇ, ਨਾ ਦੁਭਾਇਆ ਜਾਏ ਜਾਂ ਦੁਭਾਉਣ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

   ਮੈਨੂੰ, ਕਿਸੇ ਵੀ ਧਰਮ ਦਾ ਕਿਚਿੰਤਮਾਤਰ ਵੀ ਪ੍ਰਮਾਣ ਨਾ ਦੁਭਾਇਆ ਜਾਏ ਇਹੋ ਜਿਹੀ ਸਿਆਦਵਾਦ ਬਾਣੀ, ਸਿਆਦਵਾਦ ਵਰਤਨ ਅਤੇ ਸਿਆਦਵਾਦ ਮਨਨ ਕਰਨ ਦੀ ਪਰਮ ਸ਼ਕਤੀ ਦਿਓ।

3. ਹੇ ਦਾਦਾ ਭਗਵਾਨ! ਮੈਨੂੰ, ਕਿਸੇ ਵੀ ਦੇਹਧਾਰੀ ਉਪਦੇਸ਼ਕ ਸਾਧੂ, ਸਾਧਵੀ ਜਾਂ ਆਚਾਰਿਆ ਦਾ ਅਵਰਣਵਾਦ, ਅਪਰਾਧ, ਅਵਿਨਯ ਨਾ ਕਰਨ ਦੀ ਪਰਮ ਸ਼ਕਤੀ ਦਿਓ।
4. ਹੇ ਦਾਦਾ ਭਗਵਾਨ! ਮੈਨੂੰ, ਕਿਸੇ ਵੀ ਦੇਹਧਾਰੀ ਜੀਵਾਤਮਾ ਦੇ ਪ੍ਰਤੀ ਕਿਚਿੰਤਮਾਤਰ ਵੀ ਅਭਾਵ, ਤਿਰਸਕਾਰ ਕਦੇ ਵੀ ਨਾ ਕੀਤਾ ਜਾਏ, ਨਾ ਕਰਵਾਇਆ ਜਾਵੇ ਜਾਂ ਕਰਤਾ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਏ, ਇਹੋ ਜਿਹੀ ਪਰਮ ਸ਼ਕਤੀ ਦਿਓ।
5. ਹੇ ਦਾਦਾ ਭਗਵਾਨ! ਮੈਨੂੰ, ਕਿਸੇ ਵੀ ਦੇਹਧਾਰੀ ਜੀਵਾਤਮਾ ਦੇ ਨਾਲ ਕਦੇ ਵੀ ਕਠੋਰ ਭਾਸ਼ਾ, ਤੰਤੀਲੀ ਭਾਸ਼ਾ ਨਾ ਬੋਲੀ ਜਾਵੇ, ਨਾ ਬੁਲਵਾਈ ਜਾਏ ਜਾਂ ਬੋਲਣ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

   ਕੋਈ ਕਠੋਰ ਭਾਸ਼ਾ, ਤੰਤੀਲੀ ਭਾਸ਼ਾ ਬੋਲੇ ਤਾਂ ਮੈਨੂੰ, ਮ੍ਰਿਦੂ-ਰਿਜੂ (ਮਿੱਠੀ) ਭਾਸ਼ਾ ਬੋਲਣ ਦੀ ਸ਼ਕਤੀ ਦਿਓ।
6. ਹੇ ਦਾਦਾ ਭਗਵਾਨ! ਮੈਨੂੰ, ਕਿਸੇ ਵੀ ਦੇਹਧਾਰੀ ਜੀਵਾਤਮਾ ਦੇ ਪ੍ਰਤੀ ਇਸਤਰੀ, ਪੁਰਸ਼ ਜਾਂ ਨਪੁੰਸਗ, ਕੋਈ ਵੀ ਲਿੰਗਧਾਰੀ ਹੋਵੇ, ਤਾਂ ਉਸ ਦੇ ਸਬੰਧ ਵਿੱਚ ਕਿਚਿੰਤਮਾਤਰ ਵੀ ਵਿਸ਼ੈ-ਵਿਕਾਰ ਸਬੰਧੀ ਦੋਸ਼, ਇੱਛਾਵਾਂ, ਚੇਸ਼ਠਾਵਾਂ ਜਾਂ ਵਿਚਾਰ ਸਬੰਧੀ ਦੋਸ਼ ਨਾ ਕੀਤੇ ਜਾਣ, ਨਾ ਕਰਵਾਏ ਜਾਣ ਜਾਂ ਕਰਤਾ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

   ਮੈਨੂੰ, ਨਿਰੰਤਰ ਨਿਰਵਿਕਾਰ ਰਹਿਣ ਦੀ ਪਰਮ ਸ਼ਕਤੀ ਦਿਓ।
7. ਹੇ ਦਾਦਾ ਭਗਵਾਨ! ਮੈਨੂੰ, ਕਿਸੇ ਵੀ ਰਸ ਵਿੱਚ ਲੁਬੱਧਤਾ ਨਾ ਹੋਵੇ ਇਹੋ ਜਿਹੀ ਸ਼ਕਤੀ ਦਿਓ।

   ਸਮਰਸੀ ਆਹਾਰ ਲੈਣ ਦੀ ਪਰਮ ਸ਼ਕਤੀ ਦਿਓ।
8. ਹੇ ਦਾਦਾ ਭਗਵਾਨ! ਮੈਨੂੰ, ਕਿਸੇ ਵੀ ਦੇਹਧਾਰੀ ਜੀਵਾਤਮਾ ਦਾ ਪ੍ਰਤੱਖ ਜਾਂ ਪਰੋਕਸ਼, ਜੀਵਿਤ ਜਾਂ ਮ੍ਰਿਤ, ਕਿਸੇ ਦਾ ਕਿਚਿੰਤਮਾਤਰ ਵੀ ਅਵਰਣਵਾਦ, ਅਪਰਾਧ, ਅਵਿਨਯ ਨਾ ਕੀਤਾ ਜਾਵੇ, ਨਾ ਕਰਵਾਇਆ ਜਾਵੇ ਜਾਂ ਕਰਤਾ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।
9. ਹੇ ਦਾਦਾ ਭਗਵਾਨ! ਮੈਨੂੰ, ਜਗਤ ਕਲਿਆਣ ਕਰਨ ਵਿੱਚ ਨਿਮਿਤ ਬਣਨ ਦੀ ਪਰਮ ਸ਼ਕਤੀ ਦਿਓ, ਸ਼ਕਤੀ ਦਿਓ, ਸ਼ਕਤੀ ਦਿਓ।

   **(ਇੰਨਾ ਤੁਸੀਂ ਦਾਦਾ ਭਗਵਾਨ ਤੋਂ ਮੰਗਿਆ ਕਰੋ। ਇਹ ਹਰ ਰੋਜ਼ ਮੰਤਰ ਦੀ ਤਰ੍ਹਾਂ ਪੜ੍ਹਨ ਦੀ ਚੀਜ਼ ਨਹੀਂ ਹੈ, ਹਿਰਦੇ ਵਿੱਚ ਰੱਖਣ ਦੀ ਚੀਜ਼ ਹੈ। ਇਹ ਹਰ ਰੋਜ਼ ਉਪਯੋਗ ਪੂਰਵਕ ਭਾਵਨਾ ਕਰਨ ਦੀ ਚੀਜ਼ ਹੈ। ਇੰਨੇ ਪਾਠ ਵਿੱਚ ਸਾਰੇ ਸ਼ਾਸਤਰਾਂ ਦਾ ਸਾਰ ਆ ਜਾਂਦਾ ਹੈ।)**

## ਦਾਦਾ ਭਗਵਾਨ ਫਾਊਂਡੇਸ਼ਨ ਦੁਆਰਾ ਪ੍ਰਕਾਸ਼ਿਤ ਪੰਜਾਬੀ ਅਤੇ ਹਿੰਦੀ ਪੁਸਤਕਾਂ

1. ਆਤਮ ਸਾਖ਼ਸ਼ਾਤਕਾਰ
2. ਮੌਤ ਸਮੇਂ, ਪਹਿਲਾਂ ਅਤੇ ਬਾਅਦ
3. ਭਾਵਨਾ ਨਾਲ ਸੁਧਰੇ ਜਨਮੋਂ-ਜਨਮ
4. ਦਾਨ
5. ਤ੍ਰਿਮੰਤਰ
6. ਕਰਮ ਦਾ ਸਿਧਾਂਤ
7. ਪ੍ਰਤੀਕ੍ਰਮਣ (ਸੰਖੇਪ ਗ੍ਰੰਥ)
8. ਹੋਇਆ ਸੋ ਨਿਆਂ
9. ਭੁਗਤੇ ਉਸੇ ਦੀ ਭੁੱਲ
10. ਅੰਤਹਕਰਣ ਦਾ ਸਰੂਪ
11. ਮੈਂ ਕੌਣ ਹਾਂ ?
12. ਮਾਨਵ ਧਰਮ
13. ਟਕਰਾਵ ਟਾਲ਼ੋ
14. ਚਿੰਤਾ
15. ਸੇਵਾ-ਪਰਉਪਕਾਰ
16. ਪਾਪ-ਪੁੰਨ
17. ਪੈਸਿਆਂ ਦਾ ਵਿਹਾਰ (ਸੰਖੇਪ ਗ੍ਰੰਥ)
18. ਜਗਤ ਕਰਤਾ ਕੌਣ ?
19. ਕਰੋਧ
20. ਐਡਜਸਟ ਐਵਰੀਵੇਅਰ

## दादा भगवान फाउन्डेशन के द्वारा प्रकाशित हिन्दी पुस्तकें

1. ज्ञानी पुरुष की पहचान
2. सर्व दुःखों से मुक्ति
3. आत्मबोध
4. दादा भगवान कौन ?
5. चमत्कार
6. प्रेम
7. समझ से प्राप्त ब्रह्मचर्य (सं, पू, उ)
8. निजदोष दर्शन से... निर्दोष
9. पति-पत्नी का दिव्य व्यवहार (सं)
10. क्लेश रहित जीवन
11. गुरु-शिष्य
12. अहिंसा
13. सत्य-असत्य के रहस्य
14. वर्तमान तीर्थंकर श्री सीमंधर स्वामी
15. माता-पिता और बच्चों का व्यवहार
16. वाणी, व्यवहार में... (सं)
17. कर्म का विज्ञान
18. सहजता
19. आप्तवाणी-1
20. आप्तवाणी-2
21. आप्तवाणी-3
22. आप्तवाणी-4
23. आप्तवाणी-5
24. आप्तवाणी-6
25. आप्तवाणी-7
26. आप्तवाणी-8
27. आप्तवाणी-9
28. आप्तवाणी-13 (पू, उ)
29. आप्तवाणी-14 (भाग-1, भाग-2)
30. ज्ञानी पुरुष (भाग-1)

**( सं - संक्षिप्त, ग्रं - ग्रंथ, पू - पूर्वार्ध, उ - उत्तरार्ध )**

- दादा भगवान फाउन्डेशन के द्वारा गुजराती भाषा में भी कई पुस्तकें प्रकाशित हुई हैं। वेबसाइट www.dadabhagwan.org पर से भी आप ये पुस्तकें प्राप्त कर सकते हैं।
- दादा भगवान फाउन्डेशन के द्वारा हर महीने हिन्दी, गुजराती तथा अंग्रेज़ी भाषा में ''दादावाणी'' मैगज़ीन प्रकाशित होती है।

# ਸੰਪਰਕ ਸੂਤਰ

## ਦਾਦਾ ਭਗਵਾਨ ਪਰਿਵਾਰ


**ਅਡਾਲਜ** : **ਤ੍ਰਿਮੰਦਰ**, ਸੀਮੰਧਰ ਸਿਟੀ, ਅਹਿਮਦਾਬਾਦ-ਕਲੋਲ ਹਾਈਵੇ,
ਪੋਸਟ : ਅਡਾਲਜ, ਜ਼ਿਲ੍ਹਾ - ਗਾਂਧੀਨਗਰ,
ਗੁਜਰਾਤ - 382421
**ਫੋਨ** : 9328661166, 9328661177
E-mail : info@dadabhagwan.org

**ਮੁੰਬਈ** : ਤ੍ਰਿਮੰਦਰ, ਰਿਸ਼ੀਵਨ, ਕਾਜੁਪਾਡਾ, ਬੋਰੀਵਲੀ (E)
ਫੋਨ : 9323528901

| | | | |
|---|---|---|---|
| **ਦਿੱਲੀ** | : 9810098564 | **ਬੰਗਲੁਰੂ** | : 9590979099 |
| **ਕੋਲਕਾਤਾ** | : 9830080820 | **ਹੈਦਰਾਬਾਦ** | : 9885058771 |
| **ਚੇਨੱਈ** | : 7200740000 | **ਪੁਣੇ** | : 7218473468 |
| **ਜੈਪੁਰ** | : 8890357990 | **ਜਲੰਧਰ** | : 9814063043 |
| **ਭੋਪਾਲ** | : 6354602399 | **ਚੰਡੀਗੜ੍ਹ** | : 9780732237 |
| **ਇੰਦੌਰ** | : 6354602400 | **ਕਾਨਪੁਰ** | : 9452525981 |
| **ਰਾਏਪੁਰ** | : 9329644433 | **ਸਾਂਗਲੀ** | : 9423870798 |
| **ਪਟਨਾ** | : 7352723132 | **ਭੁਵਨੇਸ਼ਵਰ** | : 8763073111 |
| **ਅਮਰਾਵਤੀ** | : 9422915064 | **ਵਾਰਾਣਸੀ** | : 9795228541 |

**U.S.A.** : **DBVI Tel. :** +1 877-505-DADA (3232),
**Email :** info@us.dadabhagwan.org
**U.K.** : +44 330-111-DADA (3232)
**Kenya** : +254 722 722 063
**UAE** : +971 557316937
**Dubai** : +971 501364530
**Australia** : +61 421127947
**New Zealand** : +64 21 0376434
**Singapore** : +65 81129229

**www.dadabhagwan.org**



## ਦਾਦਾਸ਼੍ਰੀ ਦਾ ਗਣਿਤ

ਮੈਂ ਪੈਸਿਆਂ ਦਾ ਹਿਸਾਬ ਲਗਾਇਆ ਸੀ। ਜੇਕਰ ਅਸੀਂ ਪੈਸਾ ਵਧਾਇਆ ਕਰੀਏ ਤਾਂ ਕਿੱਥੋਂ ਤੱਕ ਜਾਵਾਂਗੇ ? ਫਿਰ ਮੈਂ ਪੈਸਿਆਂ ਦਾ ਹਿਸਾਬ ਕੱਢਿਆ ਕਿ ਇੱਥੇ ਇਸ ਦੁਨੀਆਂ ਵਿੱਚ ਕਿਸੇ ਦਾ ਪਹਿਲਾ ਨੰਬਰ ਨਹੀਂ ਆਇਆ ਹੈ। ਲੋਕ ਕਹਿੰਦੇ ਹਨ ਕਿ "ਫੋਰਡ ਦਾ ਨੰਬਰ ਪਹਿਲਾ ਹੈ।" ਪਰ ਚਾਰ ਸਾਲ ਬਾਅਦ ਕਿਸੇ ਦੂਸਰੇ ਦਾ ਨਾਮ ਸੁਣਨ ਨੂੰ ਆਉਂਦਾ ਹੈ। ਅਰਥਾਤ ਕਿਸੇ ਦਾ ਨੰਬਰ ਟਿਕਦਾ ਨਹੀਂ ਹੈ। ਬਿਨਾਂ ਵਜ੍ਹਾ ਇੱਥੇ ਭੱਜ-ਦੌੜ ਕਰੀਏ, ਉਸਦਾ ਕੀ ਅਰਥ ਹੈ ? ਪਹਿਲੇ ਘੋੜੇ ਨੂੰ ਇਨਾਮ ਮਿਲੇਗਾ, ਦੂਸਰੇ-ਤੀਸਰੇ ਨੂੰ ਥੋੜ੍ਹੇ ਹੀ ਮਿਲੇਗਾ ਅਤੇ ਚੌਥੇ ਨੇ ਤਾਂ ਦੌੜ-ਦੌੜ ਕੇ ਮਰ ਜਾਣਾ ਹੈ! ਮੈਂ ਕਿਹਾ, "ਇਸ ਰੇਸਕੋਰਸ ਵਿੱਚ ਮੈਂ ਕਿਉਂ ਉਤਰਾਂ ?" ਇਹ ਲੋਕ ਤਾਂ ਚੌਥਾ, ਪੰਜਵਾਂ, ਬਾਹਰਵਾਂ, ਜਾਂ ਸੌਵਾਂ ਨੰਬਰ ਦੇਣਗੇ। ਤਾਂ ਅਸੀਂ ਕਿਸ ਲਈ ਦੌੜ-ਦੌੜ ਕੇ ਹੰਭ ਕੇ ਮਰੀਏ ? ਹੰਭ-ਹੰਭ ਕੇ ਹਾਰਦੇ ਨਹੀਂ ਲੋਕ ? ਪਹਿਲਾ ਆਉਣ ਲਈ ਦੌੜਿਆ ਅਤੇ ਆਇਆ ਬਾਹਰਵਾਂ, ਫਿਰ ਕੋਈ ਚਾਹ ਵੀ ਨਹੀਂ ਪਿਲਾਉਂਦਾ। ਤੁਹਾਨੂੰ ਕੀ ਲੱਗਦਾ ਹੈ ?

— ਦਾਦਾਸ਼੍ਰੀ

मूल दीपक से प्रकटे दीपमाला

dadabhagwan.org

ISBN 978-93-90664-54-2
9 789390 664542
Printed in India
Price ₹40